ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 225| 29 April to 5 May 2026 | Ph.: (510) 240-5949 | Email: asrtimes@gmail.com

ਪੰਜਾਬ ਦੇ 'ਆਪ' ਸਾਂਸਦਾਂ 'ਚ ਵੱਧਦੀ ਬੇਚੈਨੀ

ਕੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜ਼ਮੀਨੀ ਹਕੀਕਤ ਨਾਲ ਨਾਤਾ ਗੁਆ ਰਹੀ ਹੈ ?

ਅੰਮ੍ਰਿਤਸਰ ਟਾਈਮਜ਼ ਬਿਊਰੋ

ਆਮ ਆਦਮੀ ਪਾਰਟੀ ਆਪਣੇ ਸੱਤ ਰਾਜ ਸਭਾ ਮੈਂਬਰਾਂ ਰਾਘਵ ਚੱਢਾ, ਅਸ਼ੋਕ ਮਿੱਤਲ, ਹਰਭਜਨ ਸਿੰਘ, ਸੰਦੀਪ ਪਾਠਕ, ਵਿਕਰਮਜੀਤ ਸਾਹਨੀ, ਸਵਾਤੀ ਮਾਲੀਵਾਲ ਅਤੇ ਰਾਜਿੰਦਰ ਗੁਪਤਾ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਕਾਰਨ ਲੱਗੇ ਵੱਡੇ ਸਿਆਸੀ ਝਟਕੇ ਤੋਂ ਉਭਰਨ ਦਾ ਯਤਨ ਕਰਨ ਲੱਗੀ ਹੈ ਪਰ ਇਸ ਘਟਨਾਕ੍ਰਮ ਕਾਰਨ ਦੋ ਵੱਡੇ ਸਵਾਲ ਖੜੇ ਹੋ ਗਏ ਹਨ ਕਿ ਕੀ ਪੰਜਾਬ ਦੇ ਸੰਸਦ ਮੈਂਬਰਾਂ 'ਚ ਬੇਚੈਨੀ ਵੱਧ ਰਹੀ ਹੈ ? ਅਤੇ ਕੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜ਼ਮੀਨੀ ਹਕੀਕਤ ਨਾਲ ਨਾਤਾ ਗੁਆ ਰਹੀ ਹੈ ? ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਉਹ ਕਿਹੜੇ ਕਾਰਨ ਹਨ ? ਜਿਨ੍ਹਾਂ ਕਾਰਨ ਆਮ ਆਦਮੀ ਪਾਰਟੀ ਦੇ 10 ਰਾਜ ਸਭਾ ਮੈਂਬਰਾਂ ਵਿਚੋਂ ਸੱਤ ਪਾਰਟੀ ਨੂੰ ਅਲਵਿਦਾ ਕਹਿ ਗਏ ?

ਸੱਤ ਰਾਜ ਸਭਾ ਮੈਂਬਰਾਂ ਦੇ ਬਾਗੀ ਹੋ ਕੇ ਭਾਜਪਾ ਵਿੱਚ ਜਾਣ ਨਾਲ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ 'ਤੇ ਵੱਡੇ ਸਵਾਲ ਖੜੇ ਹੋ ਰਹੇ ਹਨ। ਸੀਨੀਅਰ ਲੀਡਰਸ਼ਿਪ ਦੀ ਗੱਲ ਕਰੀਏ ਤਾਂ ਸਿਆਸੀ ਮਾਹਿਰ ਆਮ ਆਦਮੀ ਪਾਰਟੀ ਵਿੱਚ ਸਭ ਤੋਂ ਵੱਡੇ ਚਿਹਰੇ ਅਰਵਿੰਦ ਕੇਜਰੀਵਾਲ ਤੋਂ ਬਾਅਦ ਭਗਵੰਤ ਮਾਨ ਨੂੰ ਮੰਨਦੇ ਹਨ, ਕਿਉਂਕਿ ਭਗਵੰਤ ਮਾਨ ਮੌਜੂਦਾ ਮੁੱਖ ਮੰਤਰੀ ਹਨ।

ਅਜਿਹੇ ਵਿੱਚ ਲੀਡਰਸ਼ਿਪ 'ਤੇ ਆਪਣੇ ਹੀ ਕੁਝ ਲੀਡਰਾਂ ਨੂੰ ਅਣਗੌਲਿਆ ਕਰਨ ਦੇ ਜੋ ਇਲਜ਼ਾਮ ਹੁਣ ਲਗਾਏ ਜਾ ਰਹੇ ਹਨ, ਉਨ੍ਹਾਂ ਦਾ ਸਿਆਸੀ ਤੌਰ 'ਤੇ ਕੀ ਅਸਰ ਪਵੇਗਾ ? ਆਮ ਆਦਮੀ ਪਾਰਟੀ ਕੀ ਇਸ ਨੂੰ ਸੰਤੁਲਿਤ ਕਰ ਵੀ ਸਕੇਗੀ ਜਾਂ ਹੋਰ ਉਥਲ-ਪੁਥਲ ਹੋਵੇਗੀ ?

ਜ਼ਿਕਰਯੋਗ ਹੈ ਕਿ 'ਆਪ' ਦੇ ਸੱਤ ਰਾਜ ਸਭਾ ਮੈਂਬਰਾਂ ਨੇ ਆਮ ਆਦਮੀ ਪਾਰਟੀ ਛੱਡ ਦਿੱਤੀ ਸੀ, ਜਿਸ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਹਲਚਲ ਤੇਜ਼ ਹੋ ਗਈ ਸੀ। ਪਾਰਟੀ ਛੱਡਣ ਵਾਲੇ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ 'ਆਪ' ਦੀ ਅੰਦਰੂਨੀ ਫੁੱਟ ਅਤੇ ਸੀਨੀਅਰ ਲੀਡਰਸ਼ਿਪ ਵੱਲੋਂ ਆਗੂਆਂ ਨੂੰ ਨਜ਼ਰਅੰਦਾਜ਼ ਕਰਨ ਦੇ ਇਲਜ਼ਾਮ ਲਗਾਏ ਸਨ।

ਹੁਣ ਵੱਡਾ ਸਵਾਲ ਇਹ ਵੀ ਖੜਾ ਹੋ ਰਿਹਾ ਹੈ ਕਿ ਕੀ ਇਸ ਘਟਨਾਕਰਮ ਦਾ ਅਸਰ ਵਿਧਾਨ ਸਭਾ ਚੋਣਾਂ 'ਤੇ ਪਵੇਗਾ ? ਸਿਆਸੀ ਮਾਮਲਿਆਂ ਦੇ ਮਾਹਿਰ ਪ੍ਰੋਫੈਸਰ ਮੁਹੰਮਦ ਖ਼ਾਲਿਦ ਕਹਿੰਦੇ ਹਨ ਕਿ ਇਸ ਬਗ਼ਾਵਤ ਦਾ ਅਸਰ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲੇਗਾ। ਮੁਹੰਮਦ ਖਾਲਿਦ ਕਹਿੰਦੇ ਹਨ, 'ਦਲ ਬਦਲਣ ਵਾਲਿਆਂ ਤੋਂ ਬਾਅਦ ਹੁਣ ਜੋ 'ਆਪ' ਵਿੱਚ ਰਹਿ ਗਏ ਹਨ, ਖ਼ਾਸ ਕਰਕੇ ਪੰਜਾਬ ਦੀ ਲੀਡਰਸ਼ਿਪ ਵਿੱਚ, ਲੋਕ ਵੋਟਾਂ ਵੇਲੇ ਉਨ੍ਹਾਂ ਤੋਂ ਇਹ ਸਵਾਲ ਕਰਨਗੇ ਕਿ ਜਦੋਂ ਆਮ ਆਦਮੀ ਪਾਰਟੀ ਦੇ ਆਗੂ ਹੀ ਦਲ ਬਦਲ ਲੈਂਦੇ ਹਨ ਤਾਂ ਅਸੀਂ ਇਨ੍ਹਾਂ ਦੇ ਐੱਮ.ਐਲ.ਏ. ਜਾਂ ਐੱਮ.ਪੀ. ਨੂੰ ਕਿਉਂ ਜਿਤਾਈਏ ?'

ਕੀ 'ਆਪ' ਦੇ ਵਿਧਾਇਕ ਵੀ ਭਾਜਪਾ ਦੇ ਸੰਪਰਕ 'ਚ ?

ਪੱਤਰਕਾਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਬੁਲਾਰੇ ਨੀਲ ਗਰਗ ਤੋਂ ਇਹ ਪੁੱਛਿਆ ਗਿਆ ਕਿ ਦਾਅਵੇ ਕੀਤਾ ਜਾ ਰਹੇ ਹਨ ਕੀ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕ ਭਾਜਪਾ ਦੇ ਸੰਪਰਕ ਵਿੱਚ ਹਨ, ਤਾਂ ਉਨ੍ਹਾਂ ਨੇ ਕਿਹਾ, 'ਇਹ ਸਿਰਫ਼ ਪਾਰਟੀ ਨੂੰ ਕਮਜ਼ੋਰ ਕਰਨ ਲਈ ਫੈਲਾਈ ਜਾ ਰਹੀ ਸਾਜ਼ਿਸ਼ ਹੈ ਅਤੇ ਅਜਿਹਾ ਕੁਝ ਵੀ ਨਹੀਂ ਹੈ। ਸਾਰੇ ਵਿਧਾਇਕ ਪਾਰਟੀ ਨਾਲ ਖੜ੍ਹੇ ਹਨ।'

ਆਨੰਦਪੁਰ ਸਾਹਿਬ ਤੋਂ 'ਆਪ' ਦੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਪਾਰਟੀ ਛੱਡਣ ਵਾਲੇ ਆਗੂਆਂ ਨੇ ਇਹ ਕਦਮ ਲੋਕ ਹਿੱਤ ਵਿੱਚ ਨਹੀਂ, ਸਗੋਂ ਆਪਣੇ ਨਿੱਜੀ ਫਾਇਦੇ ਲਈ ਚੁੱਕਿਆ ਹੈ। ਬਾਗ਼ੀ ਆਗੂਆਂ ਦੇ ਦਲ-ਬਦਲਣ ਦੇ ਕਾਰਨਾਂ 'ਤੇ ਸਵਾਲ ਉਠਾਉਂਦਿਆਂ ਕੰਗ ਨੇ ਕਿਹਾ, 'ਇਹ ਆਗੂ ਈ.ਡੀ. ਅਤੇ ਹੋਰ ਕੇਂਦਰੀ ਏਜੰਸੀਆਂ ਦੀ ਜਾਂਚ ਤੋਂ ਡਰ ਗਏ ਸਨ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਬਣਾਏ ਜਾ ਰਹੇ ਦਬਾਅ ਅੱਗੇ ਇਨ੍ਹਾਂ ਆਗੂਆਂ ਨੇ ਗੋਡੇ ਟੇਕ ਦਿੱਤੇ ਹਨ।'

ਉਹ ਕਹਿੰਦੇ ਹਨ, 'ਆਮ ਆਦਮੀ ਪਾਰਟੀ ਨੇ ਪੰਜਾਬ ਦੇ ਨਾਲ ਸਭ ਤੋਂ ਵੱਡਾ ਧੋਖਾ ਕੀਤਾ ਜਾਂ ਉਨ੍ਹਾਂ ਤੋਂ ਵੱਡੀ ਰਾਜਨੀਤਕ ਭੁੱਲ ਹੋਈ ਹੈ ਕਿ ਅਜਿਹੇ ਬੰਦੇ ਸੰਸਦ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਭੇਜੇ ਜਿਨ੍ਹਾਂ ਦਾ ਪੰਜਾਬ ਦੇ ਮੁੱਦਿਆਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਿਹੜੇ ਵੀ ਨੁਮਾਇੰਦੇ ਉੱਥੇ ਭੇਜੇ ਹਨ, ਉਨ੍ਹਾਂ ਵਿੱਚ ਬਿਜਨਸਮੈਨ ਜਾਂ ਫਿਰ ਦਿੱਲੀ ਵਿੱਚ ਰਹਿੰਦੇ ਸਿਆਸੀ ਚਿਹਰੇ ਸ਼ਾਮਲ ਸਨ।' ਸਿਆਸੀ ਮਾਮਲਿਆਂ ਦੇ ਮਾਹਰ ਜਗਰੂਪ ਸਿੰਘ ਸੇਖੋਂ ਨੇ ਫੋਨ 'ਤੇ ਗੱਲ ਕਰਦਿਆਂ ਬੀਬੀਸੀ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਕੋਲ ਨਾ ਮਜ਼ਬੂਤ ਢਾਂਚਾ ਹੈ ਅਤੇ ਨਾ ਹੀ ਵਧੀਆ ਲੀਡਰਸ਼ਿਪ। ਉਹ ਕਹਿੰਦੇ ਹਨ, 'ਉਨ੍ਹਾਂ ਦੇ ਵਿਧਾਇਕ ਪਹਿਲਾਂ ਹੀ ਕਿਸੇ ਨਾ ਕਿਸੇ ਵਿਵਾਦ ਵਿੱਚ ਫਸੇ ਰਹਿੰਦੇ ਹਨ। ਇਸ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ 'ਆਪ' ਇਸ ਸਿਆਸੀ ਖ਼ਤਰੇ ਨੂੰ ਸੰਭਾਲ ਵੀ ਸਕੇਗੀ ਜਾਂ ਨਹੀਂ।'

ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪਾਰਟੀ ਕੋਲ ਮਜ਼ਬੂਤ ਢਾਂਚਾ ਅਤੇ ਮਜ਼ਬੂਤ ਸਿਆਸੀ ਜਥੇਬੰਦੀ ਹੋਣੀ ਚਾਹੀਦੀ ਹੈ। ਸਿਆਸੀ ਮਾਹਰ ਗੁਰਦਰਸ਼ਨ ਸਿੰਘ ਢਿੱਲੋਂ ਨੇ ਵੀ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਨੇ ਕਿਹਾ, 'ਅਜਿਹਾ ਲੱਗਦਾ ਹੈ ਜਿਵੇਂ ਇਹ ਇੱਕ ਪਾਰਟੀ ਨਹੀਂ, ਸਗੋਂ ਸਿਰਫ਼ ਇੱਕ ਇਕੱਠ ਹੋਵੇ। ਜੋ ਰਾਜ ਸਭਾ ਦੇ ਮੈਂਬਰ ਪਾਰਟੀ ਛੱਡ ਕੇ ਗਏ ਹਨ, ਉਨ੍ਹਾਂ ਤੋਂ ਹੀ ਪਤਾ ਲੱਗਦਾ ਹੈ ਕਿ ਪਾਰਟੀ ਦੇ ਅੰਦਰੂਨੀ ਹਾਲਾਤ ਕੀ ਹਨ।'

ਸਿਆਸੀ ਮਾਹਰ ਜਗਰੂਪ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਜਾਣ ਨਾਲ ਸਭ ਤੋਂ ਵੱਡਾ ਲਾਭ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੋਇਆ ਹੈ। ਉਨ੍ਹਾਂ ਦੇ ਮੁਤਾਬਕ ਪਾਰਟੀ ਵਿੱਚ ਹੁਣ ਭਗਵੰਤ ਮਾਨ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ।

ਆਮ ਜਨਤਾ ਨਾਲ ਜੁੜੇ ਹੋਏ ਹਨ 'ਆਪ' ਵਿਧਾਇਕ: ਸਿਸੋਦੀਆ

ਭਾਜਪਾ ਨੂੰ ਦੱਸਿਆ ਗੱਦਾਰਾਂ ਨਾਲ ਭਰੀ ਪਾਰਟੀ

ਜਲੰਧਰ/ਏ.ਟੀ.ਨਿਊਜ਼: ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪਾਰਟੀ ਦੇ ਵਿਧਾਇਕ ਸਿਰਫ਼ ਜਨਤਾ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਕਿਸੇ ਵੀ (ਪਾਰਟੀ ਛੱਡ ਚੁੱਕੇ) ਸੰਸਦ ਮੈਂਬਰ ਜਾਂ ਦੂਜੀ ਪਾਰਟੀ ਦੇ ਆਗੂਆਂ ਦੇ ਸੰਪਰਕ ਵਿੱਚ ਨਹੀਂ ਹਨ। ਇਸ ਦੇ ਨਾਲ ਹੀ ਸਿਸੋਦੀਆ ਨੇ ਭਾਜਪਾ 'ਤੇ ਤਿੱਖਾ ਨਿਸ਼ਾਨਾ ਸੇਧਦਿਆਂ ਉਸ ਨੂੰ ਗੱਦਾਰਾਂ ਦੀ ਪਾਰਟੀ ਦੱਸਿਆ ਅਤੇ ਲੋਕਾਂ ਨੂੰ ਭਾਜਪਾ ਦੀਆਂ ਗੱਲਾਂ ਵੱਲ ਧਿਆਨ ਨਾ ਦੇਣ ਦੀ ਸਲਾਹ ਦਿੱਤੀ।

ਸਿਸੋਦੀਆ ਨੇ ਇਹ ਟਿੱਪਣੀਆਂ ਜਲੰਧਰ ਦੇ ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਵਿੱਚ ਹੋਈ 'ਆਪ' ਦੀ ਵੱਡੀ ਬਲਾਕ ਆਬਜ਼ਰਵਰ ਮੀਟਿੰਗ ਦੌਰਾਨ ਮੀਡੀਆ ਨਾਲ ਗੱਲਬਾਤ ਦੌਰਾਨ ਕੀਤੀਆਂ। ਉਨ੍ਹਾਂ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਹਾਲ ਹੀ ਵਿੱਚ 'ਆਪ' ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਇਸ ਮੀਟਿੰਗ ਤੋਂ ਪਹਿਲਾਂ 'ਆਪ' ਆਗੂਆਂ ਨੇ ਭਾਜਪਾ ਵਿੱਚ ਗਏ ਇਨ੍ਹਾਂ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫ਼ਤਰਾਂ ਦੇ ਬਾਹਰ ਪ੍ਰਦਰਸ਼ਨ ਕੀਤੇ ਸਨ ਅਤੇ ਘਰਾਂ ਦੀਆਂ ਕੰਧਾਂ ਉੱਤੇ ਗੱਦਾਰ ਵੀ ਲਿਖ ਦਿੱਤਾ ਸੀ।

ਜਦੋਂ ਸਿਸੋਦੀਆ ਤੋਂ ਪੁੱਛਿਆ ਗਿਆ ਕਿ ਕੀ 'ਆਪ' ਵਿਧਾਇਕ ਦੂਜੀਆਂ ਪਾਰਟੀਆਂ ਨਾਲ ਸੰਪਰਕ ਵਿੱਚ ਹਨ, ਤਾਂ ਉਨ੍ਹਾਂ ਜਵਾਬ ਦਿੱਤਾ, "ਸਾਡੇ ਵਿਧਾਇਕ ਹਰ ਕਿਸੇ ਦੇ ਸੰਪਰਕ ਵਿੱਚ ਹਨ, ਪਰ ਉਹ ਮੁੱਖ ਤੌਰ 'ਤੇ ਜਨਤਾ ਦੇ ਸੰਪਰਕ ਵਿੱਚ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਚੁਣਿਆ ਹੈ। ਉਨ੍ਹਾਂ ਨੇ ਪਿਛਲੇ ਚਾਰ ਸਾਲਾਂ ਤੋਂ ਜਨਤਾ ਲਈ ਦਿਨ-ਰਾਤ ਮਿਹਨਤ ਕੀਤੀ ਹੈ ਅਤੇ ਅਗਲੇ ਇੱਕ ਸਾਲ ਵੀ ਇਸੇ ਤਰ੍ਹਾਂ ਸੇਵਾ ਕਰਦੇ ਰਹਿਣਗੇ।

ਜਦੋਂ ਸਿਸੋਦੀਆ ਤੋਂ ਇੱਕ ਸਵਾਲ ਵਿੱਚ ਪੁੱਛਿਆ ਗਿਆ ਕਿ ਕੀ ਪਾਰਟੀ ਛੱਡਣ ਵਾਲੇ ਸੰਸਦ ਮੈਂਬਰਾਂ ਜਿਵੇਂ ਰਾਘਵ ਚੱਢਾ ਜਾਂ ਸੰਦੀਪ ਪਾਠਕ ਦੇ ਕਰੀਬੀ ਆਗੂ ਵੀ 'ਆਪ' ਨੂੰ ਅਲਵਿਦਾ ਕਹਿ ਸਕਦੇ ਹਨ, ਤਾਂ ਉਨ੍ਹਾਂ ਕਿਹਾ, "ਆਮ ਆਦਮੀ ਪਾਰਟੀ ਦਾ ਵਰਕਰ ਕਿਸੇ ਇੱਕ ਆਗੂ ਜਾਂ ਵਿਧਾਇਕ ਪਿੱਛੇ ਨਹੀਂ ਚੱਲਦਾ, ਸਗੋਂ ਉਹ ਸਰਕਾਰ ਦੇ ਕੰਮਾਂ ਨੂੰ ਦੇਖਦਾ ਹੈ। ਉਹ ਦੇਖਦਾ ਹੈ ਕਿ ਸਰਕਾਰ ਸਿਹਤ, ਨੌਕਰੀਆਂ, ਬਿਜਲੀ ਅਤੇ ਕਿਸਾਨਾਂ ਲਈ ਚੰਗੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ 'ਆਪ' ਨੇ ਕੁਝ ਹੀ ਸਾਲਾਂ ਵਿੱਚ ਉਹ ਕੰਮ ਕਰ ਦਿੱਤੇ ਹਨ, ਜੋ ਦੂਜੀਆਂ ਸਰਕਾਰਾਂ 75 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ ਸਨ।

'ਆਪ' ਆਗੂਆਂ ਦੇ ਚੱਢਾ ਅਤੇ ਪਾਠਕ ਦੇ ਸੰਪਰਕ ਵਿੱਚ ਹੋਣ ਦੇ ਭਾਜਪਾ ਦੇ ਦਾਅਵਿਆਂ ਦਾ ਜਵਾਬ ਦਿੰਦਿਆਂ ਸਿਸੋਦੀਆ ਨੇ ਕਿਹਾ, "ਭਾਜਪਾ ਇੱਕ ਬਹੁਤ ਹੀ ਘਟੀਆ ਪਾਰਟੀ ਹੈ, ਜੋ ਝੂਠ ਬੋਲਦੀ ਹੈ। ਉਨ੍ਹਾਂ ਦੀ ਗੱਲ ਨਾ ਸੁਣੋ। ਇਹ ਗੱਦਾਰਾਂ ਨਾਲ ਭਰੀ ਪਾਰਟੀ ਹੈ। ਇਹ ਸਿਰਫ਼ ਦੇਸ਼ ਅਤੇ ਪਾਰਟੀਆਂ ਨੂੰ ਤੋੜਨਾ ਅਤੇ ਈ ਡੀ ਦੀ ਵਰਤੋਂ ਕਰਨਾ ਜਾਣਦੇ ਹਨ। ਕੀ ਉਨ੍ਹਾਂ ਨੇ ਸਕੂਲ ਅਤੇ ਹਸਪਤਾਲ ਖੋਲ੍ਹੇ ਹਨ ? ਉਨ੍ਹਾਂ ਨੇ ਸਿਰਫ਼ ਉਹੀ ਕੀਤਾ ਹੈ ਜੋ ਉਹ ਜਾਣਦੇ ਹਨ।

ਮੀਟਿੰਗ ਦੇ ਮੁੱਖ ਏਜੰਡੇ ਬਾਰੇ ਦੱਸਦਿਆਂ ਸਿਸੋਦੀਆ ਨੇ ਕਿਹਾ, "ਆਮ ਆਦਮੀ ਪਾਰਟੀ ਨੇ ਹਰ 15 ਪਿੰਡਾਂ ਜਾਂ ਵਾਰਡਾਂ ਲਈ ਆਬਜ਼ਰਵਰ ਨਿਯੁਕਤ ਕੀਤੇ ਹਨ। ਪਿੰਡਾਂ ਅਤੇ ਵਾਰਡਾਂ ਦੇ ਲੋਕਾਂ ਨੂੰ ਲਗਾਤਾਰ ਮਿਲਣਾ, ਉਨ੍ਹਾਂ ਦੇ ਮਸਲਿਆਂ ਨੂੰ ਸਮਝਣਾ ਅਤੇ ਸਰਕਾਰ ਤੱਕ ਪਹੁੰਚਾਉਣਾ ਇਨ੍ਹਾਂ ਦਾ ਕੰਮ ਹੈ। ਇਹ ਆਬਜ਼ਰਵਰ ਜ਼ਮੀਨੀ ਪੱਧਰ ਦੇ ਵਰਕਰਾਂ ਅਤੇ ਪਾਰਟੀ ਦੇ ਵਿਚਕਾਰ ਇੱਕ ਕੜੀ ਵਾਂਗ ਕੰਮ ਕਰਦੇ ਹਨ।

'ਆਪ' ਅੰਦਰ ਇੱਕ 'ਨਵੀਂ ਟੀਮ' ਦਾ ਪ੍ਰਭਾਵ ਵਧ ਗਿਆ ਸੀ: ਸਾਹਨੀ

ਪਾਰਟੀ ਛੱਡਣ ਵਾਲੇ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ 'ਆਪ' ਦੀ ਅੰਦਰੂਨੀ ਫੁੱਟ ਅਤੇ ਸੀਨੀਅਰ ਲੀਡਰਸ਼ਿਪ ਵੱਲੋਂ ਆਗੂਆਂ ਨੂੰ ਨਜ਼ਰਅੰਦਾਜ਼ ਕਰਨ ਦੇ ਇਲਜ਼ਾਮ ਲਗਾਏ ਸਨ। ਸਾਹਨੀ ਨੇ ਕਿਹਾ ਸੀ ਕਿ ਦਿੱਲੀ ਚੋਣਾਂ ਵਿੱਚ ਹਾਰ ਤੋਂ ਬਾਅਦ ਪਾਰਟੀ ਅੰਦਰ ਇੱਕ 'ਨਵੀਂ ਟੀਮ' ਦਾ ਪ੍ਰਭਾਵ ਵਧ ਗਿਆ ਸੀ।

ਸਾਹਨੀ ਨੇ ਇਲਜ਼ਾਮ ਲਗਾਇਆ ਕਿ ਪਾਰਟੀ ਦੇ ਅੰਦਰੂਨੀ ਹਾਲਾਤ ਅਜਿਹੇ ਬਣ ਗਏ ਸਨ ਕਿ ਉਹ ਸੰਸਦ ਮੈਂਬਰ ਹੋਣ ਦੇ ਬਾਵਜੂਦ ਪੰਜਾਬ ਦੇ ਮੁੱਦਿਆਂ 'ਤੇ ਉਸ ਤਰ੍ਹਾਂ ਕੰਮ ਨਹੀਂ ਕਰ ਸਕੇ, ਜਿਵੇਂ ਉਨ੍ਹਾਂ ਨੂੰ ਕਰਨਾ ਚਾਹੀਦਾ ਸੀ। ਉਨ੍ਹਾਂ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਹੋਰ ਸੰਸਦ ਮੈਂਬਰਾਂ ਨਾਲ ਗੱਲ ਕੀਤੀ, ਤਾਂ ਪਤਾ ਲੱਗਾ ਕਿ ਲਗਭਗ ਹਰ ਕੋਈ ਆਪਣੇ ਆਪ ਨੂੰ ਅਣਗੌਲਿਆ ਮਹਿਸੂਸ ਕਰ ਰਿਹਾ ਸੀ। ਇਹੀ ਮੁੱਖ ਕਾਰਨ ਸੀ ਕਿ ਸੱਤ ਸੰਸਦ ਮੈਂਬਰਾਂ ਨੇ ਇਕੱਠੇ ਪਾਰਟੀ ਛੱਡਣ ਦਾ ਫ਼ੈਸਲਾ ਕੀਤਾ।

ਕੈਨੇਡਾ 'ਚ ਭਾਰਤੀ ਵਿਦਿਆਰਥੀ ਬਣ ਰਹੇ ਬਿਸ਼ਨੋਈ ਤੇ ਬੰਬੀਹਾ ਗੈਂਗ ਦੇ ਮੋਹਰੇ

ਫਿਨਟ੍ਰੈਕ ਦੀ ਰਿਪੋਰਟ ਨੇ ਕੀਤੇ ਵੱਡੇ ਖੁਲਾਸੇ

100 ਤੋਂ ਵੱਧ ਸ਼ੱਕੀ ਟ੍ਰਾਂਜੈਕਸ਼ਨਾਂ ਨੇ ਉਡਾਏ ਸੁਰੱਖਿਆ ਏਜੰਸੀਆਂ ਦੇ ਹੋਸ਼

ਫਿਰੌਤੀ ਦੀ ਰਕਮ ਲਈ ਕ੍ਰਿਪਟੋ ਤੇ ਈ-ਟ੍ਰਾਂਸਫਰ ਦਾ ਜਾਲ: ਫਿਨਟ੍ਰੈਕ ਵੱਲੋਂ ਬੈਂਕਾਂ ਨੂੰ ਹਾਈ ਅਲਰਟ

ਕੈਨੇਡਾ ਦੀ ਵਿੱਤੀ ਖੁਫੀਆ ਏਜੰਸੀ 'ਫਿਨਟ੍ਰੈਕ' ਦੀ ਇੱਕ ਤਾਜ਼ਾ ਅਤੇ ਚਿੰਤਾਜਨਕ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਅਨੁਸਾਰ ਕੈਨੇਡਾ ਵਿੱਚ ਸਰਗਰਮ ਅਪਰਾਧਿਕ ਗਰੁੱਪ ਫਿਰੌਤੀਆਂ ਦੀ ਰਕਮ ਵਸੂਲਣ ਅਤੇ ਉਸ ਨੂੰ ਟ੍ਰਾਂਸਫਰ ਕਰਨ ਲਈ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਮੋਹਰੇ ਵਜੋਂ ਵਰਤ ਰਹੇ ਹਨ। ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਅਪਰਾਧਿਕ ਗਰੁੱਪ 17 ਤੋਂ 30 ਸਾਲ ਦੀ ਉਮਰ ਦੇ ਉਨ੍ਹਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ। ਮੁੱਖ ਤੌਰ 'ਤੇ ਅਜਿਹੇ ਵਿਦਿਆਰਥੀਆਂ ਨੂੰ ਲਾਲਚ ਦਿੱਤਾ ਜਾਂਦਾ ਹੈ:

ਜਿਨ੍ਹਾਂ ਦੇ ਸਟੱਡੀ ਜਾਂ ਵਰਕ ਪਰਮਿਟ ਖ਼ਤਮ ਹੋ ਚੁੱਕੇ ਹਨ।

ਜਿਨ੍ਹਾਂ ਦੇ ਪੱਕੇ ਹੋਣ ਦੀ ਕੋਈ ਉਮੀਦ ਨਹੀਂ ਰਹੀ।

ਕਾਲਜਾਂ ਵਿੱਚ ਪੜ੍ਹ ਰਹੇ ਨਵੇਂ ਵਿਦਿਆਰਥੀ (ਲੜਕੇ ਅਤੇ ਲੜਕੀਆਂ) ਜਿਨ੍ਹਾਂ ਨੂੰ ਸਿੱਧੇ ਸੰਪਰਕ ਰਾਹੀਂ ਗੈਂਗਾਂ ਵਿੱਚ ਭਰਤੀ ਕੀਤਾ ਜਾ ਰਿਹਾ ਹੈ।ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ, ਇਹ ਗੈਂਗਸਟਰ ਕੈਨੇਡਾ ਵਿੱਚ ਵੱਸਦੇ ਭਾਰਤੀਆਂ, ਖਾਸ ਕਰਕੇ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਇਨ੍ਹਾਂ ਵਿੱਚ ਮੁੱਖ ਤੌਰ 'ਤੇ ਟਰੱਕਿੰਗ ਅਤੇ ਮਕਾਨ ਉਸਾਰੀ ,ਪ੍ਰਾਪਰਟੀ ਡੀਲਰ ਅਤੇ ਹੋਟਲ ਮਾਲਕ,ਰੈਸਟੋਰੈਂਟ ਅਤੇ ਹੋਰ ਮੱਧ ਦਰਜੇ ਦੇ ਵਪਾਰੀ ਖੇਤਰਾਂ ਨਾਲ ਜੁੜੇ ਲੋਕ ਸ਼ਾਮਿਲ ਹਨ।

ਵਿੱਤੀ ਲੈਣ-ਦੇਣ ਦੇ ਬਦਲਦੇ ਤਰੀਕੇ

ਫਿਨਟ੍ਰੈਕ ਅਨੁਸਾਰ, ਫਿਰੌਤੀ ਦੀ ਰਕਮ ਲੈਣ ਲਈ ਈ-ਮੇਲ, ਚੈੱਕ, ਅਤੇ ਕ੍ਰਿਪਟੋਕਰੰਸੀ ਦੀ ਵਰਤੋਂ ਕੀਤੀ ਜਾ ਰਹੀ ਹੈ। ਪੁਲਿਸ ਦੀ ਨਜ਼ਰ ਤੋਂ ਬਚਣ ਲਈ ਵੱਡੀ ਰਕਮ ਨੂੰ ਛੋਟੀਆਂ-ਛੋਟੀਆਂ ਕਿਸ਼ਤਾਂ ਵਿੱਚ ਲਿਆ ਜਾਂਦਾ ਹੈ। ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਫਿਨਟ੍ਰੈਕ ਨੇ ਫਿਰੌਤੀ ਨਾਲ ਜੁੜੇ 100 ਤੋਂ ਵੱਧ ਸ਼ੱਕੀ ਮਾਮਲਿਆਂ ਦੀ ਪਛਾਣ ਕੀਤੀ ਹੈ, ਜੋ ਕਿ ਪਿਛਲੇ ਦੋ ਸਾਲਾਂ ਦੇ ਕੁੱਲ ਅੰਕੜੇ ਤੋਂ ਦੁੱਗਣੀ ਹੈ।

ਬੰਬੀਹਾ ਅਤੇ ਬਿਸ਼ਨੋਈ ਗੈਂਗ ਦਾ ਨਾਮ ਆਇਆ ਸਾਹਮਣੇ

ਏਜੰਸੀ ਨੇ ਦਾਅਵਾ ਕੀਤਾ ਹੈ ਕਿ ਇਨ੍ਹਾਂ ਅਪਰਾਧਿਕ ਗਤੀਵਿਧੀਆਂ ਵਿੱਚ ਬੰਬੀਹਾ ਅਤੇ ਬਿਸ਼ਨੋਈ ਗੈਂਗ ਸਮੇਤ ਕਈ ਹੋਰ ਗਰੁੱਪ ਸ਼ਾਮਿਲ ਹਨ। ਇਹ ਗਰੁੱਪ ਲੋੜਵੰਦ ਵਿਦਿਆਰਥੀਆਂ ਨੂੰ ਪੈਸੇ ਟ੍ਰਾਂਸਫਰ ਕਰਨ ਲਈ ਵਰਤਦੇ ਹਨ ਤਾਂ ਜੋ ਪੈਸਾ ਦੇਸ਼ ਤੋਂ ਬਾਹਰ ਭੇਜਿਆ ਜਾ ਸਕੇ।

ਸੁਰੱਖਿਆ ਏਜੰਸੀਆਂ ਵੱਲੋਂ ਚਿਤਾਵਨੀ

ਓਂਟਾਰੀਓ, ਅਲਬਰਟਾ ਅਤੇ ਮੈਨੀਟੋਬਾ ਵਰਗੇ ਸੂਬਿਆਂ ਵਿੱਚ ਗੋਲੀਬਾਰੀ ਅਤੇ ਅੱਗ ਲਗਾਉਣ ਦੀਆਂ ਵਧਦੀਆਂ ਘਟਨਾਵਾਂ ਨੂੰ ਦੇਖਦੇ ਹੋਏ, ਵਿੱਤੀ ਅਦਾਰਿਆਂ ਅਤੇ ਬੈਂਕਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣ ਦੇ ਨਿਰਦੇਸ਼ ਦਿੱਤੇ ਗਏ ਹਨ। ਖਾਸ ਤੌਰ 'ਤੇ ਵਿਦੇਸ਼ਾਂ ਵਿੱਚ ਭੇਜੀ ਜਾਣ ਵਾਲੀ ਰਕਮ 'ਤੇ ਤਿੱਖੀ ਨਜ਼ਰ ਰੱਖਣ ਲਈ ਕਿਹਾ ਗਿਆ ਹੈ ਤਾਂ ਜੋ ਜਰਾਇਮ ਪੇਸ਼ਾ ਲੋਕਾਂ ਤੱਕ ਪੈਸਾ ਨਾ ਪਹੁੰਚ ਸਕੇ। ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਡ ਪੁਲਿਸ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕਈ ਛਾਪੇਮਾਰੀ ਕੀਤੀ ਹੈ। ਇਨ੍ਹਾਂ ਵਿੱਚ ਦਰਜਨਾਂ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਨ੍ਹਾਂ ਵਿੱਚੋਂ ਕਈਆਂ ਦਾ ਸਬੰਧ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ ਨਾਲ ਦੱਸਿਆ ਜਾ ਰਿਹਾ ਹੈ। ਰਿਪੋਰਟ ਮੁਤਾਬਕ ਗ੍ਰਿਫਤਾਰੀਆਂ ਦੀ ਗਿਣਤੀ ਲਗਾਤਾਰ ਬਦਲ ਰਹੀ ਹੈ ਕਿਉਂਕਿ ਪੁਲਿਸ ਹੁਣ ਉਨ੍ਹਾਂ 'ਮਨੀ ਮਿਊਲਜ਼' ਨੂੰ ਫੜ ਰਹੀ ਹੈ ਜੋ ਗੈਂਗਸਟਰਾਂ ਲਈ ਪੈਸੇ ਆਪਣੇ ਖਾਤੇ ਵਿੱਚ ਪਵਾ ਕੇ ਅੱਗੇ ਭੇਜਦੇ ਸਨ।

ਵੁੱਡਸਟੌਕ ਵਿੱਚ ਸਿੱਖ ਬਜ਼ੁਰਗ 'ਤੇ ਨਸਲੀ ਹਮਲੇ ਦੇ ਮਾਮਲੇ 'ਚ ਨੌਜਵਾਨ ਗ੍ਰਿਫ਼ਤਾਰ

ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ 'ਚ ਭਾਰੀ ਵਾਧਾ : ਵਰਲਡ ਸਿੱਖ ਆਰਗੇਨਾਜੇਸ਼ਨ ਦੀ ਰਿਪੋਰਟ ਵਿੱਚ ਹੋਏ ਵੱਡੇ ਖ਼ੁਲਾਸੇ

91 ਫ਼ੀਸਦੀ ਸਿੱਖ ਆਪਣੀ ਪਛਾਣ ਕਾਰਨ ਨਿਸ਼ਾਨੇ 'ਤੇ: ਕੈਨੇਡਾ ਵਿੱਚ ਸਿੱਖ ਭਾਈਚਾਰਾ ਚਿੰਤਤ

ਵੁੱਡਸਟੌਕ/ਏ.ਟੀ.ਨਿਊਜ਼: ਕੈਨੇਡਾ ਦੇ ਓਨਟਾਰੀਓ ਸੂਬੇ ਦੇ ਸ਼ਹਿਰ ਵੁੱਡਸਟੌਕ ਵਿੱਚ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਨਿਸ਼ਾਨਾ ਬਣਾਉਣ ਅਤੇ ਉਸ ਨਾਲ ਨਸਲੀ ਬਦਸਲੂਕੀ ਕਰਨ ਦੇ ਦੋਸ਼ ਵਿੱਚ ਪੁਲਿਸ ਨੇ ਇੱਕ ਗੋਰੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਤੋਂ ਬਾਅਦ ਚਰਚਾ ਵਿੱਚ ਆਈ ਹੈ। ਵੁੱਡਸਟੌਕ ਪੁਲਿਸ ਅਨੁਸਾਰ, ਇਹ ਘਟਨਾ ਪਿਛਲੇ ਦਿਨੀਂ ਸਵੇਰੇ ਲਗਭਗ 11:35 ਵਜੇ 'ਟਰਟਲ ਆਈਲੈਂਡ ਸਕੂਲ' ਦੇ ਨੇੜੇ ਨਾਈਟਸ ਲੇਨ ਇਲਾਕੇ ਵਿੱਚ ਵਾਪਰੀ। ਰਿਪੋਰਟਾਂ ਮੁਤਾਬਕ ਇੱਕ ਸਿੱਖ ਬਜ਼ੁਰਗ ਸੜਕ ਕਿਨਾਰੇ ਪੈਦਲ ਜਾ ਰਹੇ ਸਨ। ਇੱਕ ਨੌਜਵਾਨ ਨੇ ਉਨ੍ਹਾਂ ਨੂੰ ਧੱਕਾ ਦਿੱਤਾ ਅਤੇ ਉਨ੍ਹਾਂ ਦੀ ਨਸਲ ਨੂੰ ਲੈ ਕੇ ਅਪਸ਼ਬਦ ਬੋਲੇ। ਨੌਜਵਾਨ ਨੇ ਬਜ਼ੁਰਗ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਖੁਸ਼ਕਿਸਮਤੀ ਨਾਲ, ਇਸ ਹਮਲੇ ਵਿੱਚ ਬਜ਼ੁਰਗ ਨੂੰ ਕੋਈ ਗੰਭੀਰ ਸਰੀਰਕ ਸੱਟ ਨਹੀਂ ਲੱਗੀ। ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਕਾਰਵਾਈ ਕੀਤੀ ਅਤੇ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਵਿਰੁੱਧ ਹਮਲਾ, ਜਾਨੋਂ ਮਾਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣਾ,ਅਪਰਾਧਿਕ ਤੌਰ 'ਤੇ ਪਰੇਸ਼ਾਨ ਕਰਨਾ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਯੂਥ ਕ੍ਰਿਮੀਨਲ ਜਸਟਿਸ ਐਕਟ ਦੇ ਕਾਰਨ ਮੁਲਜ਼ਮ ਦੀ ਪਛਾਣ ਜਨਤਕ ਨਹੀਂ ਕੀਤੀ ਜਾ ਸਕਦੀ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਸ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸੰਸਥਾ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਭਾਈਚਾਰੇ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਦਾ ਹਿੱਸਾ ਹਨ। ਉਨ੍ਹਾਂ ਨੇ ਪੁਲਿਸ ਦੀ ਤੁਰੰਤ ਕਾਰਵਾਈ ਦਾ ਧੰਨਵਾਦ ਕੀਤਾ ਅਤੇ ਸਰਕਾਰ ਤੋਂ ਸਿਸਟਮੈਟਿਕ ਬਦਲਾਅ ਦੀ ਮੰਗ ਕੀਤੀ ਤਾਂ ਜੋ ਅਜਿਹੇ ਨਫ਼ਰਤੀ ਹਮਲਿਆਂ ਨੂੰ ਰੋਕਿਆ ਜਾ ਸਕੇ। ਪੁਲਿਸ ਅਨੁਸਾਰ ਸਾਡੇ ਭਾਈਚਾਰੇ ਵਿੱਚ ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਅਸੀਂ ਹਰ ਨਾਗਰਿਕ ਦੀ ਸੁਰੱਖਿਆ ਲਈ ਵਚਨਬੱਧ ਹਾਂ ਅਤੇ ਅਜਿਹੇ ਅਪਰਾਧ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਵੁੱਡਸਟੌਕ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਇਸ ਘਟਨਾ ਦੀ ਹੋਰ ਵੀਡੀਓ ਫੁਟੇਜ ਜਾਂ ਜਾਣਕਾਰੀ ਹੈ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਾਰੀ ਕੀਤੀ ਗਈ 'ਕੈਨੇਡਾ ਵਿੱਚ ਸਿੱਖ ਵਿਰੋਧੀ ਨਫ਼ਰਤ ਨੂੰ ਸਮਝਣਾ ਅਤੇ ਹੱਲ ਕਰਨਾ' ਨਾਮਕ ਰਿਪੋਰਟ ਮੁਤਾਬਕ, ਦੇਸ਼ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਰਿਪੋਰਟ ਪੂਰੇ ਕੈਨੇਡਾ ਵਿੱਚ ਕੀਤੇ ਗਏ ਸਰਵੇਖਣਾਂ ਅਤੇ 1,600 ਤੋਂ ਵੱਧ ਪ੍ਰਤੀਕਿਰਿਆਵਾਂ 'ਤੇ ਅਧਾਰਿਤ ਹੈ। 80 ਫ਼ੀਸਦੀ ਤੋਂ ਵੱਧ ਲੋਕਾਂ ਨੇ ਮੰਨਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਵਿਤਕਰੇ ਦੀਆਂ ਘਟਨਾਵਾਂ ਵਧੀਆਂ ਹਨ।?65 ਫ਼ੀਸਦੀ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜ਼ਬਾਨੀ ਤੌਰ 'ਤੇ ਪਰੇਸ਼ਾਨ ਕੀਤਾ ਗਿਆ ਜਾਂ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ। 91 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀ 'ਸਿੱਖ ਪਛਾਣ' (ਜਿਵੇਂ ਕਿ ਦਸਤਾਰ, ਕੜਾ ਜਾਂ ਸਿਰ ਢਕਣ ਕਰਕੇ) ਕਾਰਨ ਨਿਸ਼ਾਨਾ ਬਣਾਇਆ ਗਿਆ। ਰਿਪੋਰਟ ਵਿੱਚ ਇੱਕ ਵੱਡਾ ਖੁਲਾਸਾ ਇਹ ਹੋਇਆ ਹੈ ਕਿ 70 ਫ਼ੀਸਦੀ ਪੀੜਤਾਂ ਨੇ ਆਪਣੇ ਨਾਲ ਹੋਈ ਨਫ਼ਰਤ ਦੀ ਘਟਨਾ ਬਾਰੇ ਪੁਲਿਸ ਜਾਂ ਕਿਸੇ ਸੰਸਥਾ ਨੂੰ ਸ਼ਿਕਾਇਤ ਨਹੀਂ ਕੀਤੀ। ਇਸ ਦੇ ਕਾਰਨ ਸੰਸਥਾਵਾਂ ਅਤੇ ਪੁਲਿਸ 'ਤੇ ਭਰੋਸਾ ਨਾ ਹੋਣਾ ਹੈ। ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀ ਆਪਣੀ ਸੁਰੱਖਿਆ ਅਤੇ ਇਮੀਗ੍ਰੇਸ਼ਨ ਸਥਿਤੀ ਨੂੰ ਲੈ ਕੇ ਡਰਦੇ ਹਨ। (**ਬਾਕੀ ਸਫ਼ਾ 26 'ਤੇ**)

ਗ਼ਾਜ਼ਾ ਵਿਖੇ ਬਾਰੂਦ ਦੇ ਧੂੰਏਂ ਹੇਠ ਦਫ਼ਨ ਹੋਇਆ ਬਚਪਨ: ਨਾ ਮੁਸਕਾਨ ਬਚੀ, ਨਾ ਸ਼ਬਦ !

ਗ਼ਾਜ਼ਾ ਪੱਟੀ ਤੋਂ ਆ ਰਹੀਆਂ ਖ਼ਬਰਾਂ ਹੁਣ ਸਿਰਫ਼ ਮਲਬੇ ਅਤੇ ਮੌਤਾਂ ਦੇ ਅੰਕੜਿਆਂ ਤੱਕ ਸੀਮਤ ਨਹੀਂ ਰਹੀਆਂ, ਸਗੋਂ ਇਹ ਇੱਕ ਅਜਿਹੀ ਮਨੁੱਖੀ ਤ੍ਰਾਸਦੀ ਵੱਲ ਇਸ਼ਾਰਾ ਕਰ ਰਹੀਆਂ ਹਨ ਜੋ ਆਉਣ ਵਾਲੀਆਂ ਨਸਲਾਂ ਦੀ ਬੁਨਿਆਦ ਹਿਲਾ ਰਹੀ ਹੈ। ਹਮਾਦ ਹਸਪਤਾਲ ਦੇ ਡਾਕਟਰਾਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਰੂਹ ਕੰਬਾਊ ਹੈ: ਗ਼ਾਜ਼ਾ ਦੇ ਮਾਸੂਮ ਬੱਚੇ ਹੁਣ 'ਪੱਥਰ' ਬਣਦੇ ਜਾ ਰਹੇ ਹਨ। ਉਹ ਨਾ ਸਿਰਫ਼ ਆਪਣੀ ਮੁਸਕਾਨ ਗੁਆ ਚੁੱਕੇ ਹਨ, ਸਗੋਂ ਬੰਬ ਧਮਾਕਿਆਂ ਦੇ ਖ਼ੌਫ ਨੇ ਉਨ੍ਹਾਂ ਦੀ ਜ਼ਬਾਨ 'ਤੇ ਹਮੇਸ਼ਾ ਲਈ ਤਾਲਾ ਜੜ ਦਿੱਤਾ ਹੈ।

5 ਸਾਲਾ ਜਾਦ: ਜਾਦ ਦੀ ਮਾਂ ਨੇ ਦੱਸਿਆ ਕਿ ਉਹ ਬਿਲਕੁਲ ਠੀਕ ਬੋਲਦਾ ਸੀ। ਪਰ ਇੱਕ ਰਾਤ ਘਰ ਦੇ ਬਹੁਤ ਨੇੜੇ ਹੋਈ ਭਿਆਨਕ ਬੰਬਾਰੀ ਤੋਂ ਬਾਅਦ ਜਦੋਂ ਉਹ ਅਗਲੀ ਸਵੇਰ ਸੌਂ ਕੇ ਉੱਠਿਆ, ਤਾਂ ਉਸ ਦੀ ਆਵਾਜ਼ ਹਮੇਸ਼ਾ ਲਈ ਖ਼ਾਮੋਸ਼ ਹੋ ਚੁੱਕੀ ਸੀ।

4 ਸਾਲਾ ਲੂਸੀਨ: ਹਵਾਈ ਹਮਲੇ ਦੌਰਾਨ ਟੁੱਟੀ ਹੋਈ ਪੌੜੀ ਤੋਂ ਡਿੱਗਣ ਕਾਰਨ ਲੂਸੀਨ ਨੂੰ ਇੰਨਾ ਗਹਿਰਾ ਸਦਮਾ ਲੱਗਾ ਕਿ ਉਸ ਨੇ ਵੀ ਬੋਲਣਾ ਬੰਦ ਕਰ ਦਿੱਤਾ।

ਜੰਗ ਵਿੱਚ ਇਮਾਰਤਾਂ ਦਾ ਡਿੱਗਣਾ ਅਤੇ ਸੜਕਾਂ ਦਾ ਟੁੱਟਣਾ ਸਾਫ਼ ਦਿਖਾਈ ਦਿੰਦਾ ਹੈ, ਪਰ ਬੱਚਿਆਂ ਦੇ ਕੋਮਲ ਮਨਾਂ 'ਤੇ ਲੱਗੇ ਜ਼ਖ਼ਮ ਅਦਿੱਖ ਹੁੰਦੇ ਹਨ। ਡਾਕਟਰਾਂ ਨੇ ਇਸ ਨੂੰ ਸਿਲੈਕਟਿਵ ਮਿਊਟਿਜ਼ਮ ਅਤੇ ਹਿਸਟੀਰੀਕਲ ਐਫੋਨੀਆ ਵਰਗੇ ਨਾਂਅ ਦਿੱਤੇ ਹਨ। ਸਰਲ ਭਾਸ਼ਾ ਵਿੱਚ, ਇਹ ਇੱਕ ਅਜਿਹਾ ਮਾਨਸਿਕ ਸਦਮਾ ਹੈ ਜਿੱਥੇ ਬੱਚਾ ਸਰੀਰਕ ਤੌਰ 'ਤੇ ਠੀਕ ਹੋਣ ਦੇ ਬਾਵਜੂਦ ਬੋਲਣ ਦੀ ਸਮਰੱਥਾ ਗੁਆ ਦਿੰਦਾ ਹੈ। ਜਦੋਂ ਇੱਕ ਪੰਜ ਸਾਲ ਦਾ ਬੱਚਾ ਬੰਬਾਰੀ ਤੋਂ ਬਾਅਦ ਸੌਂ ਕੇ ਉੱਠਦਾ ਹੈ ਅਤੇ ਫਿਰ ਕਦੇ ਨਹੀਂ ਬੋਲ ਪਾਉਂਦਾ,ਤਾਂ ਇਹ ਸਿਰਫ਼ ਇੱਕ ਮੈਡੀਕਲ ਕੇਸ ਨਹੀਂ, ਸਗੋਂ ਪੂਰੀ ਇਨਸਾਨੀਅਤ ਦੀ ਹਾਰ ਹੈ।ਮਨੋਵਿਗਿਆਨੀਆਂ ਅਨੁਸਾਰ, ਜਦੋਂ ਹਿੰਸਾ ਅਤੇ ਮੌਤ ਦਾ ਨੰਗਾ ਨਾਚ ਸਹਿਣ ਸ਼ਕਤੀ ਤੋਂ ਬਾਹਰ ਹੋ ਜਾਂਦਾ ਹੈ, ਤਾਂ ਮਾਸੂਮਾਂ ਦਾ ਦਿਮਾਗ ਫ੍ਰੀਜ਼ ਰਿਸਪਾਂਸ ਮੋਡ ਵਿੱਚ ਚਲਾ ਜਾਂਦਾ ਹੈ। ਇਹ ਇੱਕ ਕੁਦਰਤੀ ਰੱਖਿਆ ਪ੍ਰਣਾਲੀ ਹੈ, ਜਿੱਥੇ ਬੱਚਾ ਬਾਹਰੀ ਦੁਨੀਆ ਦੀ ਬੇਰਹਿਮੀ ਤੋਂ ਬਚਣ ਲਈ ਖ਼ੁਦ ਨੂੰ ਖ਼ਾਮੋਸ਼ੀ ਦੇ ਹਨੇਰੇ ਵਿੱਚ ਕੈਦ ਕਰ ਲੈਂਦਾ ਹੈ। ਇਹ ਚੁੱਪ ਦੁਨੀਆ ਲਈ ਇੱਕ ਵੱਡਾ ਸਵਾਲ ਹੈ: ਕੀ ਆਧੁਨਿਕ ਯੁੱਗ ਦੀਆਂ ਜੰਗਾਂ ਵਿੱਚ ਸੌਫਟ ਟਾਰਗੇਟ ਹੁਣ ਬੱਚਿਆਂ ਦਾ ਭਵਿੱਖ ਬਣ ਗਿਆ ਹੈ?

ਇਜ਼ਰਾਇਲ ਅਤੇ ਹਮਾਸ ਵਿਚਾਲੇ ਜਾਰੀ ਇਸ ਸੰਘਰਸ਼ ਵਿੱਚ ਰਣਨੀਤਕ ਜਿੱਤ ਅਤੇ ਹਾਰ ਦੇ ਦਾਅਵੇ ਆਪਣੀ ਜਗ੍ਹਾ ਹੋ ਸਕਦੇ ਹਨ, ਪਰ 'ਡਾਕਟਰਜ਼ ਵਿਦਾਊਟ ਬਾਰਡਰਜ਼' ਵਰਗੀਆਂ ਸੰਸਥਾਵਾਂ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਇਨ੍ਹਾਂ ਬੱਚਿਆਂ ਨੂੰ ਤੁਰੰਤ ਮਨੋਵਿਗਿਆਨਕ ਇਲਾਜ ਅਤੇ ਸੁਰੱਖਿਅਤ ਮਾਹੌਲ ਨਾ ਮਿਲਿਆ, ਤਾਂ ਇਹ 'ਖ਼ਾਮੋਸ਼ ਪੀੜਾ' ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹਮੇਸ਼ਾ ਲਈ ਅਪਾਹਜ ਬਣਾ ਦੇਵੇਗੀ।

ਗ਼ਾਜ਼ਾ ਦੇ ਬੱਚਿਆਂ ਦੀ ਇਹ ਖ਼ਾਮੋਸ਼ੀ ਅੱਜ ਦੀ ਵਿਸ਼ਵ ਲੀਡਰਸ਼ਿਪ ਦੀ ਨਾਕਾਮੀ ਦਾ ਸਭ ਤੋਂ ਵੱਡਾ ਸਬੂਤ ਹੈ। ਜੇਕਰ ਅੰਤਰਰਾਸ਼ਟਰੀ ਭਾਈਚਾਰਾ ਅਜੇ ਵੀ ਮੂਕ ਦਰਸ਼ਕ ਬਣਿਆ ਰਹਿੰਦਾ ਹੈ, ਤਾਂ ਇਤਿਹਾਸ ਸਾਨੂੰ ਇੱਕ ਅਜਿਹੀ ਪੀੜ੍ਹੀ ਵਜੋਂ ਯਾਦ ਰੱਖੇਗਾ ਜਿਸ ਨੇ ਆਪਣੀਆਂ ਅੱਖਾਂ ਸਾਹਮਣੇ ਮਾਸੂਮਾਂ ਦੀ ਆਵਾਜ਼ ਨੂੰ ਮਰਦੇ ਦੇਖਿਆ ਅਤੇ ਕੁਝ ਨਹੀਂ ਕੀਤਾ। ਇਨ੍ਹਾਂ ਬੱਚਿਆਂ ਨੂੰ ਦਵਾਈਆਂ ਨਾਲੋਂ ਵੱਧ ਸ਼ਾਂਤੀ ਅਤੇ ਸੁਰੱਖਿਆ ਦੀ ਲੋੜ ਹੈ, ਤਾਂ ਜੋ ਉਹ ਫਿਰ ਤੋਂ ਬੋਲ ਸਕਣ, ਹੱਸ ਸਕਣ ਅਤੇ ਆਪਣਾ ਬਚਪਨ ਜੀ ਸਕਣ। ਦੁਨੀਆ ਨੂੰ ਜਾਗਣਾ ਹੋਵੇਗਾ, ਇਸ ਤੋਂ ਪਹਿਲਾਂ ਕਿ ਇਹ ਚੁੱਪ ਸਥਾਈ ਬਣ ਜਾਵੇ।

ਵਿਧਾਨ ਸਭਾ ਚੋਣਾਂ-2026 : ਐਗਜ਼ਿਟ ਪੋਲ ਵੱਲੋਂ ਦਾਅਵੇ

ਅਸਾਮ ਵਿੱਚ ਭਾਜਪਾ ਦੀ ਝੰਡੀ, ਕੇਰਲ 'ਚ ਯੂ.ਡੀ.ਐਫ. ਦੀ ਲਹਿਰ, ਬੰਗਾਲ-ਤਾਮਿਲਨਾਡੂ 'ਚ ਗਹਿਗੱਚ ਮੁਕਾਬਲੇ ਹੋਣ ਦੀ ਭਵਿੱਖਬਾਣੀ

ਨਵੀਂ ਦਿੱਲੀ/ਏ.ਟੀ.ਨਿਊਜ਼: ਦੇਸ਼ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੀ ਵੋਟਿੰਗ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਹੁਣ ਵੱਖ-ਵੱਖ ਏਜੰਸੀਆਂ ਦੇ ਐਗਜ਼ਿਟ ਪੋਲ ਦੇ ਅੰਕੜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਅਸਾਮ ਵਿੱਚ 'ਐਕਸਿਸ ਮਾਈ ਇੰਡੀਆ' ਨੇ ਭਾਜਪਾ ਦੀ ਵੱਡੀ ਜਿੱਤ ਦੀ ਭਵਿੱਖਬਾਣੀ ਕਰਦਿਆਂ ਉਸ ਨੂੰ 88 ਤੋਂ 100 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਹੈ, ਜਦਕਿ ਕਾਂਗਰਸ ਨੂੰ ਮਹਿਜ਼ 24 ਤੋਂ 36 ਸੀਟਾਂ ਮਿਲਦੀਆਂ ਦਿਖਾਈਆਂ ਗਈਆਂ ਹਨ।

ਕੇਰਲ ਵਿੱਚ 'ਐਕਸਿਸ ਮਾਈ ਇੰਡੀਆ' ਅਤੇ 'ਪੀਪਲਜ਼ ਪਲਸ' ਦੋਵਾਂ ਨੇ ਹੀ ਯੂ.ਡੀ.ਐੱਫ. ਦੀ ਜਿੱਤ ਦਾ ਸੰਕੇਤ ਦਿੱਤਾ ਹੈ, ਜਿਸ ਵਿੱਚ ਯੂ.ਡੀ.ਐਫ. ਨੂੰ 75-85 ਅਤੇ ਸੱਤਾਧਾਰੀ ਐਲ.ਡੀ.ਐੱਫ. ਨੂੰ 55-65 ਸੀਟਾਂ ਮਿਲਣ ਦੀ ਉਮੀਦ ਜਤਾਈ ਗਈ ਹੈ। ਪੱਛਮੀ ਬੰਗਾਲ ਦੀ ਗੱਲ ਕਰੀਏ ਤਾਂ 'ਮੈਟ੍ਰਿਜ਼' ਨੇ ਭਾਜਪਾ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਹੈ, ਹਾਲਾਂਕਿ 'ਪੀਪਲਜ਼ ਪਲਸ' ਅਨੁਸਾਰ ਤ੍ਰਿਣਮੂਲ ਕਾਂਗਰਸ 177-187 ਸੀਟਾਂ ਨਾਲ ਬਹੁਮਤ ਵੱਲ ਵਧ ਰਹੀ ਹੈ ਅਤੇ ਭਾਜਪਾ ਨੂੰ 95-110 ਸੀਟਾਂ ਮਿਲ ਸਕਦੀਆਂ ਹਨ। ਤਾਮਿਲਨਾਡੂ ਵਿੱਚ 'ਪੀਪਲਜ਼ ਪਲਸ' ਦੇ ਅੰਕੜਿਆਂ ਮੁਤਾਬਕ ਡੀ.ਐੱਮ.ਕੇ. 125-145 ਸੀਟਾਂ ਲੈ ਕੇ ਸਭ ਤੋਂ ਅੱਗੇ ਰਹਿ ਸਕਦੀ ਹੈ, ਜਦਕਿ ਏ.ਆਈ.ਏ.ਡੀ.ਐੱਮ.ਕੇ. ਨੂੰ 65-80 ਅਤੇ ਟੀ ਵੀ ਕੇ ਨੂੰ 18-24 ਸੀਟਾਂ ਮਿਲਣ ਦਾ ਅਨੁਮਾਨ ਹੈ।

ਇਸ ਤੋਂ ਪਹਿਲਾਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਵਿੱਚ ਵੋਟਰਾਂ ਦੀ ਭਾਰੀ ਸ਼ਮੂਲੀਅਤ ਦਰਜ ਕੀਤੀ ਗਈ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਸ਼ਾਮ 5 ਵਜੇ ਤੱਕ 89.99 ਫੀਸਦੀ ਵੋਟਾਂ ਦਾ ਭੁਗਤਾਨ ਹੋ ਚੁੱਕਿਆ ਸੀ।

ਜ਼ਿਲ੍ਹੇਵਾਰ ਅੰਕੜਿਆਂ ਅਨੁਸਾਰ ਪੂਰਬਾ ਬਰਧਮਾਨ 92.46 ਫੀਸਦੀ ਵੋਟਿੰਗ ਨਾਲ ਸਭ ਤੋਂ ਅੱਗੇ ਰਿਹਾ, ਜਿਸ ਤੋਂ ਬਾਅਦ ਹੁਗਲੀ 90.34 ਫੀਸਦੀ, ਨਾਦੀਆ 90.28 ਫੀਸਦੀ, ਹਾਵੜਾ 89.44 ਫੀਸਦੀ ਅਤੇ ਉੱਤਰੀ 24 ਪਰਗਨਾ ਦਾ ਨੰਬਰ ਆਉਂਦਾ ਹੈ। ਦੱਖਣੀ 24 ਪਰਗਨਾ ਵਿੱਚ ਵੀ ਜ਼ੋਰਦਾਰ ਸ਼ਮੂਲੀਅਤ ਦੇਖਣ ਨੂੰ ਮਿਲੀ, ਜਿੱਥੇ ਇਸਦੇ ਹਿੱਸਿਆਂ ਵਿੱਚ 89.74 ਫੀਸਦੀ ਅਤੇ 89.57 ਫੀਸਦੀ ਵੋਟਿੰਗ ਦਰਜ ਕੀਤੀ ਗਈ।

ਵੋਟਾਂ ਦੀ ਅਸਧਾਰਨ ਤੌਰ 'ਤੇ ਉੱਚੀ ਪ੍ਰਤੀਸ਼ਤਤਾ ਨੇ ਸਿਆਸੀ ਪਾਰਟੀਆਂ ਵੱਲੋਂ ਵੱਖ-ਵੱਖ ਕਿਆਸਰਾਈਆਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿੱਚੋਂ ਹਰ ਕੋਈ ਇਸ ਨੂੰ ਆਪਣੇ ਪੱਖ ਵਿੱਚ ਇੱਕ ਅਨੁਕੂਲ ਸੰਕੇਤ ਵਜੋਂ ਦੇਖ ਰਿਹਾ ਹੈ। ਪਹਿਲੇ ਪੜਾਅ ਵਿੱਚ ਪਹਿਲਾਂ ਹੀ 91.78 ਫੀਸਦੀ ਵੋਟਿੰਗ ਦੇ ਨਾਲ ਇੱਕ ਰਿਕਾਰਡ ਕਾਇਮ ਹੋ ਚੁੱਕਾ ਸੀ। ਉਸ ਦੌਰ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਨੇ ਦਾਅਵਾ ਕੀਤਾ ਸੀ ਕਿ ਉਹ ਚੋਣ ਲੜੀਆਂ ਗਈਆਂ 152 ਸੀਟਾਂ ਵਿੱਚੋਂ ਘੱਟੋ-ਘੱਟ 100 ਸੀਟਾਂ ਜਿੱਤਣ ਦੇ ਰਾਹ 'ਤੇ ਹੈ, ਜਦੋਂ ਕਿ ਭਾਜਪਾ ਨੇ ਭਰੋਸਾ ਜਤਾਇਆ ਸੀ ਕਿ ਉਹ ਲਗਪਗ 110 ਸੀਟਾਂ ਹਾਸਲ ਕਰੇਗੀ।

ਤਾਮਿਲਨਾਡੂ ਵਿੱਚ ਐੱਮ ਕੇ ਸਟਾਲਿਨ ਦੀ ਅਗਵਾਈ ਵਾਲੇ ਗਠਜੋੜ ਦੀ ਵਾਪਸੀ ਦੀ ਉਮੀਦ

ਐਗਜ਼ਿਟ ਪੋਲਾਂ ਦੇ ਅਨੁਮਾਨਾਂ ਅਨੁਸਾਰ, ਸਰਵੇਖਣ ਕਰਨ ਵਾਲਿਆਂ ਨੇ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੀ ਅਗਵਾਈ ਵਾਲੇ ਦ੍ਰਵਿੜ ਮੁਨੇਤਰ ਕੜਗਮ ਗਠਜੋੜ ਦੇ ਜਿੱਤਣ ਦੀ ਪੇਸ਼ੀਨਗੋਈ ਕੀਤੀ ਹੈ। 'ਪੀਪਲਜ਼ ਪਲਸ' ਦੇ ਐਗਜ਼ਿਟ ਪੋਲ ਨੇ ਡੀ ਐੱਮ ਕੇ ਦੇ ਖਾਤੇ ਵਿੱਚ 125-145 ਵਿਧਾਨ ਸਭਾ ਸੀਟਾਂ ਆਉਣ ਦੀ ਭਵਿੱਖਬਾਣੀ ਕੀਤੀ ਹੈ, ਜਦੋਂ ਕਿ ਰਾਸ਼ਟਰੀ ਜਮਹੂਰੀ ਗਠਜੋੜ ਦੀ ਹਮਾਇਤ ਵਾਲੀ ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ ਨੂੰ ਸੂਬੇ ਦੀਆਂ ਕੁੱਲ 234 ਵਿਧਾਨ ਸਭਾ ਸੀਟਾਂ ਵਿੱਚੋਂ 65 ਤੋਂ 80 ਸੀਟਾਂ ਮਿਲਣ ਦਾ ਅਨੁਮਾਨ ਲਗਾਇਆ ਹੈ। ਦੂਜੇ ਪਾਸੇ, ਪੀਪਲਜ਼ ਪਲਸ ਮੁਤਾਬਕ ਵਿਜੇ ਦੀ ਪਾਰਟੀ 'ਤਮਿਲਗਾ ਵੈਟਰੀ ਕੜਗਮ' ਨੂੰ ਤਾਮਿਲਨਾਡੂ ਵਿੱਚ ਸਿਰਫ਼ ਦੋ ਤੋਂ ਛੇ ਵਿਧਾਨ ਸਭਾ ਸੀਟਾਂ ਮਿਲਣ ਦੀ ਉਮੀਦ ਹੈ। 'ਮੈਟਰਾਈਜ਼' ਦੇ ਐਗਜ਼ਿਟ ਪੋਲ ਅਨੁਮਾਨਾਂ ਅਨੁਸਾਰ, ਡੀ ਐੱਮ ਕੇ ਅਤੇ ਉਸ ਦੇ ਸਹਿਯੋਗੀ 122-132 ਸੀਟਾਂ ਨਾਲ ਚੋਣਾਂ ਜਿੱਤ ਰਹੇ ਹਨ, ਜਦਕਿ ਏ ਆਈ ਏ ਡੀ ਐੱਮ ਕੇ ਅਤੇ ਸਹਿਯੋਗੀਆਂ ਨੂੰ 80 ਤੋਂ 100 ਸੀਟਾਂ ਮਿਲਣ ਦਾ ਅਨੁਮਾਨ ਹੈ। ਇਸ ਦੌਰਾਨ, ਮੈਟਰਾਈਜ਼ ਅਨੁਸਾਰ ਟੀ ਵੀ ਕੇ ਨੂੰ ਜ਼ੀਰੋ ਤੋਂ ਛੇ ਵਿਧਾਨ ਸਭਾ ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਹੈ।

ਪੱਛਮੀ ਬੰਗਾਲ ਐਗਜ਼ਿਟ ਪੋਲ ਦੇ ਅੰਕੜੇ

ਵੱਖ-ਵੱਖ ਏਜੰਸੀਆਂ ਦੇ ਅਨੁਮਾਨਾਂ ਤਹਿਤ ਪੱਛਮੀ ਬੰਗਾਲ ਵਿੱਚ ਪੀਪਲਜ਼ ਪਲਸ ਨੇ ਤ੍ਰਿਣਮੂਲ ਕਾਂਗਰਸ ਨੂੰ 177 ਤੋਂ 187 ਸੀਟਾਂ ਮਿਲਣ ਦਾ ਅਨੁਮਾਨ ਪ੍ਰਗਟਾਇਆ ਹੈ। ਉਥੇ ਹੀ ਭਾਰਤੀ ਜਨਤਾ ਪਾਰਟੀ ਨੂੰ 95 ਤੋਂ 110 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਦੂਜੇ ਪਾਸੇ ਮੈਟ੍ਰਿਜ਼ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ 146 ਤੋਂ 161 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਬੰਗਾਲ ਵਿੱਚ ਪਰਜਾ ਪੋਲ ਅਨੁਸਾਰ ਭਾਜਪਾ ਨੂੰ 177 ਸੀਟਾਂ ਮਿਲਣ ਦਾ ਅਨੁਮਾਨ ਹੈ ਅਤੇ ਟੀ.ਐਮ.ਸੀ. ਨੂੰ 100 ਸੀਟਾਂ ਮਿਲ ਸਕਦੀਆਂ ਹਨ। ਪੀ-ਮਾਰਕ ਦੇ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ 150 ਤੋਂ 175 ਅਤੇ ਟੀ.ਐਮ.ਸੀ. ਨੂੰ 118 ਤੋਂ 138 ਸੀਟਾਂ ਦਿੱਤੀਆਂ ਗਈਆਂ ਹਨ।

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਜਿੱਤ ਦੀ ਹੈਟ੍ਰਿਕ ਹਾਸਲ ਕਰੇਗੀ ਭਾਜਪਾ : ਮੋਦੀ

ਹਰਦੋਈ (ਉੱਤਰ ਪ੍ਰਦੇਸ਼) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਜਿੱਤ ਦੀ ਲੜੀ ਜਾਰੀ ਰੱਖੇਗੀ ਅਤੇ ਚੱਲ ਰਹੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤਾਂ ਦੀ ਇਤਿਹਾਸਕ ਹੈਟ੍ਰਿਕ ਹਾਸਲ ਕਰੇਗੀ। ਸ਼੍ਰੀ ਮੋਦੀ ਨੇ ਇਹ ਬਿਆਨ ਮੇਰਠ ਅਤੇ ਪ੍ਰਯਾਗਰਾਜ ਵਿਚਕਾਰ ਵਿਕਸਤ ਗੰਗਾ ਐਕਸਪ੍ਰੈਸਵੇਅ ਨੂੰ ਰਾਸ਼ਟਰ ਨੂੰ ਸਮਰਪਿਤ ਕਰਨ ਤੋਂ ਬਾਅਦ ਇੱਕ ਜਨਤਕ ਇਕੱਠ ਨੂੰ ਸੰਬੋਧਨ ਕਰਦੇ ਹੋਏ ਦਿੱਤਾ।

ਉਨ੍ਹਾਂ ਕਿਹਾ ਕਿ 4 ਮਈ ਨੂੰ ਐਲਾਨੇ ਗਏ ਪੰਜ ਰਾਜਾਂ ਵਿੱਚ ਇਨ੍ਹਾਂ ਚੋਣਾਂ ਦੇ ਨਤੀਜੇ 'ਵਿਕਸਤ ਭਾਰਤ' ਦੇ ਇਰਾਦੇ ਨੂੰ ਮਜ਼ਬੂਤ ? ?ਕਰਨਗੇ ਅਤੇ ਦੇਸ਼ ਦੇ ਵਿਕਾਸ ਵਿੱਚ ਨਵੀਂ ਊਰਜਾ ਭਰ ਦੇਣਗੇ। ਪੀਐੱਮ ਮੋਦੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਜਦੋਂ ਬਿਹਾਰ ਵਿੱਚ ਚੋਣਾਂ ਹੋਈਆਂ ਸਨ, ਤਾਂ ਭਾਜਪਾ ਅਤੇ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਨੇ ਸ਼ਾਨਦਾਰ ਜਿੱਤ ਦਰਜ ਕਰਕੇ ਇਤਿਹਾਸ ਰਚਿਆ ਸੀ। ਉਨ੍ਹਾਂ ਦੱਸਿਆ ਕਿ ਕੱਲ੍ਹ ਹੀ ਗੁਜਰਾਤ ਵਿੱਚ ਨਗਰ ਨਿਗਮ, ਨਗਰ ਪ੍ਰੀਸ਼ਦ, ਜ਼ਿਲ੍ਹਾ ਪੰਚਾਇਤ, ਨਗਰ ਪ੍ਰੀਸ਼ਦ ਅਤੇ ਤਹਿਸੀਲ ਪੰਚਾਇਤ ਚੋਣਾਂ ਦੇ ਨਤੀਜੇ ਐਲਾਨੇ ਗਏ ਹਨ, ਜਿਸ ਵਿੱਚ ਭਾਜਪਾ ਨੇ ਸਥਾਨਕ ਸੰਸਥਾਵਾਂ ਅਤੇ ਪੰਚਾਇਤਾਂ ਵਿੱਚੋਂ 80 ਤੋਂ 85 ਪ੍ਰਤੀਸ਼ਤ ਜਿੱਤ ਪ੍ਰਾਪਤ ਕੀਤੀ ਹੈ।

ਇਸ ਸੰਦਰਭ ਵਿੱਚ ਉਨ੍ਹਾਂ ਨੇ ਅਸਾਮ, ਕੇਰਲ, ਪੁਡੁਚੇਰੀ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਦੀ ਹੈਟ੍ਰਿਕ ਨੂੰ ਦੁਹਰਾਇਆ।

ਬੇਅਦਬੀ ਵਿਰੋਧੀ ਕਾਨੂੰਨ: ਪਟੀਸ਼ਨ ਦੀ ਵਾਜਬੀਅਤ ਪਰਖੇਗੀ ਹਾਈ ਕੋਰਟ

ਸੂਬਾ ਸਰਕਾਰ ਨੇ ਪਟੀਸ਼ਨਰ ਦੇ ਅਧਿਕਾਰ ਖੇਤਰ ਤੇ ਪਿਛੋਕੜ ਬਾਰੇ ਸਵਾਲ ਉਠਾਏ; ਅਗਲੀ ਸੁਣਵਾਈ 8 ਨੂੰ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਨਵੇਂ ਸੋਧੇ ਗਏ ਬੇਅਦਬੀ ਵਿਰੋਧੀ ਕਾਨੂੰਨ ਨੂੰ ਰੱਦ ਕਰਨ ਲਈ ਦਾਖਲ ਪਟੀਸ਼ਨ ਤੋਂ ਕਰੀਬ ਇੱਕ ਹਫ਼ਤੇ ਬਾਅਦ, ਅਦਾਲਤ ਨੇ ਬੁੱਧਵਾਰ ਨੂੰ ਸਪਸ਼ਟ ਕੀਤਾ ਕਿ ਉਹ ਪਹਿਲਾਂ ਇਹ ਜਾਂਚੇਗੀ ਕਿ ਕੀ ਇਹ ਪਟੀਸ਼ਨ ਸੁਣਵਾਈ ਦੇ ਯੋਗ ਹੈ ਜਾਂ ਨਹੀਂ। ਇਹ ਫੈਸਲਾ ਸੂਬਾ ਸਰਕਾਰ ਵੱਲੋਂ ਪਟੀਸ਼ਨਕਰਤਾ ਦੇ ਪਿਛੋਕੜ ਅਤੇ ਇਸ ਮਾਮਲੇ ਨਾਲ ਉਸ ਦੇ ਸਬੰਧ 'ਤੇ ਇਤਰਾਜ਼ ਉਠਾਉਣ ਤੋਂ ਬਾਅਦ ਲਿਆ ਗਿਆ ਹੈ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਕਿਹਾ, 'ਇਸ ਅਦਾਲਤ ਨੂੰ ਗੰਭੀਰਤਾ ਨਾਲ ਇਹ ਦੇਖਣਾ ਹੋਵੇਗਾ ਕਿ ਪਟੀਸ਼ਨ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ ਜਾਂ ਨਹੀਂ, ਜਾਂ ਇਸ ਨੂੰ ਸ਼ੁਰੂਆਤ ਵਿੱਚ ਹੀ ਖਾਰਜ ਕਰ ਦਿੱਤਾ ਜਾਵੇ।' ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 8 ਮਈ ਨੂੰ ਹੋਵੇਗੀ।

ਜਦੋਂ ਅਦਾਲਤ ਵਿੱਚ ਇਸ ਮਾਮਲੇ ਦੀ ਸ਼ੁਰੂਆਤੀ ਸੁਣਵਾਈ ਹੋਈ, ਤਾਂ ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਦੱਸਿਆ ਕਿ ਪਟੀਸ਼ਨਕਰਤਾ ਦਾ ਬਾਰ ਲਾਇਸੈਂਸ ਮੁਅੱਤਲ ਹੈ, ਕਿਉਂਕਿ ਉਸ ਦੀ ਪੜ੍ਹਾਈ ਦੀ ਡਿਗਰੀ (ਅਕਾਦਮਿਕ ਡਿਗਰੀ) ਅਸਲੀ ਹੈ ਜਾਂ ਨਹੀਂ, ਇਸ ਦੀ ਜਾਂਚ ਚੱਲ ਰਹੀ ਹੈ।

ਪਟੀਸ਼ਨ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਐਡਵੋਕੇਟ ਜਨਰਲ ਬੇਦੀ ਨੇ ਕਿਹਾ ਕਿ ਪਟੀਸ਼ਨ ਪਾਉਣ ਵਾਲੇ ਵਿਅਕਤੀ ਨੂੰ 'ਆਦਤਨ ਸ਼ਿਕਾਇਤਾਂ ਕਰਨ ਵਾਲਾ' ਐਲਾਨਿਆ ਗਿਆ ਹੈ ਅਤੇ ਉਸ ਦਾ ਨਾਂ ਵਿਜੀਲੈਂਸ ਬਿਊਰੋ ਵੱਲੋਂ ਤਿਆਰ ਕੀਤੀ ਅਜਿਹੇ ਲੋਕਾਂ ਦੀ ਖਾਸ ਸੂਚੀ ਵਿੱਚ ਵੀ ਸ਼ਾਮਲ ਹੈ। ਬੇਦੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਟੀਸ਼ਨਕਰਤਾ ਦਾ ਪਿਛੋਕੜ ਅਤੇ ਉਸ ਦਾ ਅਸਲੀ ਕਿਰਦਾਰ ਹੈ।

ਦੂਜੇ ਪਾਸੇ, ਪਟੀਸ਼ਨਕਰਤਾ ਵੱਲੋਂ ਦਲੀਲ ਦਿੱਤੀ ਗਈ ਕਿ ਇਹ ਮਾਮਲਾ ਜਨਤਕ ਮਹੱਤਤਾ ਵਾਲਾ ਹੈ। ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਪਟੀਸ਼ਨਕਰਤਾ ਨਾਲ ਜੁੜੀ ਸਾਰੀ ਜਾਣਕਾਰੀ ਹਲਫ਼ਨਾਮੇ ਰਾਹੀਂ ਪੇਸ਼ ਕਰ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਉਸ 'ਤੇ ਕੋਈ ਵੀ ਪੁਲੀਸ ਕੇਸ ਦਰਜ ਨਹੀਂ ਹੈ ਅਤੇ ਨਾ ਹੀ ਉਸ ਦੀ ਡਿਗਰੀ ਨੂੰ ਹਾਲੇ ਤੱਕ ਗਲਤ ਕਰਾਰ ਦਿੱਤਾ ਗਿਆ ਹੈ।

ਪਟੀਸ਼ਨ ਪਾਉਣ ਵਾਲਾ ਵਿਅਕਤੀ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਨੂੰ ਰੱਦ ਕਰਵਾਉਣਾ ਚਾਹੁੰਦਾ ਹੈ, ਇਹ ਕਾਨੂੰਨ ਬੇਅਦਬੀ ਦੇ ਮਾਮਲਿਆਂ ਵਿੱਚ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦਿੰਦਾ ਹੈ। ਇਸ ਕਾਨੂੰਨ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੇ ਹੋਏ ਜਲੰਧਰ ਦੇ ਰਹਿਣ ਵਾਲੇ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਇਹ ਕਾਨੂੰਨ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਸੀ, ਜਿਸ ਨੂੰ 17 ਅਪਰੈਲ ਨੂੰ ਰਾਜਪਾਲ ਨੇ ਮਨਜ਼ੂਰੀ ਦਿੱਤੀ ਅਤੇ 20 ਅਪਰੈਲ ਨੂੰ ਸਰਕਾਰੀ ਤੌਰ 'ਤੇ ਨੋਟੀਫਾਈ ਕੀਤਾ ਗਿਆ ਸੀ।

ਇਸ ਕਾਨੂੰਨ ਨੂੰ ਚੁਣੌਤੀ ਦੇਣ ਦੇ ਕਾਰਨ ਦੱਸਦਿਆਂ ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਇਸ ਐਕਟ ਨੂੰ ਸੰਵਿਧਾਨ ਦੀ ਧਾਰਾ 254(2) ਅਨੁਸਾਰ ਰਾਸ਼ਟਰਪਤੀ ਦੀ ਲੋੜੀਂਦੀ ਮਨਜ਼ੂਰੀ ਹਾਸਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੀ ਧਾਰਾ 5(3) ਤਹਿਤ ਉਮਰ ਕੈਦ ਵਰਗੀਆਂ ਸਜ਼ਾਵਾਂ ਤੈਅ ਕੀਤੀਆਂ ਗਈਆਂ ਹਨ, ਜੋ ਕਿ ਕੇਂਦਰ ਅਤੇ ਸੂਬੇ ਦੀ ਸਾਂਝੀ ਸੂਚੀ (ਕੰਕਰੰਟ ਲਿਸਟ) ਦਾ ਵਿਸ਼ਾ ਹਨ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਸਜ਼ਾਵਾਂ ਮੌਜੂਦਾ 'ਭਾਰਤੀ ਨਿਆਂ ਸੰਹਿਤਾ' (ਬੀ.ਐਨ.ਐਸ.) ਨਾਲ ਮੇਲ ਨਹੀਂ ਖਾਂਦੀਆਂ, ਇਸ ਲਈ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਰਾਸ਼ਟਰਪਤੀ ਦੀ ਸਹਿਮਤੀ ਜ਼ਰੂਰੀ ਸੀ। ਸਰਕਾਰੀ ਗਜ਼ਟ ਮੁਤਾਬਕ ਸਿਰਫ਼ ਰਾਜਪਾਲ ਦੀ ਮਨਜ਼ੂਰੀ ਲਈ ਗਈ ਹੈ, ਜਿਸ ਕਾਰਨ ਇਹ ਪੂਰਾ ਕਾਨੂੰਨ ਪ੍ਰਕਿਰਿਆ ਦੇ ਪੱਖੋਂ ਗਲਤ ਅਤੇ ਗੈਰ-ਸੰਵਿਧਾਨਕ ਸਿੱਧ ਹੁੰਦਾ ਹੈ।

ਪਟੀਸ਼ਨ ਵਿੱਚ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਅਤੇ ਧਰਮ ਨਿਰਪੱਖਤਾ ਦੇ ਸਿਧਾਂਤ ਦਾ ਮੁੱਦਾ ਵੀ ਚੁੱਕਿਆ ਗਿਆ ਹੈ। ਇਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਇਹ ਕਾਨੂੰਨ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਲਈ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਕਰਦਾ ਹੈ। ਦੂਜੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਇਸ ਵਿੱਚ ਸ਼ਾਮਲ ਨਾ ਕਰਕੇ, ਇਹ ਕਾਨੂੰਨ ਸਭ ਲਈ ਬਰਾਬਰ ਹੋਣ ਦੀ ਸ਼ਰਤ 'ਤੇ ਪੂਰਾ ਨਹੀਂ ਉਤਰਦਾ।

ਅਮਰੀਕਾ ਵਿੱਚ ਰਿਪਬਲਿਕਨ ਸੰਸਦ ਮੈਂਬਰਾਂ ਵੱਲੋਂ 'ਐਚ-1ਬੀ ਵੀਜ਼ਾ ਦੁਰਵਰਤੋਂ ਰੋਕੂ ਐਕਟ-2026' ਪੇਸ਼

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਿਪਬਲਿਕਨ ਸੰਸਦ ਮੈਂਬਰਾਂ ਨੇ 'ਐਚ-1ਬੀ ਵੀਜ਼ਾ ਦੁਰਵਰਤੋਂ ਸਮਾਪਤੀ ਐਕਟ,2026' ਪੇਸ਼ ਕੀਤਾ ਹੈ। ਇਸ ਬਿੱਲ ਦਾ ਮੁੱਖ ਮਕਸਦ ਅਮਰੀਕੀ ਕੰਪਨੀਆਂ ਵੱਲੋਂ ਸਸਤੀ ਵਿਦੇਸ਼ੀ ਲੇਬਰ ਦੀ ਵਰਤੋਂ ਨੂੰ ਰੋਕਣਾ ਅਤੇ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਨੂੰ ਸੁਰੱਖਿਅਤ ਕਰਨਾ ਹੈ।

ਬਿੱਲ ਵਿੱਚ ਕੀ-ਕੀ ਵੱਡੀਆਂ ਤਬਦੀਲੀਆਂ ਦਾ ਪ੍ਰਸਤਾਵ ਹੈ:

ਐਚ-1ਬੀ ਵੀਜ਼ਾ ਪ੍ਰੋਗਰਾਮ 'ਤੇ ਤਿੰਨ ਸਾਲਾਂ ਲਈ ਪੂਰੀ ਤਰ੍ਹਾਂ ਰੋਕ ਲਗਾਉਣ ਦਾ ਸੁਝਾਅ ਹੈ। ਹਰ ਸਾਲ ਦਿੱਤੇ ਜਾਣ ਵਾਲੇ ਵੀਜ਼ਿਆਂ ਦੀ ਗਿਣਤੀ 65,000 ਤੋਂ ਘਟਾ ਕੇ ਸਿਰਫ਼ 25,000 ਕਰਨ ਦੀ ਗੱਲ ਕਹੀ ਗਈ ਹੈ। ਵੀਜ਼ਾ ਧਾਰਕ ਦੀ ਘੱਟੋ-ਘੱਟ ਸਾਲਾਨਾ ਤਨਖਾਹ 2,00,000 ਅਮਰੀਕੀ ਡਾਲਰ ਹੋਣੀ ਚਾਹੀਦੀ ਹੈ, ਤਾਂ ਜੋ ਸਿਰਫ ਉੱਚ ਯੋਗਤਾ ਵਾਲੇ ਲੋਕ ਹੀ ਆ ਸਕਣ। ਐਚ-1ਬੀ ਵੀਜ਼ਾ ਧਾਰਕ ਹੁਣ ਆਪਣੇ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਨਹੀਂ ਲਿਜਾ ਸਕਣਗੇ।

ਪੜ੍ਹਾਈ ਤੋਂ ਬਾਅਦ ਮਿਲਣ ਵਾਲੀ ਟ੍ਰੇਨਿੰਗ ਨੂੰ ਖਤਮ ਕਰਨ ਅਤੇ

ਐਚ-1ਬੀ ਤੋਂ ਸਿੱਧਾ ਗ੍ਰੀਨ ਕਾਰਡ (ਪੱਕੀ ਰਿਹਾਇਸ਼) ਅਪਲਾਈ ਕਰਨ 'ਤੇ ਰੋਕ ਲਗਾਉਣ ਦਾ ਪ੍ਰਸਤਾਵ ਹੈ।

ਬਿੱਲ ਲਿਆਉਣ ਪਿੱਛੇ ਦੇ ਤਰਕ

ਸੰਸਦ ਮੈਂਬਰਾਂ ਦਾ ਕਹਿਣਾ ਹੈ ਕਿ ਵੱਡੀਆਂ ਕੰਪਨੀਆਂ ਅਮਰੀਕੀ ਲੋਕਾਂ ਨੂੰ ਨੌਕਰੀ ਦੇਣ ਦੀ ਬਜਾਏ ਬਾਹਰੋਂ ਸਸਤੇ ਕਾਮੇ ਮੰਗਵਾਉਂਦੀਆਂ ਹਨ। ਦੋਸ਼ ਲਾਇਆ ਗਿਆ ਹੈ ਕਿ ਐਚ 1 ਬੀ ਸਿਸਟਮ ਨੂੰ 'ਹਾਈਜੈਕ' ਕਰ ਲਿਆ ਗਿਆ ਹੈ ਅਤੇ ਇਹ ਹੁਣ ਸਿਰਫ ਕਾਰਪੋਰੇਟ ਮੁਨਾਫੇ ਲਈ ਵਰਤਿਆ ਜਾ ਰਿਹਾ ਹੈ। ਬਿੱਲ ਚਾਹੁੰਦਾ ਹੈ ਕਿ ਇਹ ਵੀਜ਼ਾ ਸਿਰਫ 'ਆਰਜ਼ੀ' ਰਹੇ ਅਤੇ ਲੋਕ ਕੰਮ ਖਤਮ ਕਰਕੇ ਵਾਪਸ ਆਪਣੇ ਦੇਸ਼ ਜਾਣ।

ਭਾਰਤੀਆਂ 'ਤੇ ਕੀ ਪਵੇਗਾ ਅਸਰ ?

ਭਾਰਤੀ ਆਈ.ਟੀ. ਪੇਸ਼ੇਵਰ ਅਤੇ ਡਾਕਟਰ ਐਚ- 1ਬੀ ਵੀਜ਼ਾ ਦੀ ਸਭ ਤੋਂ ਵੱਧ ਵਰਤੋਂ ਕਰਦੇ ਹਨ। ਜੇਕਰ ਇਹ ਬਿੱਲ ਕਾਨੂੰਨ ਬਣਦਾ ਹੈ ਤਾਂ:

ਭਾਰਤੀਆਂ ਲਈ ਅਮਰੀਕਾ ਜਾ ਕੇ ਕੰਮ ਕਰਨਾ ਬਹੁਤ ਔਖਾ ਹੋ ਜਾਵੇਗਾ। ਪਰਿਵਾਰ ਤੋਂ ਦੂਰ ਰਹਿਣ ਦੀ ਸ਼ਰਤ ਕਾਰਨ ਬਹੁਤ ਸਾਰੇ ਲੋਕ ਉੱਥੇ ਜਾਣ ਦਾ ਵਿਚਾਰ ਛੱਡ ਸਕਦੇ ਹਨ। ਗ੍ਰੀਨ ਕਾਰਡ ਦੇ ਚਾਹਵਾਨਾਂ ਲਈ ਰਾਹ ਬੰਦ ਹੋ ਸਕਦੇ ਹਨ। ਫਿਲਹਾਲ ਇਹ ਸਿਰਫ ਇੱਕ ਬਿੱਲ ਹੈ, ਜੋ ਸੰਸਦ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਨੂੰ ਕਾਨੂੰਨ ਬਣਨ ਲਈ ਕਈ ਪੜਾਵਾਂ ਵਿੱਚੋਂ ਗੁਜ਼ਰਨਾ ਪਵੇਗਾ ਅਤੇ ਇਸ ਦਾ ਸਖ਼ਤ ਵਿਰੋਧ ਹੋਣ ਦੀ ਵੀ ਸੰਭਾਵਨਾ ਹੈ।

ਟਰੰਪ ਦੀ 'ਗੋਲਡ ਕਾਰਡ' ਵੀਜ਼ਾ ਸਕੀਮ ਨੂੰ ਮਿਲਿਆ ਮੱਠਾ ਹੁਲਾਰਾ

ਹੁਣ ਤੱਕ ਸਿਰਫ਼ ਇੱਕ ਅਰਜ਼ੀ ਨੂੰ ਮਿਲੀ ਮਨਜ਼ੂਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੇ ਗਏ 'ਗੋਲਡ ਕਾਰਡ' ਵੀਜ਼ਾ ਪ੍ਰੋਗਰਾਮ ਤਹਿਤ ਹੁਣ ਤੱਕ ਸਿਰਫ਼ ਇੱਕ ਹੀ ਵਿਅਕਤੀ ਦੀ ਅਰਜ਼ੀ ਸਵੀਕਾਰ ਕੀਤੀ ਗਈ ਹੈ। ਇਸ ਗੱਲ ਦਾ ਖੁਲਾਸਾ ਅਮਰੀਕੀ ਵਣਜ ਮੰਤਰੀ ਹਾਵਰਡ ਲਟਨਿਕ ਨੇ ਕੀਤਾ ਹੈ।

ਇਸ ਪ੍ਰੋਗਰਾਮ ਤਹਿਤ ਕੋਈ ਵੀ ਵਿਅਕਤੀ 10 ਲੱਖ ਡਾਲਰ (ਲਗਪਗ 8.5 ਕਰੋੜ ਰੁਪਏ) ਦੀ ਫੀਸ ਅਦਾ ਕਰਕੇ ਅਮਰੀਕਾ ਵਿੱਚ ਸਥਾਈ ਨਿਵਾਸ ਹਾਸਲ ਕਰ ਸਕਦਾ ਹੈ। ਜਿਸ ਵਿਅਕਤੀ ਦੀ ਅਰਜ਼ੀ ਮਨਜ਼ੂਰ ਹੋਈ ਹੈ, ਉਸ ਦੀ ਪਛਾਣ ਫਿਲਹਾਲ ਗੁਪਤ ਰੱਖੀ ਗਈ ਹੈ। ਲਟਨਿਕ ਨੇ ਅਮਰੀਕੀ ਹਾਊਸ ਕਮੇਟੀ ਨੂੰ ਦੱਸਿਆ ਕਿ ਸੈਂਕੜੇ ਹੋਰ ਅਰਜ਼ੀਆਂ ਅਜੇ ਜਾਂਚ ਦੇ ਅਧੀਨ

ਹਨ।

ਸਖ਼ਤ ਜਾਂਚ ਤੇ ਭਾਰੀ ਪ੍ਰੋਸੈਸਿੰਗ ਫੀਸ

ਹਾਵਰਡ ਲਟਨਿਕ ਅਨੁਸਾਰ, ਇਸ ਵੀਜ਼ਾ ਲਈ ਚੁਣੇ ਜਾਣ ਦੀ ਪ੍ਰਕਿਰਿਆ ਬਹੁਤ ਸਖ਼ਤ ਹੈ:

ਹਰ ਬਿਨੈਕਾਰ ਨੂੰ ਬਹੁਤ ਡੂੰਘੀ ਜਾਂਚ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ। ਅਰਜ਼ੀ ਦੇ ਨਾਲ 15,000 ਡਾਲਰ (ਲਗਪਗ 12.7 ਲੱਖ ਰੁਪਏ) ਪ੍ਰੋਸੈਸਿੰਗ ਫੀਸ ਵਜੋਂ ਦੇਣੇ ਪੈਂਦੇ ਹਨ। ਇਸ ਯੋਜਨਾ ਦਾ ਮੁੱਖ ਮਕਸਦ ਦੁਨੀਆ ਭਰ ਦੇ ਅਮੀਰ ਅਤੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਅਮਰੀਕਾ ਵੱਲ ਆਕਰਸ਼ਿਤ ਕਰਨਾ ਹੈ।

ਨਿਵੇਸ਼ ਤੇ ਟੈਲੇਂਟ 'ਤੇ ਜ਼ੋਰ

ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਦਸੰਬਰ ਵਿੱਚ ਇਸ ਵੀਜ਼ਾ ਲਈ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਸਨ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਵਿੱਚ ਵੱਡਾ ਨਿਵੇਸ਼ ਆਵੇਗਾ ਅਤੇ ਵਿਦੇਸ਼ੀ ਪ੍ਰਤਿਭਾ ਦੇ ਆਉਣ ਨਾਲ ਅਮਰੀਕੀ ਆਰਥਿਕਤਾ ਨੂੰ ਮਜ਼ਬੂਤੀ ਮਿਲੇਗੀ। ਹਾਲਾਂਕਿ, ਮੰਤਰੀ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇੱਕ ਅਰਜ਼ੀ ਨੂੰ ਪ੍ਰੋਸੈਸ ਕਰਨ ਵਿੱਚ ਕਿੰਨਾ ਸਮਾਂ ਲੱਗਦਾ ਹੈ ਜਾਂ ਚੋਣ ਲਈ ਹੋਰ ਕਿਹੜੇ ਮਾਪਦੰਡ ਤੈਅ ਕੀਤੇ ਗਏ ਹਨ।

ਮੇਟਾ ਦੁਆਰਾ ਹਜ਼ਾਰਾਂ ਮੁਲਾਜ਼ਮਾਂ ਦੀ ਛਾਂਟੀ ਕਰਨ ਦੀ ਯੋਜਨਾ

ਸੈਕਾਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਮੇਟਾ ਦੁਆਰਾ ਇਸ ਸਾਲ ਵੱਡੀ ਪੱਧਰ 'ਤੇ ਮੁਲਾਜ਼ਮਾਂ ਦੀ ਛਾਂਟੀ ਕਰਨ ਦੀ ਯੋਜਨਾ ਹੈ। ਮੇਟਾ ਨਾਲ ਜੁੜੇ ਸੂਤਰਾਂ ਅਨੁਸਾਰ ਇਸ ਸਾਲ ਹਜ਼ਾਰਾਂ ਮੁਲਾਜ਼ਮਾਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਜਾਵੇਗਾ। ਫ਼ੇਸਬੁੱਕ ਤੇ ਇੰਸਟ੍ਰਾਗਰਾਮ ਮਾਲਕ ਵੱਲੋਂ ਸ਼ੁਰੂਆਤੀ ਦੌਰ ਵਿੱਚ ਕੌਮਾਂਤਰੀ ਪੱਧਰ 'ਤੇ ਆਪਣੇ ਮੁਲਾਜ਼ਮਾਂ ਦੀ 10% ਜੋ ਕਿ 8000 ਦੇ ਕਰੀਬ ਗਿਣਤੀ ਬਣਦੀ ਹੈ, ਦੀ ਛਾਂਟੀ ਕੀਤੀ ਜਾਵੇਗੀ।

ਕੁਲ ਮਿਲਾ ਕੇ ਉਸ ਵੱਲੋਂ 20 ਫ਼ੀਸਦੀ ਮੁਲਾਜ਼ਮ ਕੰਮ ਤੋਂ ਹਟਾਉਣ ਦੀ ਯੋਜਨਾ ਹੈ। ਹਾਲਾਂ ਕਿ ਮੇਟਾ ਨੇ ਇਸ ਸਬੰਧੀ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ। ਦਰਅਸਲ ਕੰਪਨੀ ਦੇ ਸੀ ਈ ਓ ਮਾਰਕ ਜ਼ੁਕਰਬਰਗ ਅਰਬਾਂ ਡਾਲਰ ਏ. ਆਈ. ਵਿੱਚ ਨਿਵੇਸ਼ ਕਰ ਰਹੇ ਹਨ ਤੇ ਆਪਣੀ ਕੰਪਨੀ ਵਿੱਚ ਨਾਟਕੀ ਤਬਦੀਲੀਆਂ ਕਰਨਾ ਚਾਹੁੰਦੇ ਹਨ। ਇਥੇ ਜ਼ਿਕਰ ਯੋਗ ਹੈ ਕਿ ਬਦਲ ਰਹੇ ਹਾਲਾਤ ਦੇ ਮੱਦੇ-ਨਜ਼ਰ ਪਿਛਲੇ ਕੁਝ ਮਹੀਨਿਆਂ ਦੌਰਾਨ ਐਮਾਜ਼ੋਨ ਡਾਟ ਕਾਮ ਨੇ 30,000 ਮੁਲਾਜ਼ਮਾਂ ਦੀ ਛਾਂਟੀ ਕੀਤੀ ਹੈ।

ਕਾਸ਼ ਪਟੇਲ ਵੱਲੋਂ ਮੈਗਜ਼ੀਨ ਵਿਰੁੱਧ 25 ਕਰੋੜ ਡਾਲਰ ਦਾ ਮਾਨਹਾਨੀ ਦਾਅਵਾ

ਸੈਕਰਾਮੈਂਟੋ, ਕੈਲੀਫ਼ੋਰਨੀਆ /ਹੁਸਨ ਲੜੋਆ ਬੰਗਾ: ਐਫ਼. ਬੀ. ਆਈ. ਮੁਖੀ ਕਾਸ਼ ਪਟੇਲ ਨੇ ਐਟਲਾਂਟਿਕ ਮੈਗਜ਼ੀਨ ਵੱਲੋਂ ਇੱਕ ਸਮਾਗਮ ਦੌਰਾਨ ਉਸ ਦੇ ਵਿਵਹਾਰ ਸਬੰਧੀ ਛਾਪੀ ਰਿਪੋਰਟ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ ਤੇ 25 ਕਰੋੜ ਡਾਲਰ ਦਾ ਮਾਨਹਾਨੀ ਦਾਅਵਾ ਕੀਤਾ ਹੈ। ਮੈਗਜ਼ੀਨ ਤੇ ਸਟਾਫ਼ ਮੈਂਬਰ ਸਾਰਾਹ ਫ਼ਿਟਜ਼ਪੈਟਰਿਕ ਵਿਰੁੱਧ ਦਾਇਰ ਪਟੀਸ਼ਨ ਵਿੱਚ ਪ੍ਰਕਾਸ਼ਿਤ ਤੱਥਾਂ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਿਆਦਾ ਸ਼ਰਾਬ ਪੀਣ ਕਾਰਨ ਪਟੇਲ ਨੂੰ ਕੋਈ ਹੋਸ਼ ਨਹੀਂ ਰਹੀ ਤੇ ਉਸ ਨੇ ਗਲਤ ਵਿਵਹਾਰ ਕੀਤਾ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਿਪੋਰਟ ਘੜੀ ਗਈ ਹੈ ਤੇ ਇਸ ਦਾ ਮਕਸਦ ਪਟੇਲ ਦੇ ਕਿਰਦਾਰ ਨੂੰ ਨੁਕਸਾਨ ਪਹੁੰਚਾਉਣਾ ਹੈ ਤਾਂ ਜੋ ਉਸ ਨੂੰ ਅਹੁਦੇ ਤੋਂ ਹਟਣ ਲਈ ਮਜਬੂਰ ਕੀਤਾ ਜਾ ਸਕੇ। ਦੂਸਰੇ ਪਾਸੇ ਮੈਗਜ਼ੀਨ ਨੇ ਕਿਹਾ ਹੈ ਕਿ ਉਹ ਆਪਣੇ ਆਪ ਤੇ ਆਪਣੇ ਪੱਤਰਕਾਰਾਂ ਦਾ ਪੂਰੀ ਤਾਕਤ ਨਾਲ ਬਚਾਅ ਕਰਨਗੇ। ਮੈਗਜ਼ੀਨ ਅਨੁਸਾਰ ਰਿਪੋਰਟ ਵਿੱਚ ਕੁਝ ਵੀ ਗਲਤ ਨਹੀਂ ਹੈ ਜੋ ਹੋਇਆ ਹੈ ਉਹ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ।

ਅਮਰੀਕਾ ਦੀ ਤਰੱਕੀ ਵਿੱਚ ਪ੍ਰਵਾਸੀਆਂ ਦਾ ਵੱਡਾ ਯੋਗਦਾਨ : ਅਮਰੀਕੀ ਆਗੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੋਸ਼ਲ ਮੀਡੀਆ 'ਤੇ ਇੱਕ ਵਿਵਾਦਿਤ ਪੋਸਟ ਨੇ ਹੰਗਾਮਾ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਨੇ ਰੇਡੀਓ ਹੋਸਟ ਮਾਈਕਲ ਸੈਵੇਜ ਦੇ ਪੋਡਕਾਸਟ ਦਾ ਟ੍ਰਾਂਸਕ੍ਰਿਪਟ ਸਾਂਝਾ ਕੀਤਾ ਸੀ, ਜਿਸ ਵਿੱਚ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਨੂੰ ਨਰਕ ਦੱਸਿਆ ਗਿਆ ਸੀ। ਇਸ ਬਿਆਨ 'ਤੇ ਭਾਰਤੀ-ਅਮਰੀਕੀ ਸੰਸਦ ਮੈਂਬਰਾਂ, ਭਾਈਚਾਰਕ ਆਗੂਆਂ ਅਤੇ ਭਾਰਤ ਸਰਕਾਰ ਨੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ।

ਟਰੰਪ ਨੇ 'ਟਰੂਥ ਸੋਸ਼ਲ' 'ਤੇ ਮਾਈਕਲ ਸੈਵੇਜ ਦੇ 'ਸੈਵੇਜ ਨੇਸ਼ਨ' ਪੋਡਕਾਸਟ ਦਾ ਇੱਕ ਹਿੱਸਾ ਸ਼ੇਅਰ ਕੀਤਾ। ਇਸ ਵਿੱਚ ਸੈਵੇਜ ਨੇ ਅਮਰੀਕਾ ਦੇ ਜਨਮ-ਅਧਾਰਿਤ ਨਾਗਰਿਕਤਾ ਕਾਨੂੰਨ 'ਤੇ ਸਵਾਲ ਉਠਾਉਂਦੇ ਹੋਏ ਇਲਜ਼ਾਮ ਲਗਾਇਆ ਕਿ ਭਾਰਤ ਅਤੇ ਚੀਨ ਤੋਂ ਲੋਕ ਅਮਰੀਕਾ ਆ ਕੇ ਆਖਰੀ ਮਹੀਨੇ ਵਿੱਚ ਬੱਚਾ ਪੈਦਾ ਕਰਦੇ ਹਨ, ਤਾਂ ਜੋ ਬੱਚਾ ਤੁਰੰਤ ਅਮਰੀਕੀ ਨਾਗਰਿਕ ਬਣ ਸਕੇ ਅਤੇ ਬਾਅਦ ਵਿੱਚ ਪੂਰਾ ਪਰਿਵਾਰ ਉੱਥੇ ਆ ਸਕੇ।

ਸੈਵੇਜ ਨੇ ਭਾਰਤ-ਚੀਨ ਨੂੰ ਨਰਕ ਕਰਾਰ ਦਿੱਤਾ ਅਤੇ ਭਾਰਤੀ ਪੇਸ਼ੇਵਰਾਂ ਲਈ 'ਲੈਪਟਾਪ ਵਾਲੇ ਗੈਂਗਸਟਰ' ਵਰਗੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ।

ਭਾਰਤੀ-ਅਮਰੀਕੀ ਨੇਤਾਵਾਂ ਦੀ ਤਿੱਖੀ ਪ੍ਰਤੀਕਿਰਿਆ

ਇਸ ਬਿਆਨ 'ਤੇ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰਾਂ ਨੇ ਕਰਾਰਾ ਜਵਾਬ ਦਿੱਤਾ ਹੈ। ਕੈਲੀਫੋਰਨੀਆ ਤੋਂ ਡੈਮੋਕ੍ਰੇਟ ਸੰਸਦ ਮੈਂਬਰ ਏਮੀ ਬੇਰਾ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ-ਪਿਤਾ ਭਾਰਤ ਤੋਂ ਆਏ ਸਨ ਅਤੇ ਸਖ਼ਤ ਮਿਹਨਤ ਕਰਕੇ ਹੀ 'ਅਮਰੀਕੀ ਸੁਪਨਾ' ਸਾਕਾਰ ਕਰਨ ਦਾ ਮੌਕਾ ਪਾ ਸਕੇ। ਉਨ੍ਹਾਂ ਕਿਹਾ ਕਿ ਪ੍ਰਵਾਸੀ ਅਮਰੀਕਾ ਨੂੰ ਕਮਜ਼ੋਰ ਨਹੀਂ ਕਰਦੇ, (**ਬਾਕੀ ਸਫ਼ਾ 27 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਹਜ਼ਾਰਾਂ ਵਿਦਿਆਰਥੀਆਂ ਲਈ ਬੋਝ ਬਣਿਆ ਕੈਨੇਡਾ ਦਾ ਸੁਪਨਾ

ਕੈਨੇਡਾ ’ਚ ਪੱਕੇ ਹੋਣ ਲਈ ਪੰਜਾਬੀ ਵੇਚ ਰਹੇ ਜ਼ਮੀਨਾਂ

ਕਰਜ਼ਾ ਲੈ ਕੇ ਭਰੀਆਂ ਜਾ ਰਹੀਆਂ ਨੇ ਵਕੀਲਾਂ ਦੀਆਂ ਫ਼ੀਸਾਂ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਵਿੱਚ ਇਮੀਗ੍ਰੇਸ਼ਨ ਨਿਯਮ ਸਖ਼ਤ ਹੋਣ ਨਾਲ ਪੰਜਾਬ ਦੇ ਹਜ਼ਾਰਾਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਪੰਜਾਬ ਦੇ ਬਹੁਤ ਸਾਰੇ ਨੌਜਵਾਨ ਜੋ ਪੜ੍ਹਾਈ ਲਈ ਪ੍ਰਿੰਸ ਐਡਵਰਡ ਆਈਲੈਂਡ ਅਤੇ ਓਨਟਾਰੀਓ ਵਰਗੇ ਸੂਬਿਆਂ ਵਿੱਚ ਗਏ ਸਨ ਅਤੇ ਬਾਅਦ ਵਿੱਚ ਕੰਮ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਹੁਣ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੇ ਪੱਕੇ ਹੋਣ ਲਈ ਸਥਾਈ ਨਿਵਾਸ ਦਸਤਾਵੇਜ਼ ਵੀ ਜਮ੍ਹਾਂ ਨਹੀਂ ਕਰਵਾਏ ਹਨ। ਜੇਕਰ ਕਿਸੇ ਨੇ ਦਸਤਾਵੇਜ਼ ਲਗਾਏ ਵੀ ਹਨ ਤਾਂ ਵੀ ਉਨ੍ਹਾਂ ਨੂੰ ਕੈਨੇਡੀਅਨ ਸਰਕਾਰ ਨੂੰ ਸਬੂਤ ਦੇਣਾ ਪਵੇਗਾ।

ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕੈਨੇਡੀਅਨ ਵਕੀਲਾਂ ਨੂੰ ਨੌਜਵਾਨ ਬਹੁਤ ਜ਼ਿਆਦਾ ਫੀਸਾਂ ਦੇ ਰਹੇ ਹਨ। ਪੰਜਾਬ ਵਿੱਚ ਉਨ੍ਹਾਂ ਦੇ ਪਰਿਵਾਰ ਜ਼ਮੀਨ ਵੇਚ ਕੇ, ਕਰਜ਼ੇ ਲੈ ਕੇ ਅਤੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਇਨ੍ਹਾਂ ਫੀਸਾਂ ਦਾ ਭੁਗਤਾਨ ਕਰ ਰਹੇ ਹਨ। ਵੱਖ ਵੱਖ ਕੈਨੇਡੀਅਨ ਸੂਬਿਆਂ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਵਿਦਿਆਰਥੀਆਂ ਦਾ ਕਹਿਣਾ ਹੈ ਕਿ ਵਕੀਲ ਹਰੇਕ ਫਾਈਲ ਲਈ ਹਜ਼ਾਰਾਂ ਡਾਲਰ ਵਸੂਲ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਵਿੱਤੀ ਸਥਿਤੀ ਹੋਰ ਵਿਗੜ ਰਹੀ ਹੈ ਅਤੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪਿੰਡਾਂ ਵਿੱਚ ਰਹਿੰਦੇ ਇਨ੍ਹਾਂ ਮਾਪਿਆਂ ਲਈ, ਕੈਨੇਡਾ ਦਾ ਸੁਪਨਾ ਇੱਕ ਬੋਝ ਬਣ ਗਿਆ ਹੈ ਜਿਸਨੂੰ ਉਹ ਨਾ ਤਾਂ ਸਹਿ ਸਕਦੇ ਹਨ ਅਤੇ ਨਾ ਹੀ ਛੱਡ ਸਕਦੇ ਹਨ। ਕਰਜ਼ੇ ਦੇ ਦਬਾਅ ਅਤੇ ਅਨਿਸ਼ਚਿਤ ਭਵਿੱਖ ਕਾਰਨ ਬਹੁਤ ਸਾਰੇ ਪਰਿਵਾਰ ਮਾਨਸਿਕ ਤਣਾਅ ਤੋਂ ਪੀੜਤ ਹਨ।

ਜਲੰਧਰ ਦੇ ਪਿੰਡ ਸੇਖਵਾਂ ਦਾ ਪੰਜਾਬੀ ਵਿਦਿਆਰਥੀ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਵਿੱਚੋਂ ਇੱਕ ਹੈ ਜੋ ਇਸ ਸਮੇਂ ਕੈਨੇਡਾ ਦੇ ਸਖ਼ਤ ਨਿਯਮਾਂ ਵਿੱਚ ਫਸੇ ਹੋਏ ਹਨ। ਪੰਜਾਬੀ ਨੌਜਵਾਨ ਨੂੰ ਉੱਥੇ ਵਸਣ ਅਤੇ ਆਪਣੀ ਕਾਨੂੰਨੀ ਲੜਾਈ ਲੜਨ ਵਿੱਚ ਮਦਦ ਕਰਨ ਲਈ ਉਸਦੇ ਪਿਤਾ ਨੇ ਭਾਰੀ ਮਨ ਨਾਲ ਆਪਣੀ ਦੋ ਏਕੜ ਜ਼ਮੀਨ ਗਿਰਵੀ ਰੱਖ ਦਿੱਤੀ। ਇਸੇ ਤਰ੍ਹਾਂ ਦੇ ਇਕ ਹੋਰ ਮਾਮਲੇ ਵਿੱਚ ਇੱਕ ਪੰਜਾਬੀ ਪਰਿਵਾਰ ਨੇ 9 ਲੱਖ ਰੁਪਏ ਦਾ ਵੱਡਾ ਕਰਜ਼ਾ ਲਿਆ। ਇੱਕ ਹੋਰ ਮਾਮਲੇ ਵਿੱਚ ਆਪਣੇ ਇਕਲੌਤੇ ਪੁੱਤਰ ਨੂੰ ਦੇਸ਼ ਨਿਕਾਲੇ ਤੋਂ ਬਚਾਉਣ ਲਈ ਇੱਕ ਮਾਂ ਨੇ 1.3 ਮਿਲੀਅਨ ਰੁਪਏ ਉਧਾਰ ਲਏ। ਹੁਣ, ਸਥਿਤੀ ਅਜਿਹੀ ਹੈ ਕਿ ਚਿੰਤਾ ਅਤੇ ਕਰਜ਼ੇ ਦਾ ਬੋਝ ਹਰ ਰੋਜ਼ ਵਧਦਾ ਜਾ ਰਿਹਾ ਹੈ। ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਦੇ ਨਿਯਮਾਂ ਵਿੱਚ ਅਚਾਨਕ ਬਦਲਾਅ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ। ਹੁਣ ਉਹ ਸਿਰਫ਼ ਵਕੀਲਾਂ ਅਤੇ ਕਾਗਜ਼ੀ ਕਾਰਵਾਈਆਂ ’ਤੇ ਨਿਰਭਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਬੱਚਤ ਖਤਮ ਹੋ ਜਾਂਦੀ ਹੈ, ਅਤੇ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਦਿਖਾਈ ਦਿੰਦਾ ਹੈ।

ਅਮਰੀਕੀ ਲੋਕਾਂ ਲਈ ਕੈਨੇਡੀਅਨ ਨਾਗਰਿਕਤਾ ਲੈਣਾ ਹੋਇਆ ਆਸਾਨ

ਸਿਓਸ ਫਾਲਜ਼ (ਅਮਰੀਕਾ)/ਏ.ਟੀ.ਨਿਊਜ਼: ਲੱਖਾਂ ਅਮਰੀਕੀਆਂ ਲਈ ਹੁਣ ਕੈਨੇਡੀਅਨ ਨਾਗਰਿਕਤਾ ਲੈਣ ਦਾ ਰਾਹ ਬਹੁਤ ਸੌਖਾ ਹੋ ਗਿਆ ਹੈ। ਇਸ ਕਾਰਨ ਲੋਕਾਂ ਵਿੱਚ ਆਪਣੇ ਪੁਰਖਿਆਂ ਦੀ ਵਿਰਾਸਤ ਦੀ ਪਛਾਣ ਕਰਨ ਅਤੇ ਦੋਹਰੀ ਨਾਗਰਿਕਤਾ ਲਈ ਕਾਗਜ਼ੀ ਕਾਰਵਾਈ ਕਰਨ ਦੀ ਦੌੜ ਲੱਗ ਗਈ ਹੈ।

ਫਾਰਮਿੰਗਟਨ, ਮਿਨੀਸੋਟਾ ਦੇ ਜ਼ੈਕ ਲਾਊਡ ਵਰਗੇ ਵਿਅਕਤੀਆਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਨਵੇਂ ਕਾਨੂੰਨ ਤਹਿਤ ਕੈਨੇਡਾ ਪਹਿਲਾਂ ਹੀ ਉਸ ਨੂੰ ਅਤੇ ਉਸ ਦੇ ਭੈਣ-ਭਰਾਵਾਂ ਨੂੰ ਨਾਗਰਿਕ ਮੰਨਦਾ ਹੈ ਕਿਉਂਕਿ ਉਨ੍ਹਾਂ ਦੀ ਦਾਦੀ ਕੈਨੇਡੀਅਨ ਹੈ। ਉਸ ਨੇ ਕਿਹਾ, “ਮੈਂ ਤੇ ਮੇਰੀ ਪਤਨੀ ਪਹਿਲਾਂ ਹੀ ਦੇਸ਼ ਤੋਂ ਬਾਹਰ ਨੌਕਰੀਆਂ ਲੱਭਣ ਬਾਰੇ ਵਿਚਾਰ ਕਰ ਰਹੇ ਸੀ ਪਰ ਨਾਗਰਿਕਤਾ ਮਿਲਣ ਦੀ ਸੰਭਾਵਨਾ ਕਾਰਨ ਕੈਨੇਡਾ ਸਾਡੀ ਸੂਚੀ ਵਿੱਚ ਸਭ ਤੋਂ ਉਪਰ ਆ ਗਿਆ ਹੈ।”

ਨਵਾਂ ਕਾਨੂੰਨ 15 ਦਸੰਬਰ 2025 ਤੋਂ ਲਾਗੂ ਹੋਇਆ ਹੈ। ਅਮਰੀਕਾ ਅਤੇ ਕੈਨੇਡਾ ਦੇ ਇਮੀਗਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਨਾਗਰਿਕਤਾ ਦੇ ਸਬੂਤ ਵਜੋਂ ਅਰਜ਼ੀਆਂ ਜਮ੍ਹਾਂ ਕਰਾਉਣ ਵਿੱਚ ਮਦਦ ਮੰਗਣ ਵਾਲੇ ਮੁਵੱਕਿਲਾਂ ਦੀ ਭੀੜ ਲੱਗ ਗਈ ਹੈ।

ਜਿਨ੍ਹਾਂ ਕੋਲ ਦਸਤਾਵੇਜ਼ ਤਿਆਰ ਹਨ, ਉਨ੍ਹਾਂ ਲਈ ਨਾਗਰਿਕਤਾ ਦੇ ਸਬੂਤ ਦੀ ਅਰਜ਼ੀ ਫੀਸ ਮੁਕਾਬਲਤਨ ਘੱਟ ਹੈ। ਇਹ ਮਹਿਜ਼ 75 ਕੈਨੇਡੀਅਨ ਡਾਲਰ ਹੈ ਪਰ ਉਨ੍ਹਾਂ ਲੋਕਾਂ ਲਈ ਖ਼ਰਚਾ ਵਧ ਜਾਵੇਗਾ ਜੋ ਕਿਸੇ ਵਕੀਲ ਜਾਂ ਵੰਸ਼ਾਵਲੀ ਮਾਹਰ ਦੀ ਮਦਦ ਲੈ ਰਹੇ ਹਨ। ਬੈੱਡਫੋਰਡ ਦੀ ਮਿਸ਼ੇਲ ਕੁਨਹਾ ਨੇ ਦੱਸਿਆ ਕਿ ਉਸ ਨੇ ਵਕੀਲ ਦੀ ਮਦਦ ਲਈ ਅਤੇ ਉਸ ਦਾ ਲਗਪਗ 6,500 ਡਾਲਰ ਦਾ ਖ਼ਰਚਾ ਆਵੇਗਾ।

ਨੇਪਾਲ ਦੇ ਪ੍ਰਧਾਨ ਮੰਤਰੀ ਵੱਲੋਂ ਨਵਾਂ ਕਾਨੂੰਨ ਲਾਗੂ

ਕਾਠਮੰਡੂ/ਏ.ਟੀ.ਨਿਊਜ਼: ਨੇਪਾਲ ਦੇ ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਵੱਲੋਂ ਦੇਸ਼ ਵਿੱਚ ਨਵਾਂ ਕਾਨੂੰਨ ਲਾਗੂ ਕੀਤਾ ਗਿਆ ਹੈ, ਜਿਸ ਨੂੰ ਬਲੇਂਦਰ ਸ਼ਾਹ ਯੁੱਗ ਦੀ ਸ਼ੁਰੂਆਤ ਕਿਹਾ ਜਾ ਰਿਹਾ ਹੈ। ਇਸ ਨਵੇਂ ਕਾਨੂੰਨ ਤਹਿਤ ਸੋਮਵਾਰ ਤੋਂ ਸ਼ੁੱਕਰਵਾਰ ਤੱਕ 8 ਘੰਟਿਆਂ ਦੀ ਬਜਾਏ ਹੁਣ 12 ਘੰਟੇ ਕੰਮ ਹੋਵੇਗਾ ਅਤੇ ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਹੋਵੇਗੀ, ਜਿਸ ਨਾਲ ਪੈਟਰੋਲ ਅਤੇ ਡੀਜ਼ਲ ਦੀ ਵੀ ਬਚਤ ਹੋਵੇਗੀ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਇਲਾਵਾ ਕਿਸੇ ਨੂੰ ਵੀ ਸੁਰੱਖਿਆ ਨਹੀਂ ਮਿਲੇਗੀ, ਜਿਨ੍ਹਾਂ ਨੂੰ ਜਾਨ ਦਾ ਖਤਰਾ ਹੋਵੇਗਾ ਉਹ ਆਪਣੀ ਤਨਖਾਹ ਤੋਂ ਬਾਡੀਗਾਰਡ ਰੱਖਣਗੇ। ਕੋਈ ਵੀ ਵਿਦਿਆਰਥੀ 20 ਸਾਲ



ਦੀ ਉਮਰ ਤੱਕ ਕਿਸੇ ਵੀ ਰਾਜਨੀਤਿਕ ਪਾਰਟੀ ਨੂੰ ਸਹਿਯੋਗ ਜਾਂ ਪ੍ਰਮੋਟ ਨਹੀਂ ਕਰ ਸਕੇਗਾ, ਵਿਦਿਆਰਥੀ ਆਪਣੀ ਪੜਾਈ ’ਤੇ ਧਿਆਨ ਦੇਣਗੇ। ਬਲਾਤਕਾਰੀਆਂ ਨੂੰ ਕੋਰਟ ਜਾਂ ਦਫ਼ਤਰ ਨਹੀਂ ਦਿੱਤਾ ਜਾਵੇਗਾ, (ਬਾਕੀ ਸਫ਼ਾ 27 ’ਤੇ)

ਕੈਨੇਡਾ : ਪਾਰਟ ਟਾਈਮ ਜੌਬ, ਪਾਰਟ ਟਾਈਮ ਲਾਈਫ਼....

ਲਗਾਤਾਰ ਕਾਲਜ, ਕੰਮ ਅਤੇ ਫਿਰ ਦੁਬਾਰਾ ਪੜ੍ਹਾਈ ਵਿਚਕਾਰ ਫਸੀ ਰਹਿੰਦੀ ਹੈ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜ਼ਿੰਦਗੀ

ਟੋਰਾਂਟੋ/ਏ.ਟੀ.ਨਿਊਜ਼: ਵਿਦੇਸ਼ਾਂ ਵਿੱਚ ਪੜ੍ਹਾਈ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਨੂੰ ਦਰਸਾਉਂਦਾ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਹਾਲ ਹੀ ਵਿੱਚ ਕੈਨੇਡਾ ਵਿੱਚ ਰਹਿ ਰਹੀ ਭਾਰਤੀ ਵਿਦਿਆਰਥਣ ਜੋਤੀ ਖਰਾਇਤ ਨੇ ਆਪਣੀ ਰੋਜ਼ਾਨਾ ਦੀ ਥਕਾਵਟੀ ਅਤੇ ਰੁਝੇਵੇਂ ਭਰੀ ਰੁਟੀਨ ਦੀ ਜਾਣਕਾਰੀ ਸਾਂਝੀ ਕੀਤੀ, ਜਿਸ ਨੇ ਕਈ ਵਿਦਿਆਰਥੀਆਂ ਦੀ ਹਕੀਕਤ ਨੂੰ ਸਾਹਮਣੇ ਲਿਆ ਦਿੱਤਾ ਹੈ। ਜੋਤੀ ਨੇ ਇੰਸਟਾਗ੍ਰਾਮ ’ਤੇ ਪੋਸਟ ਕੀਤੇ ਗਏ ਵੀਡੀਓ ਵਿੱਚ ਦਿਖਾਇਆ ਹੈ ਕਿ ਉਹ ਕਿਵੇਂ ਕਾਲਜ ਦੀ ਪੜ੍ਹਾਈ ਤੋਂ ਤੁਰੰਤ ਬਾਅਦ ਨੌਕਰੀ ’ਤੇ ਜਾਂਦੀ ਹੈ। ਵੀਡੀਓ ਵਿੱਚ ਉਹ ਥਕੀ ਹੋਈ ਹਾਲਤ ਵਿੱਚ ਕਲਾਸਾਂ ਤੋਂ ਬਾਅਦ ਸਿੱਧੀ ਕੰਮ ਲਈ ਨਿਕਲਦੀ ਨਜ਼ਰ ਆਉਂਦੀ ਹੈ।

ਜੋਤੀ ਦੇ ਅਨੁਸਾਰ, ਉਸ ਦੀ ਸਭ ਤੋਂ ਵੱਡੀ ਸਮੱਸਿਆ ਕਾਲਜ ਦੀ ਮਹਿੰਗੀ ਫੀਸ ਹੈ। ਇਸ ਖਰਚ ਨੂੰ ਪੂਰਾ ਕਰਨ ਲਈ ਉਸਨੂੰ ਨੌਕਰੀ ਕਰਨੀ ਪੈਂਦੀ ਹੈ, ਜਿਸ ਕਾਰਨ ਪੜ੍ਹਾਈ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਉਸਨੇ ਆਪਣੀ ਰੁਟੀਨ ਨੂੰ ਇੱਕ ਅਨੰਤ ਚੱਕਰ ਦੱਸਦੇ ਹੋਏ ਕਿਹਾ ਕਿ ਉਹ ਲਗਾਤਾਰ ਕਾਲਜ, ਕੰਮ ਅਤੇ ਫਿਰ ਦੁਬਾਰਾ ਪੜ੍ਹਾਈ ਵਿਚਕਾਰ ਫਸੀ ਰਹਿੰਦੀ ਹੈ। ਇਹ ਚੱਕਰ ਉਸਨੂੰ ਮਾਨਸਿਕ ਅਤੇ ਸਰੀਰਕ ਤੌਰ ’ਤੇ ਥਕਾ ਦਿੰਦਾ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਜੋਤੀ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ ਮਹਿਸੂਸ ਕਰਦੀ ਹੈ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕਰ ਰਹੀ ਹੈ। ਉਸਦਾ ਇਹ ਵੀਡੀਓ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਜੁੜ ਗਿਆ ਹੈ, ਜੋ ਵਿਦੇਸ਼ਾਂ ਵਿੱਚ ਇਸੇ ਤਰ੍ਹਾਂ ਦੀਆਂ ਸਥਿਤੀਆਂ ਦਾ ਸਾਹਮਣਾ ਕਰ ਰਹੇ ਹਨ। ਇਹ ਵੀਡੀਓ ਹੁਣ ਸੋਸ਼ਲ ਮੀਡੀਆ ’ਤੇ ਵਿਆਪਕ ਚਰਚਾ ਦਾ ਵਿਸ਼ਾ ਬਣ ਗਈ ਹੈ, ਜਿੱਥੇ ਕਈ ਲੋਕ ਵਿਦੇਸ਼ ਵਿੱਚ ਪੜ੍ਹਾਈ ਅਤੇ ਕੰਮ ਦੇ ਸੰਤੁਲਨ ਦੀਆਂ ਮੁਸ਼ਕਿਲਾਂ ਬਾਰੇ ਆਪਣੀ ਰਾਏ ਸਾਂਝੀਆਂ ਕਰ ਰਹੇ ਹਨ।

ਬਰਤਾਨੀਆ: ਸਿੱਖ ਮਹਿਲਾ ਨਾਲ ਬਲਾਤਕਾਰ ਤੇ ਨਸਲੀ ਹਿੰਸਾ ਕਰਨ ਵਾਲੇ ਗੋਰੇ ਨੂੰ ਉਮਰ ਕੈਦ

ਬਰਮਿੰਘਮ/ਏ.ਟੀ.ਨਿਊਜ਼: ਬ੍ਰਿਟੇਨ ’ਚ ਇੱਕ ਸਿੱਖ ਮਹਿਲਾ ਨਾਲ ਬਲਾਤਕਾਰ ਕਰਨ ਅਤੇ ਮਾੜੀ ਧਾਰਮਿਕ ਸ਼ਬਦਾਵਲੀ ਵਰਤਣ ਦੇ ਮਾਮਲੇ ’ਚ ਦੋਸ਼ੀ ਵਿਅਕਤੀ ਨੂੰ ਅਦਾਲਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

32 ਸਾਲਾ ਜੌਨ ਐਸ਼ਬੀ, ਜਿਸ ਦਾ ਕੋਈ ਪੱਕਾ ਪਤਾ ਨਹੀਂ ਹੈ, ਦੀ ਸੁਣਵਾਈ ਪਿਛਲੇ ਦਿਨੀਂ ਬਰਮਿੰਘਮ ਕ੍ਰਾਊਨ ਕੋਰਟ ਵਿੱਚ ਸ਼ੁਰੂ ਹੋਈ ਸੀ।

ਇਸ ਸ਼ਖ਼ਸ ਨੇ ਇਹ ਕਬੂਲ ਕੀਤਾ ਹੈ ਕਿ ਉਸ ਨੇ ਇੱਕ ਸਿੱਖ ਮਹਿਲਾ ਦੇ ਘਰ ਵਿੱਚ ਵੜ ਕੇ ਉਸ ਨਾਲ ਬਲਾਤਕਾਰ ਕੀਤਾ ਅਤੇ ਇਸ ਦੌਰਾਨ ਧਾਰਮਿਕ ਤੌਰ ਉੱਤੇ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ। ਟ੍ਰਾਇਲ ਦੇ ਦੂਜੇ ਦਿਨ ਅਦਾਲਤ ਦੇ ਕਟਹਿਰੇ ਵਿੱਚ ਖੜ੍ਹੇ ਸ਼ਖ਼ਸ ਨੇ ਆਪਣਾ ਬਿਆਨ ਬਦਲ ਦਿੱਤਾ।

ਉਸ ਨੇ ਪਹਿਲਾਂ ਆਪਣੇ ਖ਼ਿਲਾਫ਼ ਲੱਗੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਸੀ, ਪਰ ਲੰਘੇ ਦਿਨੀਂ ਉਸ ਨੇ ਮੰਨ ਲਿਆ ਕਿ ਅਕਤੂਬਰ 2025 ਵਿੱਚ ਵਾਲਸਾਲ ਵਿੱਚ ਹੋਏ ਹਮਲੇ ਲਈ ਉਹ ਜ਼ਿੰਮੇਵਾਰ ਸੀ।

ਜੱਜ ਨੇ ਕੀ ਕਿਹਾ

ਸਜ਼ਾ ਸੁਣਾਉਂਦੇ ਹੋਏ, ਜਸਟਿਸ ਪੈਪਰਾਲ ਨੇ ਕਿਹਾ ਕਿ ਐਸ਼ਬੀ, ਜਿਸਦਾ ਕੋਈ ਪੱਕਾ ਪਤਾ ਨਹੀਂ ਹੈ, ਨੇ ਔਰਤ ਨੂੰ ਉਸਦੀ ਮਰਜ਼ੀ ਦੇ ਖ਼ਿਲਾਫ਼ ਰੋਕ ਕੇ ਰੱਖਿਆ, ਅਤੇ ਤੂੰ ਘੱਟੋ-ਘੱਟ 24 ਮਿੰਟ ਤੱਕ ਉਸ ਨਾਲ ਜਿਨਸੀ ਅਤੇ ਸਰੀਰਕ ਹਿੰਸਾ ਕੀਤੀ।ਜੱਜ ਨੇ ਸਜ਼ਾ ਸੁਣਾਉਂਦੇ ਸਮੇਂ ਆਪਣੇ ਬਿਆਨ ਵਿੱਚ ਜ਼ਿਕਰ ਕੀਤਾ ਕਿ ਕਿਵੇਂ ਐਸ਼ਬੀ ਨੂੰ - ਜਿਵੇਂ ਕਿ ਅਦਾਲਤ ਵਿੱਚ ਦੱਸਿਆ ਗਿਆ ਸੀ - ਹਮਲੇ ਤੋਂ ਦੋ ਦਿਨ ਬਾਅਦ ਬਰਮਿੰਘਮ ਦੇ ਪੈਰੀ ਬਾਰ ਇਲਾਕੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਜਦੋਂ ਉਸਨੂੰ ਉੱਥੋਂ ਦੇ ਪੁਲਿਸ ਸਟੇਸ਼ਨ ਵਿੱਚ ਰੱਖਿਆ ਗਿਆ ਤਾਂ ਉਸਨੇ ਕਿਹਾ, ‘ਹੁਣ ਪੈਰੀ ਬਾਰ ਵਿੱਚ ਕੋਈ ਅੰਗਰੇਜ਼ ਦਿਖਾਈ ਹੀ ਨਹੀਂ ਦਿੰਦਾ।’

ਜੱਜ ਨੇ ਐਸ਼ਬੀ ਨੂੰ ਇਹ ਵੀ ਕਿਹਾ, ‘ਪੁਲਿਸ ਪੁੱਛਗਿੱਛ ਦੌਰਾਨ ਜਦੋਂ ਤੈਨੂੰ ਉਸ ਮਹਿਲਾ ਦੀ ਤਸਵੀਰ ਦਿਖਾਈ ਗਈ, ਤਾਂ ਤੂੰ ਪੁੱਛਿਆ ਕਿ ਉਸਨੇ ਹਿਜਾਬ ਕਿਉਂ ਨਹੀਂ ਪਾਇਆ ਹੈ।’

ਜੱਜ ਨੇ ਐਸ਼ਬੀ ਨੂੰ ਕਿਹਾ ਕਿ ਹਾਲਾਂਕਿ ਡਾਕਟਰਾਂ ਦੀ ਰਿਪੋਰਟ ਵਿੱਚ ਇਹ ਨਤੀਜਾ ਕੱਢਿਆ ਗਿਆ ਸੀ ਕਿ ਅਪਰਾਧ ਕਰਦੇ ਸਮੇਂ ਉਸਦੀ ਮਾਨਸਿਕ ਸਿਹਤ ਠੀਕ ਨਹੀਂ ਸੀ, ਪਰ ਇਹ ਕਿਸੇ ਅੰਦਰੂਨੀ ਵਿਗਾੜ ਜਾਂ ਮਾਨਸਿਕ ਬਿਮਾਰੀ ਕਰਕੇ ਨਹੀਂ, ਸਗੋਂ ਤੇਰੇ ਵੱਲੋਂ ਜਾਣਬੁੱਝ ਕੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਕਰਕੇ ਹੋਇਆ ਸੀ।

‘ਆਪਣੇ ਆਪ ਨੂੰ ਪਛਾਣਨਾ ਵੀ ਮੇਰੇ ਲਈ ਮੁਸ਼ਕਿਲ ਹੋ ਗਿਆ ਹੈ’ - ਪੀੜਤ ਮਹਿਲਾ

ਜਦੋਂ ਦੋਸ਼ੀ ਨੂੰ ਸਜ਼ਾ ਸੁਣਾਈ ਜਾ ਰਹੀ ਸੀ, ਉਸ ਵੇਲੇ ਪੀੜਤ ਮਹਿਲਾ ਵੀ ਪੂਰੀ ਸੁਣਵਾਈ ਦੌਰਾਨ ਮੌਜੂਦ ਰਹੇ। ਉਹ ਵਿੱਚ-ਵਿੱਚ ਭਾਵੁਕ ਵੀ ਹੋਈ, ਪਰ ਉਨ੍ਹਾਂ ਦੇ ਦੋਸਤਾਂ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ।

ਇੱਕ ਵਕੀਲ ਵੱਲੋਂ ਅਦਾਲਤ ਦੇ ਰਿਕਾਰਡ ਵਿੱਚ ਪੜ੍ਹੇ ਗਏ ਇੱਕ ਨਿੱਜੀ ਬਿਆਨ ਵਿੱਚ ਮਹਿਲਾ ਨੇ ਕਿਹਾ: ‘ਮੇਰੇ ਨਾਲ ਜੋ ਕੁਝ ਹੋਇਆ ਹੈ, ਉਸਨੇ ਮੇਰੀ ਜ਼ਿੰਦਗੀ ਨੂੰ ਹਰ ਪਾਸਿਓਂ ਬਦਲ ਦਿੱਤਾ ਹੈ।’

ਇਸ ਘਟਨਾ ਤੋਂ ਪਹਿਲਾਂ ਜ਼ਿੰਦਗੀ ਬਹੁਤ ਵਧੀਆ ਸੀ। ਮੈਂ ਜ਼ਿੰਦਗੀ ਦਾ ਆਨੰਦ ਲੈ ਰਹੀ ਸੀ। ਪਰ ਹੁਣ ਇਸ ਘਟਨਾ ਤੋਂ ਬਾਅਦ ਮੇਰੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ ਹੈ। ਮੈਨੂੰ ਇੰਝ ਲੱਗਦਾ ਹੈ ਕਿ ਮੇਰਾ ਉਹ ਪੁਰਾਣਾ ਰੂਪ ਕਿਸੇ ਬਿਲਕੁਲ ਅਣਜਾਣ ਵਿਅਕਤੀ ਨੇ ਮੇਰੇ ਕੋਲੋਂ ਖੋਹ ਲਿਆ ਹੈ, ਅਤੇ ਉਹ ਵੀ ਬਿਨਾਂ ਕਿਸੇ ਸਪਸ਼ਟ ਕਾਰਨ ਦੇ।

ਪੀੜਤ ਮਹਿਲਾ ਦੇ ਬਿਆਨ ਮੁਤਾਬਕ, ‘ਮੈਂ ਆਪਣੇ ਆਪ ਨੂੰ ਗਵਾਚਿਆ ਹੋਇਆ ਮਹਿਸੂਸ ਕਰਦੀ ਹਾਂ ਅਤੇ ਹੁਣ ਆਪਣੇ ਆਪ ਨੂੰ ਪਛਾਣਨਾ ਵੀ ਮੇਰੇ ਲਈ ਮੁਸ਼ਕਲ ਹੋ ਗਿਆ ਹੈ।’

ਸਿੱਖ ਸੰਸਥਾਵਾਂ ਨੇ ਕੀਤਾ ਫੈਸਲੇ ਦਾ ਸਵਾਗਤ

ਸਜ਼ਾ ਸੁਣਾਏ ਜਾਣ ਤੋਂ ਬਾਅਦ, ਸਿੱਖ ਫੈਡਰੇਸ਼ਨ (ਯੂਕੇ) ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਜੱਜ ਨੇ ਐਸ਼ਬੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੀ ਹਿੰਮਤ ਦਿਖਾਈ ਹੈ ਅਤੇ ਇਸ ਸਜ਼ਾ ਨੂੰ ਉਸਦੇ ਅਪਰਾਧਾਂ ਲਈ ਬਿਲਕੁਲ ਸਹੀ ਦੱਸਿਆ।

(ਬਾਕੀ ਸਫ਼ਾ 26 ’ਤੇ)

ਮਾਮਲਾ ਆਬਕਾਰੀ ਕੇਸ ਦਾ

ਕੀ ਕੇਜਰੀਵਾਲ ਨੇ ਜਸਟਿਸ ਸ਼ਰਮਾ 'ਤੇ ਸਵਾਲ ਉਠਾਕੇ ਨਿਆਂਪਾਲਿਕਾ ਨੂੰ ਸਿੱਧੀ ਚੁਣੌਤੀ ਦਿੱਤੀ ਹੈ ?

ਜੱਜ ਬਦਲੋ ਜਾਂ ਕੇਸ ਲਟਕਾਓ ? ਕੇਜਰੀਵਾਲ ਦੀ ਨਵੀਂ ਰਣਨੀਤੀ ਦਾ ਪਰਦਾਫਾਸ਼

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ ਵਿੱਚ ਇੱਕ ਵੱਡਾ ਕਦਮ ਚੁੱਕਦਿਆਂ ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨਾ ਕਾਂਤਾ ਸ਼ਰਮਾ ਦੀ ਅਦਾਲਤ ਵਿੱਚ ਪੇਸ਼ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਕੇਜਰੀਵਾਲ ਨੇ ਜੱਜ ਨੂੰ ਇੱਕ ਚਾਰ ਸਫ਼ਿਆਂ ਦਾ ਪੱਤਰ ਲਿਖ ਕੇ ਸੁਣਵਾਈ ਦੀ ਨਿਰਪੱਖਤਾ 'ਤੇ ਗੰਭੀਰ ਖਦਸ਼ੇ ਪ੍ਰਗਟਾਏ ਹਨ।

ਕੇਜਰੀਵਾਲ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ 'ਇਨਸਾਫ਼ ਮਿਲਣ ਦੀ ਉਮੀਦ ਨਹੀਂ' ਦਿਖ ਰਹੀ। ਉਨ੍ਹਾਂ ਨੇ ਕਾਨੂੰਨ ਦੇ ਮੂਲ ਸਿਧਾਂਤ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਬਲਕਿ ਹੁੰਦਾ ਹੋਇਆ ਦਿਖਾਈ ਵੀ ਦੇਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਨਿੱਜੀ ਤੌਰ 'ਤੇ ਜਾਂ ਆਪਣੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਨਹੀਂ ਹੋਣਗੇ।

ਕੇਜਰੀਵਾਲ ਨੇ ਜਸਟਿਸ ਸ਼ਰਮਾ ਨੂੰ ਕੇਸ ਤੋਂ ਲਾਂਭੇ ਹੋਣ ਲਈ ਪਹਿਲਾਂ ਦਿੱਤੀਆਂ ਦਲੀਲਾਂ ਨੂੰ ਦੁਹਰਾਉਂਦੇ ਹੋਏ ਦੋ ਪ੍ਰਮੁੱਖ ਕਾਰਨ ਦੱਸੇ। ਉਨ੍ਹਾਂ ਦੋਸ਼ ਲਾਇਆ ਕਿ ਜੱਜ ਦੀ ਜਨਤਕ ਸਾਂਝ ਆਰ.ਐੱਸ.ਐੱਸ ਦੇ ਕਾਨੂੰਨੀ ਵਿੰਗ 'ਅਖਿਲ ਭਾਰਤੀ ਅਧਿਵਕਤਾ ਪਰਿਸ਼ਦ' (ਏਬੀਏਪੀ) ਨਾਲ ਹੈ। ਉਨ੍ਹਾਂ ਦਾਅਵਾ ਕੀਤਾ ਕਿ ਜੱਜ ਦੇ ਬੱਚੇ ਕੇਂਦਰ ਸਰਕਾਰ ਦੇ ਵੱਖ-ਵੱਖ ਐਡਵੋਕੇਟ ਪੈਨਲਾਂ ਨਾਲ ਪੇਸ਼ੇਵਰ ਤੌਰ 'ਤੇ ਜੁੜੇ ਹੋਏ ਹਨ, ਜਿਸ ਕਾਰਨ ਨਿਰਪੱਖ ਸੁਣਵਾਈ ਨਾਮੁਮਕਿਨ ਹੈ।

ਬਾਅਦ ਵਿੱਚ ਸੋਸ਼ਲ ਮੀਡੀਆ ਐਕਸ 'ਤੇ ਇੱਕ ਵੀਡੀਓ ਸੁਨੇਹਾ ਜਾਰੀ ਕਰਦਿਆਂ ਕੇਜਰੀਵਾਲ ਨੇ ਕਿਹਾ, 'ਇਹ ਲੜਾਈ ਜਿੱਤਣ ਜਾਂ ਹਾਰਨ ਦੀ ਨਹੀਂ, ਬਲਕਿ ਸਹੀ ਅਤੇ ਗ਼ਲਤ ਦੀ ਹੈ।' ਉਨ੍ਹਾਂ ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਇਸ ਕਦਮ ਨੂੰ ਨਿਆਂਪਾਲਿਕਾ ਨੂੰ ਮਜ਼ਬੂਤ ਕਰਨ ਦੀ ਇੱਕ ਕੋਸ਼ਿਸ਼ ਦੱਸਿਆ। ਉਨ੍ਹਾਂ ਸਾਫ਼ ਕੀਤਾ ਕਿ ਉਹ ਨਿਆਂਪਾਲਿਕਾ ਦਾ ਅਪਮਾਨ ਨਹੀਂ ਕਰ ਰਹੇ ਅਤੇ ਉਨ੍ਹਾਂ ਦਾ ਸੰਵਿਧਾਨ ਵਿੱਚ ਅਟੁੱਟ ਵਿਸ਼ਵਾਸ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਜਸਟਿਸ ਸ਼ਰਮਾ ਵੱਲੋਂ ਪਹਿਲਾਂ ਦਿੱਤੇ ਗਏ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਜਾਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਬਹੁਤ ਸੋਚ-ਸਮਝ ਕੇ ਇੱਕ-ਇੱਕ ਕਦਮ ਚੁੱਕ ਰਹੇ ਹਨ ਤਾਂ ਜੋ ਲੋਕਾਂ ਦਾ ਨਿਆਂਪਾਲਿਕਾ ਵਿੱਚ ਵਿਸ਼ਵਾਸ ਬਣਿਆ ਰਹੇ।

ਯਾਦ ਰਹੇ ਕਿ ਜਸਟਿਸ ਸਵਰਨਾ ਕਾਂਤਾ ਸ਼ਰਮਾ ਨੇ ਹੀ ਕੇਜਰੀਵਾਲ ਦੀ ਉਸ ਪਟੀਸ਼ਨ ਨੂੰ ਖਾਰਜ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੱਤੀ ਸੀ। ਉਸ ਵੇਲੇ ਅਦਾਲਤ ਨੇ ਬਹੁਤ ਸਖ਼ਤ ਟਿੱਪਣੀਆਂ ਕੀਤੀਆਂ ਸਨ ਕਿ 'ਕਾਨੂੰਨ ਸਾਰਿਆਂ ਲਈ ਬਰਾਬਰ ਹੈ, ਭਾਵੇਂ ਉਹ ਮੁੱਖ ਮੰਤਰੀ ਹੀ ਕਿਉਂ ਨਾ ਹੋਵੇ।' ਕੇਜਰੀਵਾਲ ਨੂੰ ਲੱਗਦਾ ਹੈ ਕਿ ਇਸ ਅਦਾਲਤ ਦਾ ਰੁਖ਼ ਪਹਿਲਾਂ ਹੀ ਉਹਨਾਂ ਦੇ ਖ਼ਿਲਾਫ਼ ਤੈਅ ਹੋ ਚੁੱਕਾ ਹੈ। (ਬਾਕੀ ਸਫ਼ਾ 26 'ਤੇ)

ਪੱਟੀ ਵਿੱਚ 'ਆਪ' ਨੂੰ ਵੱਡਾ ਝਟਕਾ: ਡੀ.ਐਮ. ਰੰਧਾਵਾ ਖ਼ੁਦਕੁਸ਼ੀ ਮਾਮਲੇ ਵਿੱਚ ਬਗਾਵਤ

ਪੰਚਾਇਤਾਂ ਨੇ ਦਿੱਤੀ ਅਸਤੀਫ਼ਿਆਂ ਦੀ ਚਿਤਾਵਨੀ

ਤਰਨਤਾਰਨ/ਪੱਟੀ: ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਤਰਨਤਾਰਨ ਦੇ ਪੱਟੀ ਹਲਕੇ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਇੱਕ ਗੰਭੀਰ ਸਿਆਸੀ ਸੰਕਟ ਖੜ੍ਹਾ ਹੋ ਗਿਆ ਹੈ। ਡੀ.ਐੱਮ. ਗਗਨਦੀਪ ਸਿੰਘ ਰੰਧਾਵਾ ਦੀ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਚੁੱਪ ਤੋਂ ਨਾਰਾਜ਼ ਹੋ ਕੇ ਹਲਕੇ ਦੇ ਦਰਜਨ ਦੇ ਕਰੀਬ ਸਰਪੰਚਾਂ, ਚੇਅਰਮੈਨਾਂ ਅਤੇ ਪ੍ਰਮੁੱਖ ਅਹੁਦੇਦਾਰਾਂ ਨੇ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ ਹੈ।

ਪੱਟੀ ਹਲਕੇ ਦੇ ਕਈ 'ਆਪ' ਆਗੂਆਂ ਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਪਾਰਟੀ ਹਾਈਕਮਾਂਡ ਨੂੰ 5 ਦਿਨਾਂ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਵੱਡੀ ਲੀਡਰਸ਼ਿਪ ਨੇ ਮ੍ਰਿਤਕ ਡੀ.ਐੱਮ. ਰੰਧਾਵਾ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਨਾ ਕੀਤਾ, ਤਾਂ ਉਹ ਸਮੂਹਕ ਤੌਰ 'ਤੇ ਅਸਤੀਫੇ ਦੇ ਦੇਣਗੇ। ਆਗੂਆਂ ਦਾ ਕਹਿਣਾ ਹੈ ਕਿ ਜਿੱਥੇ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਪੀੜਤ ਪਰਿਵਾਰ ਨਾਲ ਅਫਸੋਸ ਕਰਨ ਪਹੁੰਚੇ, ਉੱਥੇ 'ਆਪ' ਲੀਡਰਸ਼ਿਪ ਨੇ ਦੂਰੀ ਬਣਾਈ ਰੱਖੀ। ਸੀ.ਐਮ. ਮਾਨ ਦੇ ਦੌਰੇ 'ਤੇ ਸਵਾਲ: ਵਰਕਰਾਂ ਵਿੱਚ ਇਸ ਗੱਲ ਨੂੰ ਲੈ ਕੇ ਭਾਰੀ ਰੋਸ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਾਲ ਹੀ ਵਿੱਚ ਅੰਮ੍ਰਿਤਸਰ ਆਏ ਸਨ, ਪਰ ਉਹ ਗਗਨਦੀਪ ਸਿੰਘ ਰੰਧਾਵਾ ਦੇ ਘਰ ਨਹੀਂ ਗਏ।

ਜ਼ਿਕਰਯੋਗ ਹੈ ਕਿ ਇਸ ਖ਼ੁਦਕੁਸ਼ੀ ਮਾਮਲੇ ਵਿੱਚ ਹਲਕਾ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਹਿਲਾਂ ਹੀ ਜੇਲ੍ਹ ਵਿੱਚ ਬੰਦ ਹਨ।

ਅਸਤੀਫ਼ਿਆਂ ਬਾਰੇ ਪਿੰਡਾਂ ਤੋਂ ਸ਼ੁਰੂ ਹੋਵੇਗੀ ਮੁਹਿੰਮ

ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸਤੀਫ਼ਿਆਂ ਦਾ ਸਿਲਸਿਲਾ ਕੁਝ ਇਸ ਤਰ੍ਹਾਂ ਹੋਵੇਗਾ:

ਪਹਿਲਾ ਪੜਾਅ ਦੌਰਾਂਨ 10 ਪਿੰਡਾਂ (ਸਭਰਾ, ਜੋੜਾ, ਕੈਰੋਂ, ਹਰੀਕੇ, ਮਰਹਾਣਾ, ਤੂਤ, ਸਰਹਾਲੀ ਕਾਲੇਕੇ ਉਤਾੜ, ਕੋਟ ਬੁੱਢਾ ਅਤੇ ਬੁਰਜ ਰਾਏ ਕੇ) ਦੀਆਂ ਪੰਚਾਇਤਾਂ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਗੀਆਂ।

ਦੂਜਾ ਪੜਾਅ ਦੌਰਾਨ ਹਰ ਰੋਜ਼ 10-10 ਹੋਰ ਪੰਚਾਇਤਾਂ ਵੱਲੋਂ ਅਸਤੀਫੇ ਦਿੱਤੇ ਜਾਣਗੇ।

ਤੀਜਾ ਪੜਾਅ ਦੌਰਾਨ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਮਾਰਕੀਟ ਕਮੇਟੀ ਚੇਅਰਮੈਨ ਅਤੇ ਸ਼ਹਿਰੀ ਵਾਰਡਾਂ ਦੇ ਐਮ.ਸੀ. ਵੀ ਅਹੁਦੇ ਛੱਡਣਗੇ।

'ਆਪ' ਆਗੂਆਂ ਦਾ ਕਹਿਣਾ ਹੈ ਕਿ ਜਦੋਂ ਪਾਰਟੀ ਦੇ ਆਪਣੇ ਹੀ ਲੋਕ ਦੁੱਖ ਦੀ ਘੜੀ ਵਿੱਚ ਸਾਥ ਨਹੀਂ ਦੇ ਰਹੇ, ਤਾਂ ਅਜਿਹੀ ਲੀਡਰਸ਼ਿਪ ਨਾਲ ਚੱਲਣਾ ਮੁਸ਼ਕਿਲ ਹੈ।

ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਪਹਿਲਾਂ ਹੀ ਸੱਤ ਰਾਜ ਸਭਾ ਮੈਂਬਰ ਗਵਾ ਚੁੱਕੀ 'ਆਪ' ਲਈ ਪੱਟੀ ਵਿੱਚ ਇਹ ਬਗਾਵਤ ਆਉਣ ਵਾਲੇ ਸਮੇਂ ਵਿੱਚ ਵੱਡਾ ਨੁਕਸਾਨ ਸਾਬਤ ਹੋ ਸਕਦੀ ਹੈ। ਜੇਕਰ ਪੰਜ ਦਿਨਾਂ ਵਿੱਚ ਸਥਿਤੀ ਨਾ ਸੰਭਲੀ, ਤਾਂ ਮਾਝੇ ਦੇ ਇਸ ਅਹਿਮ ਹਲਕੇ ਵਿੱਚ ਪਾਰਟੀ ਦਾ ਆਧਾਰ ਪੂਰੀ ਤਰ੍ਹਾਂ ਹਿੱਲ ਸਕਦਾ ਹੈ।

ਗਾਂਧੀ ਪਰਿਵਾਰ ਦੀ ਚੌਤਰਫਾ ਘੇਰਾਬੰਦੀ: ਸਿਆਸੀ ਲੜਾਈ ਹੁਣ ਅਦਾਲਤੀ ਕਟਹਿਰੇ ਤੱਕ !

ਨੈਸ਼ਨਲ ਹੇਰਾਲਡ ਤੋਂ ਨਾਗਰਿਕਤਾ ਵਿਵਾਦ ਤੱਕ, ਗਾਂਧੀ ਪਰਿਵਾਰ ਦੀਆਂ ਵਧੀਆਂ ਮੁਸ਼ਕਿਲਾਂ

ਭਾਰਤੀ ਰਾਜਨੀਤੀ ਸਮੇਂ ਸਭ ਤੋਂ ਵੱਡੀ ਚਰਚਾ ਦੇ ਸਿਖਰਲੇ ਆਗੂਆਂ, ਸੋਨੀਆ ਅਤੇ ਰਾਹੁਲ ਗਾਂਧੀ ਵਿਰੁੱਧ ਹੋ ਰਹੀ ਕਾਨੂੰਨੀ ਕਾਰਵਾਈ ਭਾਰਤੀ ਜਨਤਾ ਪਾਰਟੀ ਵੱਲੋਂ ਵਿੱਢੀ ਗਈ ਇਹ ਮੁਹਿੰਮ ਚੋਣ ਮੈਦਾਨ ਤੱਕ ਸੀਮਤ ਨਹੀਂ ਸਗੋਂ ਹੁਣ ਅਦਾਲਤਾਂ ਦੀਆਂ ਬਰੂਹਾਂ ਤੱਕ ਪਹੁੰਚ ਚੁੱਕੀ ਹੈ।

ਇਹ ਘੇਰਾਬੰਦੀ ਮੁੱਖ ਤੌਰ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੁਆਰਾ ਕੀਤੀ ਗਈ ਹੈ। ਕਰਨਾਟਕ ਦੇ ਭਾਜਪਾ ਨੇਤਾ ਐਸ. ਵਿਗਨੇਸ਼ ਸ਼ਿਸ਼ਿਰ, ਜਿਨ੍ਹਾਂ ਨੇ ਰਾਹੁਲ ਗਾਂਧੀ ਦੀ ਨਾਗਰਿਕਤਾ 'ਤੇ ਸਵਾਲ ਚੁੱਕੇ ਹਨ। ਭਾਜਪਾ ਨੇਤਾ ਵਿਕਾਸ ਤ੍ਰਿਪਾਠੀ ਜਿਨ੍ਹਾਂ ਨੇ ਸੋਨੀਆ ਗਾਂਧੀ ਦੀ ਨਾਗਰਿਕਤਾ ਅਤੇ ਵੋਟਰ ਸੂਚੀ ਵਿੱਚ ਨਾਮ ਦਰਜ ਹੋਣ ਦੇ ਸਮੇਂ 'ਤੇ ਪਟੀਸ਼ਨ ਪਾਈ ਹੈ। ਨੈਸ਼ਨਲ ਹੇਰਾਲਡ ਵਰਗੇ ਮਾਮਲਿਆਂ ਵਿੱਚ ਈ.ਡੀ. ਵਰਗੀਆਂ ਏਜੰਸੀਆਂ ਰਾਹੀਂ ਜਾਂਚ ਜਾਰੀ ਹੈ।

ਘੇਰਾਬੰਦੀ ਦੇ ਮੁੱਖ ਮੁੱਦੇ

ਰਾਹੁਲ ਗਾਂਧੀ 'ਤੇ ਦੋਸ਼ ਲਗਾਇਆ ਗਿਆ ਹੈ ਕਿ ਉਨ੍ਹਾਂ ਕੋਲ ਬ੍ਰਿਟਿਸ਼ ਨਾਗਰਿਕਤਾ ਹੈ। ਹਾਲਾਂਕਿ ਇਲਾਹਾਬਾਦ ਹਾਈ ਕੋਰਟ ਨੇ ਸੀ.ਬੀ.ਆਈ. (ਬਾਕੀ ਸਫ਼ਾ 26 'ਤੇ)

ਕੀ ਭਾਰਤ ਇੱਕ 'ਪੁਲਿਸ ਸਟੇਟ' ਬਣ ਰਿਹਾ ਹੈ ?

ਨੋਇਡਾ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਨੇ ਖੜ੍ਹੇ ਕੀਤੇ ਗੰਭੀਰ ਸਵਾਲ

ਮੀਡੀਆ ਅਤੇ ਨਿਆਂਪਾਲਿਕਾ ਦੀ ਭੂਮਿਕਾ 'ਤੇ ਸਵਾਲ ਖੜੇ ਹੋਏ

ਪਿਛਲੇ ਹਫ਼ਤੇ ਨੋਇਡਾ ਦੇ ਮਜ਼ਦੂਰ ਅੰਦੋਲਨ ਦੌਰਾਨ ਹੋਈਆਂ ਗ੍ਰਿਫ਼ਤਾਰੀਆਂ ਨੇ ਦੇਸ਼ ਦੇ ਬੁੱਧੀਜੀਵੀ ਅਤੇ ਨਾਗਰਿਕ ਸਮਾਜ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਸੀਨੀਅਰ ਪੱਤਰਕਾਰ ਅਤੇ ਲੇਖਕ ਸਤਿਅਮ ਵਰਮਾ ਸਮੇਤ ਕਈ ਨੌਜਵਾਨਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਸਵਾਲ ਮੁੜ ਉੱਠ ਰਿਹਾ ਹੈ ਕਿ ਕੀ ਭਾਰਤ ਲੋਕਤੰਤਰ ਤੋਂ ਇੱਕ 'ਪੁਲਿਸ ਸਟੇਟ' ਵਿੱਚ ਤਬਦੀਲ ਹੋ ਰਿਹਾ ਹੈ ?

ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਸਤਿਅਮ ਵਰਮਾ ਦੀ ਗ੍ਰਿਫ਼ਤਾਰੀ ਵਿੱਚ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਸਪੱਸ਼ਟ ਉਲੰਘਣਾ ਕੀਤੀ ਗਈ ਹੈ। ਜਦੋਂ ਨੋਇਡਾ ਵਿੱਚ ਹਿੰਸਾ ਦੀ ਘਟਨਾ ਵਾਪਰੀ, ਸਤਿਅਮ ਵਰਮਾ ਉੱਥੋਂ 500 ਕਿਲੋਮੀਟਰ ਦੂਰ ਲਖਨਊ ਵਿੱਚ ਸਨ। ਪੁਲਿਸ ਨੇ ਉਨ੍ਹਾਂ ਨੂੰ 48 ਘੰਟਿਆਂ ਤੱਕ ਬੰਧਕ ਬਣਾ ਕੇ ਰੱਖਿਆ ਅਤੇ ਪਰਿਵਾਰ ਜਾਂ ਵਕੀਲਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਦੇ ਨਿੱਜੀ ਸਾਮਾਨ ਨੂੰ ਬਿਨਾਂ ਕਿਸੇ 'ਸੀਜ਼ਰ ਮੈਮੋ' ਦੇ ਜ਼ਬਤ ਕਰ ਲਿਆ ਗਿਆ, ਜੋ ਕਿ ਕਾਨੂੰਨੀ ਪ੍ਰਕਿਰਿਆ ਦੇ ਵਿਰੁੱਧ ਹੈ। ਉਨ੍ਹਾਂ ਵਿਰੁੱਧ ਨਵੀਂ ਕਾਨੂੰਨੀ ਪ੍ਰਣਾਲੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ ਦੰਗੇ, ਅਗਜ਼ਨੀ, ਅਤੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਵਰਗੇ ਗੰਭੀਰ ਇਲਜ਼ਾਮ ਸ਼ਾਮਲ ਹਨ। ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ (ਸੈਕਸ਼ਨ 7) ਧਾਰਾ ਤਹਿਤ ਜਨਤਕ ਵਿਵਸਥਾ ਨੂੰ ਭੰਗ ਕਰਨ ਦੇ ਦੋਸ਼ ਲਗਾਏ ਗਏ ਹਨ। ਸਰਕਾਰੀ ਅਤੇ ਨਿੱਜੀ ਵਾਹਨਾਂ ਅਤੇ ਇਮਾਰਤਾਂ ਨੂੰ ਸਾੜਨ ਜਾਂ ਤੋੜਨ ਦੇ ਇਲਜ਼ਾਮ ਵਿੱਚ ਸੈਕਸ਼ਨ 3/4 ਲਗਾਇਆ ਗਿਆ ਹੈ। ਪੁਲਿਸ ਅਨੁਸਾਰ, ਇਨ੍ਹਾਂ ਕਾਰਕੁਨਾਂ ਨੇ ਸੋਸ਼ਲ ਮੀਡੀਆ 'ਤੇ 'ਗੁੰਮਰਾਹਕੁੰਨ ਪੋਸਟਾਂ' ਪਾ ਕੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕੀਤੀ।

ਨੋਇਡਾ ਪੁਲਿਸ ਕਮਿਸ਼ਨਰ ਲਕਸ਼ਮੀ ਸਿੰਘ ਅਨੁਸਾਰ, ਇਹ ਹਿੰਸਾ ਇੱਕ 'ਅੰਤਰਰਾਸ਼ਟਰੀ ਪੱਧਰ 'ਤੇ ਸੰਗਠਿਤ ਗਤੀਵਿਧੀ' ਸੀ ਅਤੇ ਸਤਿਅਮ ਵਰਮਾ ਇਸ ਦੇ ਕਥਿਤ 'ਮਾਸਟਰਮਾਈਂਡ' ਆਦਿਤਿਆ ਆਨੰਦ ਦੇ ਲਗਾਤਾਰ ਸੰਪਰਕ ਵਿੱਚ ਸਨ।

ਸਤਿਅਮ ਵਰਮਾ ਅਤੇ ਹੋਰ ਨੌਜਵਾਨਾਂ ਦੀ ਗ੍ਰਿਫ਼ਤਾਰੀ ਦਾ ਮੁੱਖ ਕਾਰਨ ਉਨ੍ਹਾਂ ਦੀ ਬੌਧਿਕ ਚੇਤਨਾ ਅਤੇ ਜਨਤਕ ਅੰਦੋਲਨਾਂ (ਨੋਇਡਾ ਮਜ਼ਦੂਰ ਅੰਦੋਲਨ) ਨੂੰ ਸਮਰਥਨ ਦੇਣਾ ਹੈ। ਸਰਕਾਰ ਅਕਸਰ ਅਜਿਹੇ ਲੋਕਾਂ ਨੂੰ 'ਅਰਬਨ ਨਕਸਲ' ਜਾਂ 'ਸਾਜ਼ਿਸ਼ਕਰਤਾ' ਵਜੋਂ ਪੇਸ਼ ਕਰਦੀ ਹੈ ਤਾਂ ਜੋ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾ ਸਕੇ। ਜਦੋਂ ਕੋਈ ਪੜ੍ਹਿਆ-ਲਿਖਿਆ ਵਰਗ ਹਾਸ਼ੀਏ 'ਤੇ ਪਏ ਲੋਕਾਂ (ਮਜ਼ਦੂਰਾਂ, ਆਦਿਵਾਸੀਆਂ) ਦੇ ਹੱਕਾਂ ਦੀ ਗੱਲ ਕਰਦਾ ਹੈ, ਤਾਂ ਸੱਤਾ ਉਸ ਨੂੰ ਆਪਣੇ ਲਈ ਖ਼ਤਰਾ ਮੰਨਣ ਲੱਗਦੀ ਹੈ।

ਨੋਇਡਾ ਦੀ ਘਟਨਾ ਨੇ ਭੀਮਾ ਕੋਰੇਗਾਓਂ ਦੀ ਯਾਦ ਤਾਜ਼ਾ ਕਰ ਦਿੱਤੀ ਹੈ, ਜਿੱਥੇ ਆਨੰਦ ਤੇਲਤੁੰਬੜੇ, ਪ੍ਰੋਫੈਸਰ ਸਾਈਬਾਬਾ ਅਤੇ ਵਰਵਰ ਰਾਓ ਵਰਗੇ ਵਿਦਵਾਨਾਂ ਨੂੰ ਯੂਏਪੀਏ ਤਹਿਤ ਸਾਲਾਂ ਬੱਧੀ ਜੇਲ੍ਹ ਵਿੱਚ ਰੱਖਿਆ ਗਿਆ। ਫ਼ਾਦਰ ਸਟੇਨ ਸਵਾਮੀ ਨੇ ਜੇਲ੍ਹ ਵਿੱਚ ਦਮ ਤੋੜ ਦਿੱਤਾ ਅਤੇ ਪ੍ਰੋਫੈਸਰ ਸਾਈਬਾਬਾ ਦੀ ਮੌਤ ਵੀ ਲੰਬੀ ਕਾਨੂੰਨੀ ਲੜਾਈ ਅਤੇ ਇਲਾਜ ਦੀ ਘਾਟ ਕਾਰਨ ਹੋਈ। ਇਹ ਲੋਕਤੰਤਰ ਲਈ ਬਹੁਤ ਹੀ ਦੁਖਦਾਈ ਹੈ।

ਮੀਡੀਆ ਦਾ ਇੱਕ ਵੱਡਾ ਹਿੱਸਾ ਹੁਣ ਵੱਡੇ ਕਾਰਪੋਰੇਟ ਘਰਾਣਿਆਂ ਦੇ ਨਿਯੰਤਰਣ ਵਿੱਚ ਹੈ। ਕਾਰਪੋਰੇਟ ਘਰਾਣਿਆਂ ਦੇ ਹਿੱਤ ਸੱਤਾਧਾਰੀ ਸਰਕਾਰ ਨਾਲ ਜੁੜੇ ਹੁੰਦੇ ਹਨ। ਸਰਕਾਰੀ ਵਿਗਿਆਪਨਾਂ 'ਤੇ ਨਿਰਭਰਤਾ ਮੀਡੀਆ ਨੂੰ ਸਵਾਲ ਪੁੱਛਣ ਤੋਂ ਰੋਕਦੀ ਹੈ। ਸੱਤਾ ਦੇ ਪੱਖ ਵਿੱਚ ਖੜ੍ਹੇ ਹੋ ਕੇ ਮੀਡੀਆ ਅਸਲ ਮੁੱਦਿਆਂ (ਬੇਰੁਜ਼ਗਾਰੀ, ਮਹਿੰਗਾਈ) ਤੋਂ ਧਿਆਨ ਭਟਕਾ ਕੇ ਲੋਕਾਂ ਨੂੰ ਭਾਵਨਾਤਮਕ ਮੁੱਦਿਆਂ ਵਿੱਚ ਉਲਝਾਈ ਰੱਖਦਾ ਹੈ। ਮੁੱਖ ਧਾਰਾ ਦਾ ਮੀਡੀਆ ਇਨ੍ਹਾਂ ਗ੍ਰਿਫ਼ਤਾਰੀਆਂ ਦੇ ਅਧਾਰ 'ਤੇ ਸਵਾਲ ਚੁੱਕਣ ਦੀ ਬਜਾਏ ਪੁਲਿਸ ਦੀ ਕਹਾਣੀ ਨੂੰ ਹੀ ਸੱਚ ਮੰਨ ਕੇ 'ਅਰਬਨ (ਬਾਕੀ ਸਫ਼ਾ 26 'ਤੇ)

ਜਥੇਦਾਰ ਵੱਲੋਂ ਸਿੱਖ ਵਿਦਵਾਨਾਂ ਤੇ ਕਾਨੂੰਨੀ ਮਾਹਿਰਾਂ ਨਾਲ ਮੀਟਿੰਗ 3 ਮਈ ਨੂੰ

ਰਾਜੋਆਣਾ ਸਬੰਧੀ ਪਟੀਸ਼ਨ ਵਾਪਸ ਲੈਣ ਤੇ ਬੇਅਦਬੀ ਕਾਨੂੰਨ ਬਾਰੇ ਚਰਚਾ ਕੀਤੀ ਜਾਵੇਗੀ

ਅੰਮ੍ਰਿਤਸਰ/ਏ.ਟੀ.ਨਿਊਜ਼: ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਵਾਪਸ ਲੈਣ ਅਤੇ ਪੰਜਾਬ ਸਰਕਾਰ ਵੱਲੋਂ ਬਣਾਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਬਾਰੇ ਚਰਚਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 3 ਮਈ ਨੂੰ ਸਿੱਖ ਸੰਸਥਾਵਾਂ, ਜਥੇਬੰਦੀਆਂ, ਸਿੱਖ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਦੀ ਮੀਟਿੰਗ ਸੱਦੀ ਹੈ। ਜਥੇਦਾਰ ਨੇ ਨਿਊਜ਼ੀਲੈਂਡ ਦੌਰੇ ਤੋਂ ਵਾਪਸ ਆਉਣ ਤੋਂ ਬਾਅਦ 3 ਮਈ ਨੂੰ ਭਾਈ ਗੁਰਦਾਸ ਹਾਲ ਵਿੱਚ ਇਹ ਮਸਲੇ ਵਿਚਾਰਨ ਬਾਰੇ ਮੀਟਿੰਗ ਸੱਦੀ ਹੈ। ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਮਾਮਲੇ ਇਸ ਵੇਲੇ

ਸਿੱਖ ਪੰਥ ਦੇ ਪੱਖ ਦੇ ਮਾਮਲਿਆਂ ਵਿੱਚੋਂ ਹਨ, ਜਿਨ੍ਹਾਂ 'ਤੇ ਵਿਚਾਰ ਕਰਨ ਦੀ ਲੋੜ ਹੈ। ਰਾਜੋਆਣਾ ਮਾਮਲਾ ਅਤੇ ਐਕਟ 'ਤੇ ਵਿਚਾਰ-ਵਟਾਂਦਰਾ ਕਰਨ ਲਈ ਸਿੱਖ ਜਥੇਬੰਦੀਆਂ, ਵਿਦਵਾਨਾਂ ਅਤੇ ਵਕੀਲਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ।

ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਦੀ ਮੁਆਫ਼ੀ ਸਬੰਧੀ ਦਾਇਰ ਕੀਤੀ ਰਹਿਮ ਦੀ ਪਟੀਸ਼ਨ ਵਾਪਸ ਲੈਣ ਜਾਂ ਨਾ ਵਾਪਸ ਲੈਣ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਇਸ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲੋਂ ਇਸ ਸਬੰਧੀ ਲੋੜੀਂਦੇ ਆਦੇਸ਼ ਮੰਗੇ ਗਏ ਹਨ। ਉਸ ਦੀ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਕਈ ਸਾਲਾਂ ਤੋਂ ਸਰਕਾਰ ਦੇ ਵਿਚਾਰ ਅਧੀਨ ਹੈ। ਸਿੱਟੇ ਵਜੋਂ ਰਾਜੋਆਣਾ ਸ਼੍ਰੋਮਣੀ ਕਮੇਟੀ 'ਤੇ ਜ਼ੋਰ ਪਾ ਰਹੇ ਹਨ ਕਿ ਪਟੀਸ਼ਨ ਵਾਪਸ ਲਈ ਜਾਵੇ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਸੀ ਕਿ ਫ਼ਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਦਾਇਰ ਕੀਤੀ ਗਈ ਪਟੀਸ਼ਨ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਕੀਤੀ ਗਈ ਸੀ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਕਰਨ ਮਗਰੋਂ ਹੀ ਵਾਪਸ ਲਈ ਜਾਵੇਗੀ। ਇਸ ਦੌਰਾਨ ਸੂਬਾ ਸਰਕਾਰ ਵੱਲੋਂ ਬੇਅਦਬੀਆਂ ਰੋਕਣ ਸਬੰਧੀ ਬਣਾਏ ਕਾਨੂੰਨ ਦੇ ਮਾਮਲੇ ਵਿੱਚ ਵੀ ਸ਼੍ਰੋਮਣੀ ਕਮੇਟੀ ਅਤੇ ਕਈ ਸਿੱਖ ਸੰਸਥਾਵਾਂ ਸੰਤੁਸ਼ਟ ਨਹੀਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ ਸਰਕਾਰ ਨੂੰ ਖਰੜੇ ਪ੍ਰਵਾਨ ਕਰਨ ਤੋਂ ਪਹਿਲਾਂ ਕਈ ਵਾਰ ਜਨਤਕ ਕਰਨ ਦੀ ਅਪੀਲ ਕੀਤੀ ਗਈ ਸੀ ਪਰ ਸਰਕਾਰ ਵੱਲੋਂ ਸਿੱਖ ਸੰਸਥਾ ਦੀ ਅਪੀਲ ਨੂੰ ਅਣਡਿੱਠ ਕਰ ਦਿੱਤਾ ਗਿਆ। ਸਿੱਖ ਸੰਸਥਾਵਾਂ ਮਹਿਸੂਸ ਕਰ ਰਹੀਆਂ ਹਨ ਕਿ ਸਰਕਾਰ ਵੱਲੋਂ ਬਣਾਏ ਕਾਨੂੰਨ ਵਿੱਚ ਕਈ ਖ਼ਾਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਸੂਤਰਾਂ ਮੁਤਾਬਕ ਕਾਨੂੰਨ ਵਿੱਚ ਸ਼੍ਰੋਮਣੀ ਕਮੇਟੀ ਨੂੰ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਦੇ ਅੰਕੜੇ ਜਨਤਕ ਕਰਨ ਲਈ ਆਖਣਾ, 2015 ਵਿੱਚ ਹੋਈਆਂ ਬੇਅਦਬੀਆਂ ਦੇ ਮਾਮਲਿਆਂ ਵਿੱਚ ਕਾਰਵਾਈ ਬਾਰੇ ਕੁਝ ਵੀ ਸਪਸ਼ਟ ਨਹੀਂ ਅਤੇ ਪਾਵਨ ਸਰੂਪਾਂ ਦੀ ਕਸਟੋਡੀਅਨਸ਼ਿਪ ਮਾਮਲਾ ਵੀ ਠੀਕ ਨਹੀਂ ਦੱਸਿਆ ਜਾ ਰਿਹਾ।

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਨਵੇਂ ਮੈਨੇਜਰ ਮੇਜਰ ਸਿੰਘ ਨੇ ਸੰਭਾਲਿਆ ਅਹੁਦਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕੀ ਢਾਂਚੇ 'ਚ ਅਹਿਮ ਤਬਦੀਲੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ. ਮੇਜਰ ਸਿੰਘ ਨੂੰ ਨਵਾਂ ਮੈਨੇਜਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਪੂਰਨ ਗੁਰਮਤਿ ਮਰਿਆਦਾ ਅਨੁਸਾਰ ਆਪਣਾ ਕਾਰਜਭਾਰ ਸੰਭਾਲ ਲਿਆ। ਇਸ ਮੌਕੇ ਉਨ੍ਹਾਂ ਸਭ ਤੋਂ ਪਹਿਲਾਂ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ 'ਚ ਸ਼ੁਕਰਾਨੇ ਦੀ ਅਰਦਾਸ ਕੀਤੀ ਅਤੇ ਗੁਰੂ ਸਾਹਿਬ ਦਾ ਓਟ ਆਸਰਾ ਲਿਆ।ਮੀਡੀਆ ਨਾਲ ਗੱਲਬਾਤ ਕਰਦੇ ਮੇਜਰ ਸਿੰਘ ਨੇ ਕਿਹਾ ਕਿ ਗੁਰੂ ਰਾਮਦਾਸ ਪਾਤਸ਼ਾਹ ਦੀ ਮਿਹਰ ਸਦਕਾ ਹੀ ਉਨ੍ਹਾਂ ਨੂੰ ਇਸ ਪਵਿੱਤਰ ਅਸਥਾਨ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਵੱਲੋਂ ਪ੍ਰਗਟਾਏ ਗਏ ਭਰੋਸੇ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਨਗੇ।ਦੱਸਣਯੋਗ ਹੈ ਕਿ ਮੇਜਰ ਸਿੰਘ ਕੋਲ ਸ਼੍ਰੋਮਣੀ ਕਮੇਟੀ ਵਿੱਚ ਸੇਵਾ ਨਿਭਾਉਣ ਦਾ ਪਿਛਲੇ 30 ਸਾਲਾਂ ਦਾ ਲੰਮਾ ਤਜਰਬਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਇਸ ਤਜਰਬੇ ਦੀ ਵਰਤੋਂ ਕਰਦੇ ਦਰਬਾਰ ਸਾਹਿਬ ਆਉਣ ਵਾਲੀਆਂ

(ਬਾਕੀ ਸ.ਫ਼ਾ 27 'ਤੇ)

ਇਕਵਾਕ ਸਿੰਘ ਪੱਟੀ ਦਾ ਨਾਵਲ 'ਮੈਂ ਮੁੜ ਆਵਾਂਗੀ' ਹੋਇਆ ਲੋਕ ਅਰਪਣ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬੀ ਲੇਖਕਾਂ ਦੀ ਜਥੇਬੰਦੀ ਜਨਵਾਦੀ ਲੇਖਕ ਸੰਘ ਅੰਮ੍ਰਿਤਸਰ ਵੱਲੋਂ ਪੰਜਾਬੀ ਸਾਹਿਤਕਾਰਾਂ ਦੀ ਭਰਵੀਂ ਇਕੱਤਰਤਾ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਕੀਤੀ ਗਈ, ਜਿਸ ਵਿੱਚ ਮਾਝਾ ਵਰਲਡਵਾਈਡ ਵੱਲੋਂ ਪ੍ਰਕਾਸ਼ਿਤ ਅਤੇ ਸਿੱਖ ਚਿੰਤਕ ਅਤੇ ਬਹੁ-ਵਿਧਾਵੀ ਸਾਹਿਤਕਾਰ ਇਕਵਾਕ ਸਿੰਘ ਪੱਟੀ ਵੱਲੋਂ ਲਿਖਤ ਨਾਵਲ 'ਮੈਂ ਮੁੜ ਆਵਾਂਗੀ' ਲੋਕ ਅਰਪਣ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਕਵਾਕ ਸਿੰਘ ਪੱਟੀ ਦੀ ਇਹ ਤੇਰਵੀਂ ਪੁਸਤਕ ਹੈ। ਇਸ ਤੋਂ ਇਲਾਵਾ ਲੇਖਕ ਦੀਆਂ ਵਾਰਤਕ, ਕਹਾਣੀ, ਮਿੰਨੀ ਕਹਾਣੀ, ਸ਼ਾਇਰੀ ਅਤੇ ਤਬਲਾ ਵਾਦਨ (ਸੰਗੀਤ) ਸੰਬੰਧੀ ਵੀ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਲੇਖਕ ਸੰਘ ਦੇ ਜਰਨਲ ਸਕੱਤਰ ਕਹਾਣੀਕਾਰ ਦੀਪ ਦੇਵਿੰਦਰ ਸਿੰਘ ਨੇ ਸਭਾ ਵੱਲੋਂ ਆਏ ਅਦੀਬਾਂ ਦਾ ਸਵਾਗਤ ਕਰਦੇ ਹੋਏ ਮਰਹੂਮ ਸ਼ਾਇਰ ਦੇਵ ਦਰਦ ਅਤੇ ਕਥਾਕਾਰ ਤਲਵਿੰਦਰ ਸਿੰਘ ਦੀ ਸਾਹਿਤਕ ਜੋੜੀ ਨੂੰ ਯਾਦ ਕਰਦਿਆਂ ਆਖਿਆ ਕਿ ਉਹਨਾਂ ਸਭਾ ਨੂੰ ਸਾਹਿਤਕ ਬੁਲੰਦੀਆਂ 'ਤੇ ਪਹੁੰਚਾਇਆ ਸੀ। ਸਭਾ ਦੇ ਸਕੱਤਰ ਸੁਮੀਤ ਸਿੰਘ ਨੇ ਸਭਾ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ ਅਤੇ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਮੁੱਖ ਕਾਲਮ ਨਵੀਸ ਮਨਮੋਹਨ ਸਿੰਘ ਢਿੱਲੋਂ ਨੂੰ ਸਭਾ ਦੇ ਸਰਪ੍ਰਸਤ ਅਤੇ ਨਾਵਲਕਾਰ ਵਜ਼ੀਰ ਸਿੰਘ ਰੰਧਾਵਾ ਨੂੰ ਪ੍ਰਧਾਨ ਥਾਪਿਆ ਗਿਆ। ਪ੍ਰਿੰ. ਕੁਲੰਵਤ ਸਿੰਘ ਅਣਖੀ ਨੇ ਦੋਹਾਂ ਸਾਹਿਤਕਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਅਗਲੇ ਸਾਹਿਤਕ ਸਮਾਗਮ ਉਲੀਕਣ ਲਈ ਵੀ ਪ੍ਰੇਰਿਆ।

ਇਕਵਾਕ ਸਿੰਘ ਪੱਟੀ ਨੇ ਨਾਵਲ ਬਾਰੇ ਮੁਢਲੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਾਹਿਤ ਜੋ ਵੀ ਰਚਿਆ ਜਾਵੇ, ਉਸ ਵਿੱਚ ਸੱਚ, ਲੋਕ ਭਲਾਈ ਅਤੇ ਕਿਸੇ ਵੀ ਰੂਪ ਵਿੱਚ ਸਮਾਜਿਕ ਜਾਗਰੂਕਤਾ ਦੇ ਪੱਖ ਜ਼ਰੂਰ ਉਭਾਰੇ ਜਾਣ। ਇਹ ਨਾਵਲ ਮਹਿਲਾ ਪ੍ਰਧਾਨ ਕਿਰਦਾਰ ਦੇ ਦੁਆਲੇ ਘੁੰਮਦਾ ਹੈ ਅਤੇ ਪੰਜ ਸਹੇਲੀਆਂ ਦੀ ਕਹਾਣੀ ਹੈ। ਇਹ ਕਹਾਣੀ ਸਾਡੇ ਆਲੇ-ਦੁਆਲੇ ਚੱਲ ਰਹੀ ਪਰਿਵਾਰਕ ਅਤੇ ਸਮਾਜਿਕ ਕਸ਼ਮਕਸ਼ 'ਤੇ ਕੇਂਦਰਿਤ ਹੈ। ਉਹਨਾਂ ਉਮੀਦ ਜਤਾਈ ਕਿ ਪਹਿਲੀਆ ਕਿਤਾਬਾਂ ਵਾਂਗ ਪੰਜਾਬੀ ਦੇ ਸੂਝਵਾਨ ਪਾਠਕ ਇਸ ਕਿਤਾਬ ਨੂੰ ਵੀ ਭਰਵਾਂ ਹੁੰਗਾਰਾ ਅਤੇ ਉਤਸ਼ਾਹ ਦੇਣਗੇ।

ਇਸ ਮੌਕੇ ਰਚਨਾਵਾਂ ਦੇ ਚੱਲੇ ਦੌਰ ਵਿੱਚ ਮੱਖਣ ਭੈਣੀਵਾਲ ਵੱਲੋਂ 'ਨੀਲੀ ਛੱਤ ਵਾਲਾ ਸਾਡੇ ਕੰਮ ਕਰਦਾ' ਗੀਤ ਗਾ ਕੇ ਸੰਗੀਤਕ ਰੰਗ ਬੰਨ੍ਹ ਦਿੱਤਾ। ਪ੍ਰਿੰ. ਗੁਰਜੀਤ ਕੌਰ ਅਜਨਾਲਾ, ਰਮਿੰਦਰਜੀਤ ਕੌਰ, ਪਰਮਜੀਤ ਕੌਰ, ਜਸਵੰਤ ਗਿੱਲ,

ਅੰਗਰੇਜ਼ ਸਿੰਘ ਵਿਰਦੀ ਆਦਿ ਨੇ ਸਹਿਤਕ ਰਚਨਾਵਾਂ ਰਾਹੀਂ ਚੰਗਾ ਰੰਗ ਬੰਨਿਆ। ਸਮਾਗਮ ਦੇ ਆਖ਼ਰ ਵਿੱਚ ਮੋਹਿਤ ਸਹਿਦੇਵ ਅਤੇ ਡਾ. ਕਸ਼ਮੀਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

ਹਨ੍ਹੇਰਾ ਹੋ ਗਿਆ ਤਾਂ ਖ਼ੌਫ਼ ਕਾਹਦਾ, ਚਿਰਾਗ਼ਾਂ ਦਾ ਅਜੇ ਪਰਿਵਾਰ ਜਾਗੇ

ਵਿਪਸਾ ਵਲੋਂ ਕੈਲੀਫ਼ੋਰਨੀਆ ਵਿੱਚ ਸਾਹਿਤਕ ਸਮਾਗਮ ਸੰਪੰਨ

ਹੇਵਰਡ/ਏ.ਟੀ.ਨਿਊਜ਼: ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸੰਵੇਦਨਸ਼ੀਲ ਸ਼ਾਇਰ ਜਸਵਿੰਦਰ ਨਾਲ਼ ਭਾਵ ਪੂਰਤ ਸੰਵਾਦ ਰਚਾਇਆ ਗਿਆ।

ਅਕਾਦਮੀ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ ਭਾਰ ਸੰਭਾਲਦੇ ਹੋਏ ਜਸਵਿੰਦਰ, ਡਾ.ਪ੍ਰਿਥੀਪਾਲ ਸਿੰਘ ਸੋਹੀ, ਮੈਡਮ ਹਰਿੰਦਰ ਕੌਰ ਸੋਹੀ, ਕੁਲਵਿੰਦਰ ਅਤੇ ਹਰਜਿੰਦਰ ਕੰਗ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕੀਤਾ।ਪ੍ਰਧਾਨ ਕੁਲਵਿੰਦਰ ਨੇ ਸਭ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਕਈ ਵਰ੍ਹੇ ਪਹਿਲਾਂ ਡਾ. ਜਗਤਾਰ ਨੇ ਉਸ ਨੂੰ ਜਸਵਿੰਦਰ ਨਾਲ਼ 'ਰੋਪੜ' ਵਿਖੇ ਮਿਲਾਇਆ ਸੀ।ਉਨ੍ਹਾਂ ਦੀ ਦੋਸਤੀ ਖ਼ਤਾਂ ਰਾਹੀਂ ਬਰਕਰਾਰ ਰਹੀ ਪਰ 2015 ਵਿੱਚ ਜਦੋਂ ਉਸ ਨੇ ਕੈਨੇਡਾ ਪਰਵਾਸ ਧਾਰਨ ਕੀਤਾ ਤਾਂ ਫ਼ਾਸਲਾ ਘਟ ਗਿਆ ਤੇ ਦੋਸਤੀ ਹੋਰ ਮਜ਼ਬੂਤ ਹੋਈ।ਪੰਜਾਬੀ ਸਾਹਿਤ ਗਗਨ ਦਾ ਇਹ ਚਮਕਦਾ

ਤਾਰਾ ਬਾਕੀ ਤਾਰਿਆਂ ਨੂੰ ਵੀ ਆਪਣੇ ਨਾਲ਼ ਚਮਕਾਉਂਦਾ ਹੈ। ਇਸ ਦੀ ਸੰਵੇਦਨਸ਼ੀਲ ਸ਼ਾਇਰੀ ਸਦੀਆਂ ਤੱਕ ਜਿਊਂਦੀ ਰਹੇਗੀ।

ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾ ਵਿੱਚ ਵੰਡਦੀ
ਮੇਰੇ ਅੰਦਰ ਧੁਖ ਰਹੀ ਇਹ ਅਗਰਬੱਤੀ ਕੌਣ ਹੈ

ਲਾਜ ਨੀਲਮ ਸੈਣੀ ਨੇ ਕਿਹਾ ਕਿ ਜਸਵਿੰਦਰ ਪੰਜਾਬੀ ਗ਼ਜ਼ਲ ਦਾ ਉਹ ਹਸਤਾਖਰ ਹੈ, ਜਿਸ ਦੀ ਸ਼ਾਇਰੀ ਵਿੱਚੋਂ ਉੱਠਦਾ ਧੂੰਆਂ ਅੱਖਾਂ ਵਿੱਚ ਜਲਣ ਨਹੀਂ, ਸਗੋਂ ਰੂਹ ਵਿੱਚ ਇਬਾਦਤ ਵਰਗੀ ਮਹਿਕ ਭਰਦਾ ਹੈ।ਉਸ ਦੇ ਗ਼ਜ਼ਲ ਸੰਗ੍ਰਹਿ 'ਕਾਲੇ ਹਰਫ਼ਾਂ ਦੀ ਲੋਅ' ਅਤੇ 'ਕੱਕੀ ਰੇਤ ਦੇ ਵਰਕੇ' ਪੰਜਾਬੀ ਸਾਹਿਤ ਜਗਤ ਦੀ ਆਭਾ ਹਨ। ਸਾਹਿਤ ਅਕਾਦਮੀ ਪੁਰਸਕਾਰ ਨਾਲ਼ ਸਨਮਾਨਿਤ ਗ਼ਜ਼ਲ ਸੰਗ੍ਰਹਿ 'ਅਗਰਬੱਤੀ' ਆਤਮ-ਦਾਹ ਤੋਂ ਸੁਗੰਧ ਤੱਕ ਦਾ ਸਫ਼ਰ ਹੈ।ਉਸ ਦੀ ਗ਼ਜ਼ਲ ਰੰਗਾਂ ਤੇ ਤਰੰਗਾਂ ਦਾ ਕੋਲਾਜ ਹੋਣ ਦੇ ਨਾਲ਼-ਨਾਲ਼ ਉਹ ਪਾਠਕ ਦੇ ਮਨ ਵਿੱਚੋਂ ਡਰ ਬਾਹਰ ਕੱਢਣ ਦੀ ਸਮਰੱਥਾ ਵੀ ਰੱਖਦੀ ਹੈ:

ਹਨ੍ਹੇਰਾ ਹੋ ਗਿਆ ਤਾਂ ਖ਼ੌਫ਼ ਕਾਹਦਾ
ਚਿਰਾਗ਼ਾਂ ਦਾ ਅਜੇ ਪਰਿਵਾਰ ਜਾਗੇ
ਜੇ ਸੂਰਜ ਸੌਂ ਗਿਆ ਤਾਂ ਫੇਰ ਕੀ ਹੈ
ਮੇਰੇ ਮੱਥੇ 'ਚ ਇੱਕ ਸੰਸਾਰ ਜਾਗੇ

ਹਰਜਿੰਦਰ ਕੰਗ ਨੇ ਕਿਹਾ ਕਿ ਜਸਵਿੰਦਰ ਉਹ ਸ਼ਾਇਰ ਹੈ ਜਿਸ ਦੀ ਸ਼ਾਇਰੀ ਪਾਠਕਾਂ ਦੀ ਜ਼ੁਬਾਨ 'ਤੇ ਚੜ੍ਹੀ ਹੋਈ ਹੈ ਅਤੇ ਇਹੋ ਹੀ ਇੱਕ ਸ਼ਾਇਰ ਦੀ ਅਸਲੀ ਪਛਾਣ ਹੈ।ਜਸਵਿੰਦਰ ਨੇ ਉਸ ਦਾ ਮਨੋਬਲ ਉੱਚਾ ਚੁੱਕਣ ਲਈ ਉਸ ਦੀ ਕਿਤਾਬ 'ਚੁੱਪ ਦੇ ਟੁਕੜੇ' ਪਸੰਦ ਕਰਨ ਤੋਂ ਬਾਅਦ ਰੋਪੜ ਵਿਖੇ ਲੋਕ ਅਰਪਣ ਕਰਵਾਈ। ਇਹ ਜਸਵਿੰਦਰ ਦੀ ਮਹਾਨਤਾ ਹੈ। ਸੁਰਜੀਤ ਸਖੀ ਨੇ ਕਿਹਾ ਕਿ ਜਸਵਿੰਦਰ ਦੀਆਂ ਗ਼ਜ਼ਲਾਂ ਹਿਮਾਲਾ ਦੀਆਂ ਚੋਟੀਆਂ 'ਚੋਂ ਫੁੱਟਦੀਆਂ ਸਾਫ਼-ਸਫ਼ਾਫ਼ ਬਲੌਰੀ ਨਦੀਆਂ ਵਾਂਗ ਵਲ਼-ਵਲ਼ੇਵੇਂ ਖਾਂਦੀਆਂ, ਲੰਘਦੀਆਂ ਹੋਈਆਂ ਹਰ ਮਿੱਟੀ ਦੀ ਤਾਸੀਰ 'ਚੋਂ ਮੌਸਮਾਂ ਦੇ ਅਸਰ ਨਿਖੇੜ ਕੇ ਮੂਲ ਨਾਲ਼ ਜੋੜਨ ਦੀ ਤਾਬ ਰੱਖਦੀਆਂ ਹਨ।

(ਬਾਕੀ ਸ.ਫ਼ਾ 26 'ਤੇ)

'ਹਿੰਦੂ ਰਾਸ਼ਟਰ' ਦੇ ਪ੍ਰਚਾਰ ਲਈ ਬਾਬਾ ਬਾਗੇਸ਼ਵਰ ਧਾਮ ਨੂੰ ਕੇਂਦਰ ਵੱਲੋਂ ਤੋਹਫ਼ਾ

ਵਿਦੇਸ਼ੀ ਚੰਦੇ ਦੀ ਮਿਲੀ ਹਰੀ ਝੰਡੀ, ਸੰਘ ਦੀ ਨੇੜਤਾ ਤੇ ਸਾਧ ਦੀ ਚੜ੍ਹਤ

ਕੇਂਦਰੀ ਗ੍ਰਹਿ ਮੰਤਰਾਲੇ ਨੇ ਮੱਧ ਪ੍ਰਦੇਸ਼ ਦੇ ਮਸ਼ਹੂਰ ਕਥਾਵਾਚਕ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਦੀ ਅਗਵਾਈ ਵਾਲੇ ਸੰਗਠਨ 'ਸ਼੍ਰੀ ਬਾਗੇਸ਼ਵਰ ਜਨ ਸੇਵਾ ਸਮਿਤੀ' ਨੂੰ ਵਿਦੇਸ਼ੀ ਅੰਸ਼ਦਾਨ (ਰੈਗੂਲੇਸ਼ਨ) ਐਕਟ (ਐਫਸੀਆਰਏ) ਦੇ ਤਹਿਤ ਰਜਿਸਟਰ ਕਰ ਲਿਆ ਹੈ। ਇਸ ਮਨਜ਼ੂਰੀ ਤੋਂ ਬਾਅਦ ਹੁਣ ਇਹ ਸੰਗਠਨ ਵਿਦੇਸ਼ਾਂ ਤੋਂ ਦਾਨ ਪ੍ਰਾਪਤ ਕਰਨ ਦੇ ਯੋਗ ਹੋ ਗਿਆ ਹੈ।

ਬਾਗੇਸ਼ਵਰ ਧਾਮ ਨੂੰ 'ਧਾਰਮਿਕ (ਹਿੰਦੂ)' ਦੇ ਨਾਲ-ਨਾਲ ਸੱਭਿਆਚਾਰਕ, ਆਰਥਿਕ, ਵਿਦਿਅਕ ਅਤੇ ਸਮਾਜਿਕ ਸ਼੍ਰੇਣੀਆਂ ਵਿੱਚ ਰਜਿਸਟਰ ਕੀਤਾ ਗਿਆ ਹੈ। ਇਸ ਸਾਲ 15 ਅਪ੍ਰੈਲ ਤੱਕ 38 ਐਨਜੀਓਜ਼ ਨੂੰ ਐਫਸੀਆਰਏ ਲਾਇਸੈਂਸ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਬਾਗੇਸ਼ਵਰ ਧਾਮ ਸਮੇਤ 6 ਸੰਸਥਾਵਾਂ ਹਿੰਦੂ ਧਾਰਮਿਕ ਸ਼੍ਰੇਣੀ ਵਿੱਚ ਹਨ। ਜਿਵੇਂ ਦਿਵਯ ਜੋਤੀ ਜਾਗ੍ਰਤੀ ਸੰਸਥਾਨ (ਦਿੱਲੀ): ਆਸ਼ੂਤੋਸ਼ ਮਹਾਰਾਜ ਨਾਲ ਸਬੰਧਤ ਸੰਸਥਾ, ਰਾਧਾ ਸੁਆਮੀ ਸਤਿਸੰਗ (ਸੁਆਮੀ ਬਾਗ, ਆਗਰਾ): ਉੱਤਰ ਪ੍ਰਦੇਸ਼ ਸਥਿਤ, ਰਾਮਕ੍ਰਿਸ਼ਨ ਮਿਸ਼ਨ (ਬੋਲਪੁਰ, ਪੱਛਮੀ ਬੰਗਾਲ): ਸੱਭਿਆਚਾਰਕ ਅਤੇ ਧਾਰਮਿਕ ਕਾਰਜਾਂ ਲਈ,ਰਾਮਕ੍ਰਿਸ਼ਨ ਮਿਸ਼ਨ (ਪੂਰਨੀਆ, ਬਿਹਾਰ): ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਲਈ,ਧਰਮਸਥਲ ਸੰਸਥਾ (ਕਰਨਾਟਕ)ਦੱਖਣ ਭਾਰਤ ਦਾ ਪ੍ਰਸਿੱਧ ਧਾਰਮਿਕ ਅਦਾਰਾ। ਇਹ ਰਜਿਸਟ੍ਰੇਸ਼ਨ 5 ਸਾਲਾਂ ਲਈ ਮਾਨਤਾ ਪ੍ਰਾਪਤ ਹੁੰਦੀ ਹੈ, ਜਿਸ ਤੋਂ ਬਾਅਦ ਇਸ ਨੂੰ ਰੀਨਿਊ ਕਰਵਾਉਣਾ ਪੈਂਦਾ ਹੈ।

ਹੋਰ ਪ੍ਰਮੁੱਖ ਸੰਸਥਾਵਾਂ ਬਾਕੀ 32 ਵਿੱਚੋਂ ਕੁਝ ਖ਼ਾਸ ਇਹ ਹਨ:

ਸ਼ਿਖਰ ਧਵਨ ਫਾਊਂਡੇਸ਼ਨ: ਭਾਰਤੀ ਕ੍ਰਿਕਟਰ ਸ਼ਿਖਰ ਧਵਨ ਦੀ ਸੰਸਥਾ, ਜਿਸ ਨੂੰ ਸਮਾਜਿਕ ਸ਼੍ਰੇਣੀ ਵਿੱਚ ਫੰਡ ਲੈਣ ਦੀ ਇਜਾਜ਼ਤ ਮਿਲੀ ਹੈ।

ਐਚ.ਸੀ.ਐਲ. ਫਾਊਂਡੇਸ਼ਨ: ਆਈ.ਟੀ. ਦਿੱਗਜ ਐਚ.ਸੀ.ਐਲ. ਦੀ ਸਮਾਜਿਕ ਸ਼ਾਖਾ

ਐਨ.ਆਈ.ਆਈ.ਟੀ. ਫਾਊਂਡੇਸ਼ਨ: ਸਿੱਖਿਆ ਅਤੇ ਹੁਨਰ ਵਿਕਾਸ ਲਈ

ਆਈ.ਆਈ.ਟੀ.ਐਮ. ਪ੍ਰਵਰਤਕ ਟੈਕਨੋਲੋਜੀ ਫਾਊਂਡੇਸ਼ਨ: ਤਕਨੀਕੀ ਖੋਜ ਅਤੇ ਵਿਕਾਸ ਲਈ

ਮੇਓ ਕਾਲਜ ਜਨਰਲ ਕੌਂਸਲ: ਰਾਜਸਥਾਨ ਦਾ ਪ੍ਰਸਿੱਧ ਵਿਦਿਅਕ ਅਦਾਰਾ

ਕਰੁਣਾ ਹੋਮ ਫਾਰ ਡਿਸੇਬਲਡ: ਅਪਾਹਜਾਂ ਦੀ ਸੇਵਾ ਲਈ ਕੰਮ ਕਰਨ ਵਾਲੀ ਸੰਸਥਾ

ਚੇਨਈ ਮੈਥੇਮੈਟੀਕਲ ਇੰਸਟੀਚਿਊਟ: ਉੱਚ ਸਿੱਖਿਆ ਅਤੇ ਗਣਿਤ ਖੋਜ ਲਈ

ਸਾਧ ਨੂੰ ਲਾਭ ਕੀ ਸੰਘ ਅਤੇ ਸੱਤਾ ਨਾਲ ਨੇੜਤਾ ਕਾਰਣ ਮਿਲਿਆ ?

ਤੁਹਾਡਾ ਸਵਾਲ ਕਿ ਕੀ ਇਹ ਮਨਜ਼ੂਰੀ ਸੰਘ ਨਾਲ ਸਾਂਝ ਦੀ ਨੇੜਤਾ ਕਾਰਨ ਮਿਲੀ ਹੈ ? ਇਸ ਵੇਲੇ ਸਿਆਸੀ ਗਲਿਆਰਿਆਂ ਵਿੱਚ ਬਹਿਸ ਦਾ ਵਿਸ਼ਾ ਹੈ। ਹਾਲਾਂਕਿ ਸਰਕਾਰ ਇਸ ਨੂੰ ਇੱਕ ਆਮ ਕਾਰਵਾਈ ਦੱਸਦੀ ਹੈ, ਪਰ ਕਈ ਕਾਰਨ ਇਸ ਚਰਚਾ ਨੂੰ ਹਵਾ ਦਿੰਦੇ ਹਨ:ਧੀਰੇਂਦਰ ਸ਼ਾਸਤਰੀ ਖੁੱਲ੍ਹੇਆਮ ਹਿੰਦੂ ਰਾਸ਼ਟਰ ਦੀ ਵਕਾਲਤ ਕਰਦੇ ਹਨ, ਜੋ ਕਿ ਸੰਘ ਦੀ ਮੂਲ ਵਿਚਾਰਧਾਰਾ ਦੇ ਨੇੜੇ ਹੈ।

ਮੋਦੀ ਸਰਕਾਰ ਦਾ ਵਿਰੋਧ ਕਿਉਂ ?

ਸ਼ਾਸਤਰੀ ਅਕਸਰ ਵੱਡੇ ਸਿਆਸਤਦਾਨਾਂ ਨਾਲ ਨਜ਼ਰ ਆਉਂਦੇ ਹਨ। ਵਿਰੋਧੀ ਧਿਰਾਂ ਦਾ ਇਲਜ਼ਾਮ ਹੈ ਕਿ ਜਿੱਥੇ ਇੱਕ ਪਾਸੇ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ 18,000 ਤੋਂ ਵੱਧ ਐਨਜੀਓ ਦੇ ਲਾਇਸੈਂਸ ਰੱਦ ਕੀਤੇ ਹਨ (ਜਿਨ੍ਹਾਂ ਵਿੱਚ ਕਈ ਮਾਨਵਤਾਵਾਦੀ ਅਤੇ ਘੱਟ ਗਿਣਤੀ ਸੰਸਥਾਵਾਂ ਸਨ), ਉੱਥੇ ਬਾਗੇਸ਼ਵਰ ਧਾਮ ਵਰਗੀਆਂ ਸੰਸਥਾਵਾਂ ਨੂੰ ਤੇਜ਼ੀ ਨਾਲ ਮਨਜ਼ੂਰੀ ਮਿਲਣਾ ਸਵਾਲ ਖੜ੍ਹੇ ਕਰਦਾ ਹੈ ਜੋ ਕਿ ਹਿੰਦੂਤਵ ਦੇ ਨਾਮ ਉਪਰ ਨਫਰਤ ਫੈਲਾ ਰਿਹਾ ਹੈ। ਸਰਕਾਰ ਨੇ ਹਾਲ ਹੀ ਵਿੱਚ

ਐਫ.ਸੀ.ਆਰ.ਏ. ਕਾਨੂੰਨ ਵਿੱਚ ਕਈ ਸੋਧਾਂ ਕੀਤੀਆਂ ਹਨ, ਜਿਸ ਦਾ ਤਾਮਿਲਨਾਡੂ ਅਤੇ ਕੇਰਲ ਵਰਗੇ ਰਾਜਾਂ ਨੇ ਵਿਰੋਧ ਕੀਤਾ ਸੀ। ਵਿਰੋਧੀਆਂ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਪਸੰਦੀਦਾ ਸੰਗਠਨਾਂ ਨੂੰ ਰਾਹਤ ਦੇ ਰਹੀ ਹੈ ਅਤੇ ਆਲੋਚਕਾਂ ਦੇ ਫੰਡ ਰੋਕ ਰਹੀ ਹੈ।

ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਦੇਸ਼ ਵਿੱਚ ਇਸ ਸਮੇਂ 14,538 ਸਰਗਰਮ ਐਫ.ਸੀ.ਆਰ.ਏ. ਰਜਿਸਟਰਡ ਸੰਸਥਾਵਾਂ ਹਨ। ਸਰਕਾਰ ਦਾ ਤਰਕ ਹੈ ਕਿ ਰਜਿਸਟ੍ਰੇਸ਼ਨ ਕੇਵਲ ਉਹਨਾਂ ਨੂੰ ਦਿੱਤੀ ਜਾਂਦੀ ਹੈ ਜੋ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ ਅਤੇ ਜਿਨ੍ਹਾਂ ਦੀਆਂ ਗਤੀਵਿਧੀਆਂ 'ਦੇਸ਼ ਵਿਰੋਧੀ' ਨਹੀਂ ਪਾਈਆਂ ਜਾਂਦੀਆਂ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਧੀਰੇਂਦਰ ਸ਼ਾਸਤਰੀ ਦੀ ਵਧਦੀ ਲੋਕਪ੍ਰਿਯਤਾ ਅਤੇ ਹਿੰਦੂਤਵ ਦੇ ਏਜੰਡੇ 'ਤੇ ਉਨ੍ਹਾਂ ਦੇ ਸਟੈਂਡ ਨੇ ਉਨ੍ਹਾਂ ਨੂੰ ਸੱਤਾਧਾਰੀ ਧਿਰ ਦੇ ਨੇੜੇ ਲਿਆਂਦਾ ਹੈ। ਅਜਿਹੇ ਵਿੱਚ ਵਿਦੇਸ਼ੀ ਚੰਦੇ ਦੀ ਮਨਜ਼ੂਰੀ ਨੂੰ ਕੇਵਲ ਇੱਕ 'ਤਕਨੀਕੀ ਪ੍ਰਕਿਰਿਆ' ਵਜੋਂ ਦੇਖਣਾ ਮੁਸ਼ਕਲ ਹੈ, ਕਿਉਂਕਿ ਇਸ ਦੇ ਪਿੱਛੇ ਸਪਸ਼ਟ ਸਿਆਸੀ ਅਤੇ ਵਿਚਾਰਧਾਰਕ ਪ੍ਰਭਾਵ ਦਿਖਾਈ ਦਿੰਦਾ ਹੈ।

ਘੱਟਗਿਣਤੀ ਜਥੇਬੰਦੀਆਂ ਲਈ ਵਿਦੇਸ਼ੀ ਫੰਡ ਲੈਣਾ ਕਿਉਂ ਅਸੰਭਵ ?

ਘੱਟਗਿਣਤੀ ਕੌਮਾਂ ਦੀਆਂ ਜਥੇਬੰਦੀਆਂ ਨੂੰ ਇਹ ਸਹੂਲਤ ਕਿਉਂ ਰੋਕੀ ਜਾਂਦੀ ਹੈ ?

ਘੱਟਗਿਣਤੀ ਕੌਮਾਂ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਦੇ ਲਾਇਸੈਂਸ ਰੱਦ ਹੋਣਾ ਜਾਂ ਰੋਕੇ ਜਾਣਾ ਇੱਕ ਗੰਭੀਰ ਅਤੇ ਵਿਵਾਦਪੂਰਨ ਵਿਸ਼ਾ ਰਿਹਾ ਹੈ। ਕੇਂਦਰ ਸਰਕਾਰ ਅਤੇ ਸੁਤੰਤਰ ਸੰਸਥਾਵਾਂ ਇਸ ਦੇ ਵੱਖ-ਵੱਖ ਕਾਰਨ ਦੱਸਦੀਆਂ ਹਨ।ਇੱਥੇ ਉਹ ਮੁੱਖ ਨੁਕਤੇ ਹਨ ਜਿਨ੍ਹਾਂ ਕਰਕੇ ਘੱਟਗਿਣਤੀ ਜਥੇਬੰਦੀਆਂ ਨੂੰ ਇਹ ਸਹੂਲਤ ਲੈਣ ਵਿੱਚ ਮੁਸ਼ਕਿਲਾਂ ਆ ਰਹੀਆਂ ਹਨ।

ਕੇਂਦਰ ਸਰਕਾਰ ਅਕਸਰ ਇਹ ਦਲੀਲ ਦਿੰਦੀ ਹੈ ਕਿ ਕਈ ਇਸਾਈ ਅਤੇ ਹੋਰ ਘੱਟਗਿਣਤੀ ਜਥੇਬੰਦੀਆਂ ਵਿਦੇਸ਼ੀ ਫੰਡਾਂ ਦੀ ਵਰਤੋਂ 'ਜਬਰਦਸਤੀ ਧਰਮ ਪਰਿਵਰਤਨ' ਕਰਵਾਉਣ ਲਈ ਕਰ ਰਹੀਆਂ ਹਨ। ਸਰਕਾਰ ਦਾ ਮੰਨਣਾ ਹੈ ਕਿ ਇਹ ਦੇਸ਼ ਦੇ ਸਮਾਜਿਕ ਤਾਣੇ-ਬਾਣੇ ਅਤੇ ਜਨਸੰਖਿਆ ਦੇ ਸੰਤੁਲਨ ਲਈ ਖਤਰਾ ਹੈ। ਸਰਕਾਰ ਵੱਲੋਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਕੁਝ ਐਨ.ਜੀ.ਓ. ਵਿਦੇਸ਼ੀ ਪੈਸੇ ਦੀ ਵਰਤੋਂ ਅਜਿਹੇ ਪ੍ਰਦਰਸ਼ਨਾਂ ਜਾਂ ਮੁਹਿੰਮਾਂ ਲਈ ਕਰਦੇ ਹਨ ਜੋ ਦੇਸ਼ ਦੇ ਵੱਡੇ ਵਿਕਾਸ ਪ੍ਰੋਜੈਕਟਾਂ (ਜਿਵੇਂ ਮਾਈਨਿੰਗ ਜਾਂ ਡੈਮ) ਵਿੱਚ ਰੁਕਾਵਟ ਪਾਉਂਦੇ ਹਨ। ਖਾਸ ਕਰਕੇ ਆਦਿਵਾਸੀ ਅਤੇ ਘੱਟਗਿਣਤੀ ਇਲਾਕਿਆਂ ਵਿੱਚ ਕੰਮ ਕਰਨ ਵਾਲੀਆਂ ਜਥੇਬੰਦੀਆਂ 'ਤੇ ਅਜਿਹੀ ਨਜ਼ਰ ਰੱਖੀ ਜਾਂਦੀ ਹੈ। 2020 ਵਿੱਚ ਐਫ.ਸੀ.ਆਰ.ਏ. ਕਾਨੂੰਨ ਵਿੱਚ ਕੀਤੀਆਂ ਗਈਆਂ ਸੋਧਾਂ ਨੇ ਨਿਯਮਾਂ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ। ਹੁਣ ਕੋਈ ਵੀ ਸੰਸਥਾ ਵਿਦੇਸ਼ੀ ਫੰਡਾਂ ਦਾ ਸਿਰਫ 20% ਹੀ ਪ੍ਰਬੰਧਕੀ ਖਰਚਿਆਂ (ਤਨਖਾਹਾਂ, ਦਫ਼ਤਰ ਦਾ ਕਿਰਾਇਆ ਆਦਿ) ਲਈ ਵਰਤ ਸਕਦੀ ਹੈ (ਪਹਿਲਾਂ ਇਹ 50% ਸੀ)। ਹਰ ਸੰਸਥਾ ਲਈ ਦਿੱਲੀ ਸਥਿਤ ਐਸ.ਬੀ.ਆਈ. ਦੀ ਮੇਨ ਬ੍ਰਾਂਚ ਵਿੱਚ ਖਾਤਾ ਖੋਲ੍ਹਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜੋ ਦੂਰ-ਦੁਰਾਡੇ ਇਲਾਕਿਆਂ ਵਿੱਚ ਕੰਮ ਕਰਦੀਆਂ ਛੋਟੀਆਂ ਜਥੇਬੰਦੀਆਂ ਲਈ ਔਖਾ ਹੈ।

ਸਰਕਾਰ ਦਾ ਕਹਿਣਾ ਹੈ ਕਿ ਕਈ ਸੰਸਥਾਵਾਂ ਆਪਣੇ ਖਰਚਿਆਂ ਦਾ ਸਹੀ ਵੇਰਵਾ ਪੇਸ਼ ਨਹੀਂ ਕਰਦੀਆਂ। ਟੈਕਸ ਰਿਟਰਨਾਂ ਵਿੱਚ ਗਲਤੀਆਂ ਜਾਂ ਫੰਡਾਂ ਦੀ ਦੁਰਵਰਤੋਂ ਨੂੰ ਆਧਾਰ ਬਣਾ ਕੇ ਵੀ ਲਾਇਸੈਂਸ ਰੱਦ ਕੀਤੇ ਜਾਂਦੇ ਹਨ।

ਵਿਰੋਧੀ ਧਿਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ (ਜਿਵੇਂ ਅਮੈਸਿਟੀ ਇੰਟਰਨੈਸ਼ਨਲ ਦਾ ਇਲਜ਼ਾਮ ਹੈ ਕਿ ?ਸਰਕਾਰ ਚੋਣਵੇਂ ਤਰੀਕੇ ਨਾਲ ਕੰਮ ਕਰ ਰਹੀ ਹੈ। ਜਿਹੜੀਆਂ ਜਥੇਬੰਦੀਆਂ ਸਰਕਾਰ ਦੀਆਂ ਨੀਤੀਆਂ ਦੀ ਨੁਕਤਾਚੀਨੀ ਕਰਦੀਆਂ ਹਨ ਜਾਂ ਘੱਟਗਿਣਤੀਆਂ ਦੇ ਹੱਕਾਂ ਦੀ ਗੱਲ ਕਰਦੀਆਂ ਹਨ, ਉਹਨਾਂ ਨੂੰ ਦੇਸ਼ ਵਿਰੋਧੀ ਗਰਦਾਨ ਕੇ ਉਹਨਾਂ ਦੇ ਫੰਡ ਰੋਕ ਦਿੱਤੇ ਜਾਂਦੇ ਹਨ। ਦੂਜੇ ਪਾਸੇ, ਸੱਤਾਧਾਰੀ ਵਿਚਾਰਧਾਰਾ ਦੇ ਨੇੜੇ ਰਹਿਣ ਵਾਲੀਆਂ ਸੰਸਥਾਵਾਂ (ਜਿਵੇਂ ਬਾਗੇਸ਼ਵਰ ਧਾਮ ਜਾਂ ਹੋਰ ਹਿੰਦੂ ਸੰਗਠਨ) ਨੂੰ ਨਿਯਮਾਂ ਵਿੱਚ ਢਿੱਲ ਜਾਂ ਜਲਦੀ ਮਨਜ਼ੂਰੀ ਮਿਲ ਜਾਂਦੀ ਹੈ। ਜਿੱਥੇ ਸਰਕਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਵਿੱਤੀ ਪਾਰਦਰਸ਼ਤਾ ਦਾ ਮਾਮਲਾ ਦੱਸਦੀ ਹੈ, ਉੱਥੇ ਹੀ ਘੱਟਗਿਣਤੀ ਸਮੂਹ ਇਸ ਨੂੰ ਆਪਣੀ ਆਵਾਜ਼ ਦਬਾਉਣ ਅਤੇ ਲੋਕਤੰਤਰੀ ਢਾਂਚੇ ਵਿੱਚ ਆਪਣੀ ਹਿੱਸੇਦਾਰੀ ਘਟਾਉਣ ਦੀ ਕੋਸ਼ਿਸ਼ ਵਜੋਂ ਦੇਖਦੇ ਹਨ।

ਦਿਵਯ ਜੋਤੀ ਜਾਗ੍ਰਤੀ ਸੰਸਥਾਨ (ਦਿੱਲੀ) ਦਾ ਸੰਘ ਪਰਿਵਾਰ ਨਾਲ ਕੀ ਸਬੰਧ ਹੈ ?

ਦਿਵਯ ਜੋਤੀ ਜਾਗ੍ਰਤੀ ਸੰਸਥਾਨ, ਜਿਸਦਾ ਮੁੱਖ ਦਫ਼ਤਰ ਦਿੱਲੀ ਵਿੱਚ ਹੈ ਅਤੇ ਪੰਜਾਬ ਦੇ ਨੂਰਮਹਿਲ ਵਿੱਚ ਵੱਡਾ ਡੇਰਾ ਹੈ, ਦਾ ਸਿਆਸੀ ਅਤੇ ਧਾਰਮਿਕ ਇਤਿਹਾਸ ਕਾਫੀ ਵਿਵਾਦਪੂਰਨ ਰਿਹਾ ਹੈ। ਇਸ ਸੰਸਥਾ ਦੇ ਸੰਘ ਪਰਿਵਾਰ ਨਾਲ ਸਬੰਧ ਅਤੇ ਸਿੱਖਾਂ ਨਾਲ ਤਕਰਾਰ ਦੇ ਪਿੱਛੇ ਡੂੰਘੇ ਕਾਰਨ ਹਨ।

ਦਿਵਯ ਜੋਤੀ ਜਾਗ੍ਰਤੀ ਸੰਸਥਾਨ ਅਤੇ ਸੰਘ ਪਰਿਵਾਰ ਵਿਚਕਾਰ ਸਬੰਧ ਵਿਚਾਰਧਾਰਕ ਸਾਂਝ ਅਤੇ ਵੋਟ ਰਾਜਨੀਤੀ 'ਤੇ ਟਿਕੇ ਹੋਏ ਹਨ। ਦਿਵਯ ਜੋਤੀ ਜਾਗ੍ਰਤੀ ਸੰਸਥਾਨ ਖੁਦ ਨੂੰ ਸਨਾਤਨ ਧਰਮ ਦਾ ਪ੍ਰਚਾਰਕ ਦੱਸਦਾ ਹੈ। ਸੰਘ ਪਰਿਵਾਰ ਦੀ ਹਿੰਦੂਤਵ ਅਤੇ ਅਖੰਡ ਭਾਰਤ ਦੀ ਸੋਚ ਨਾਲ ਇਸ ਡੇਰੇ ਦੀਆਂ ਕਈ ਗਤੀਵਿਧੀਆਂ ਮੇਲ ਖਾਂਦੀਆਂ ਹਨ।

ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਕਈ ਵੱਡੇ ਨੇਤਾ ਅਕਸਰ ਨੂਰਮਹਿਲ ਡੇਰੇ ਵਿੱਚ ਨਤਮਸਤਕ ਹੁੰਦੇ ਰਹੇ ਹਨ। ਡੇਰੇ ਦਾ ਇੱਕ ਵੱਡਾ ਵੋਟ ਬੈਂਕ ਹੈ, ਜਿਸ ਕਾਰਨ ਭਾਜਪਾ ਅਤੇ ਸੰਘ ਇਸ ਨੂੰ ਆਪਣੇ ਪ੍ਰਭਾਵ ਹੇਠ ਰੱਖਣਾ ਚਾਹੁੰਦੇ ਹਨ।

ਸੁਰੱਖਿਆ ਅਤੇ ਸਹੂਲਤਾਂ: ਆਸ਼ੂਤੋਸ਼ ਮਹਾਰਾਜ ਦੇ ਕਲੀਨੀਕਲ ਡੈਥ (2014) ਤੋਂ ਬਾਅਦ, ਉਨ੍ਹਾਂ ਦੀ ਦੇਹ ਨੂੰ ਫ੍ਰੀਜ਼ਰ ਵਿੱਚ ਰੱਖਣ ਅਤੇ ਡੇਰੇ ਦੀ ਸੁਰੱਖਿਆ ਨੂੰ ਲੈ ਕੇ ਸਰਕਾਰਾਂ (ਖਾਸ ਕਰਕੇ ਜਿੱਥੇ ਭਾਜਪਾ ਦਾ ਪ੍ਰਭਾਵ ਰਿਹਾ) ਦਾ ਰਵੱਈਆ ਨਰਮ ਰਿਹਾ ਹੈ।

ਸਿੱਖਾਂ ਨਾਲ ਕੀ ਤਕਰਾਰ ਹੈ ?

ਸਿੱਖ ਜਥੇਬੰਦੀਆਂ ਅਤੇ ਦਿਵਯ ਜੋਤੀ ਜਾਗ੍ਰਤੀ ਸੰਸਥਾਨ ਵਿਚਕਾਰ ਟਕਰਾਅ ਬਹੁਤ ਪੁਰਾਣਾ ਹੈ, ਜਿਸ ਨੇ ਕਈ ਵਾਰ ਹਿੰਸਕ ਰੂਪ ਵੀ ਲਿਆ। ਸਿੱਖ ਧਰਮ ਵਿੱਚ 'ਗੁਰੂ ਮਾਨਿਓ ਗ੍ਰੰਥ' ਦੇ ਸਿਧਾਂਤ ਅਨੁਸਾਰ ਸਿਰਫ਼ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਨੂੰ ਹੀ ਮਾਨਤਾ ਹੈ। ਆਸ਼ੂਤੋਸ਼ ਮਹਾਰਾਜ ਵੱਲੋਂ ਖੁਦ ਨੂੰ 'ਗੁਰੂ' ਵਜੋਂ ਪੇਸ਼ ਕਰਨਾ ਅਤੇ ਸਿੱਖਾਂ ਨੂੰ ਆਪਣਾ ਚੇਲਾ ਬਣਾਉਣਾ ਸਿੱਖ ਰਹਿਤ ਮਰਯਾਦਾ ਦੇ ਉਲਟ ਮੰਨਿਆ ਜਾਂਦਾ ਹੈ। ਸਿੱਖ ਜਥੇਬੰਦੀਆਂ ਦਾ ਇਲਜ਼ਾਮ ਰਿਹਾ ਹੈ ਕਿ ਆਸ਼ੂਤੋਸ਼ ਮਹਾਰਾਜ ਅਤੇ ਉਨ੍ਹਾਂ ਦੇ ਪ੍ਰਚਾਰਕ ਗੁਰਬਾਣੀ ਦੀਆਂ ਤੁਕਾਂ ਦੀ ਗਲਤ ਵਿਆਖਿਆ ਕਰਦੇ ਸਨ। ਉਹ ਗੁਰਬਾਣੀ ਦੇ ਸ਼ਬਦਾਂ ਨੂੰ ਹਿੰਦੂ ਮਿਥਿਹਾਸ ਅਤੇ ਆਸ਼ੂਤੋਸ਼ ਮਹਾਰਾਜ ਦੀ ਮਹਿਮਾ ਨਾਲ ਜੋੜ ਕੇ ਪੇਸ਼ ਕਰਦੇ ਸਨ, ਜਿਸ ਨੂੰ ਸਿੱਖਾਂ ਨੇ 'ਬੇਅਦਬੀ' ਅਤੇ ਸਿੱਖ ਧਰਮ ਦੇ 'ਹਿੰਦੂਕਰਨ' ਦੀ ਕੋਸ਼ਿਸ਼ ਵਜੋਂ ਦੇਖਿਆ।

ਇਸ ਤਕਰਾਰ ਦਾ ਸਭ ਤੋਂ ਖ਼ੌਫ਼ਨਾਕ ਮੋੜ 2009 ਵਿੱਚ ਆਇਆ ਜਦੋਂ ਲੁਧਿਆਣਾ ਵਿੱਚ ਡੇਰੇ ਦੇ ਇੱਕ ਪ੍ਰੋਗਰਾਮ ਦਾ ਵਿਰੋਧ ਕਰ ਰਹੇ ਸਿੱਖ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚੱਲੀ। ਇਸ ਵਿੱਚ ਇੱਕ ਸਿੱਖ (ਭਾਈ ਦਰਸ਼ਨ ਸਿੰਘ ਲੋਹਾਰਾ) ਸ਼ਹੀਦ ਹੋ ਗਏ ਸਨ। ਇਸ ਘਟਨਾ ਤੋਂ ਬਾਅਦ ਪੰਜਾਬ ਵਿੱਚ ਡੇਰੇ ਵਿਰੁੱਧ ਗੁੱਸਾ ਸਿਖਰਾਂ 'ਤੇ ਪਹੁੰਚ ਗਿਆ।

ਸਿੱਖ ਪ੍ਰਚਾਰਕਾਂ ਦਾ ਮੰਨਣਾ ਹੈ ਕਿ ਦਿਵਯ ਜੋਤੀ ਜਾਗ੍ਰਤੀ ਸੰਸਥਾਨ ਆਪਣੇ ਸਮਾਗਮਾਂ ਵਿੱਚ ਸਿੱਖ ਧਰਮ ਦੇ ਪ੍ਰਸੰਗਾਂ ਨੂੰ ਇਸ ਤਰ੍ਹਾਂ ਪੇਸ਼ ਕਰਦਾ ਸੀ ਜਿਵੇਂ ਉਹ ਸਨਾਤਨ ਧਰਮ ਦਾ ਹੀ ਹਿੱਸਾ ਹੋਣ, ਜਿਸ ਨੂੰ ਸਿੱਖ ਆਪਣੀ ਵੱਖਰੀ ਹੋਂਦ 'ਤੇ ਹਮਲਾ ਮੰਨਦੇ ਹਨ।

ਆਸ਼ੂਤੋਸ਼ ਮਹਾਰਾਜ ਜਨਵਰੀ 2014 ਤੋਂ 'ਗਹਿਰੀ ਸਮਾਧੀ' (ਮੈਡੀਕਲ ਭਾਸ਼ਾ ਵਿੱਚ ਮੌਤ) ਵਿੱਚ ਹਨ। ਉਨ੍ਹਾਂ ਦੀ ਦੇਹ ਨੂੰ ਡੇਰੇ ਅੰਦਰ ਫ੍ਰੀਜ਼ਰ ਵਿੱਚ ਰੱਖਿਆ ਗਿਆ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਕੁਦਰਤ ਦੇ ਨਿਯਮਾਂ ਦਾ ਅਪਮਾਨ ਹੈ, ਜਦਕਿ ਡੇਰਾ ਇਸ ਨੂੰ ਸ਼ਰਧਾ ਦਾ ਮਾਮਲਾ ਦੱਸਦਾ ਹੈ।

ਸਰਕਾਰੀ ਸੁਰੱਖਿਆ: ਸਰਕਾਰਾਂ ਨੇ ਅਮਨ-ਕਾਨੂੰਨ ਦੀ ਸਥਿਤੀ ਨੂੰ ਦੇਖਦਿਆਂ ਡੇਰੇ ਦੀ ਸੁਰੱਖਿਆ ਵਧਾਈ ਹੋਈ ਹੈ। ਸਿੱਖਾਂ ਦਾ ਰੋਸ ਹੈ ਕਿ ਸਰਕਾਰ ਇੱਕ ਅਜਿਹੀ ਸੰਸਥਾ ਦੀ ਪੁਸ਼ਤਪਨਾਹੀ ਕਰ ਰਹੀ ਹੈ ਜੋ ਸਿੱਖ ਸਿਧਾਂਤਾਂ ਨੂੰ ਚੁਣੌਤੀ ਦਿੰਦੀ ਹੈ।

ਦਿਵਯ ਜੋਤੀ ਜਾਗ੍ਰਤੀ ਸੰਸਥਾਨ ਨੂੰ ਮਿਲਿਆ ਐਫ.ਸੀ.ਆਰ.ਏ. ਲਾਇਸੈਂਸ ਇਹ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਦੀਆਂ ਨਜ਼ਰਾਂ ਵਿੱਚ ਇਹ ਸੰਸਥਾ ਭਰੋਸੇਯੋਗ ਹੈ। ਪਰ ਪੰਜਾਬ ਦੇ ਸੰਦਰਭ ਵਿੱਚ, ਇਹ ਸੰਸਥਾ ਹਮੇਸ਼ਾ ਪੰਥਕ ਜਥੇਬੰਦੀਆਂ ਦੇ ਨਿਸ਼ਾਨੇ 'ਤੇ ਰਹੀ ਹੈ ਕਿਉਂਕਿ ਇਸ ਨੂੰ ਸਿੱਖੀ ਦੀ ਮੌਲਿਕਤਾ ਨੂੰ ਖੋਰਾ ਲਾਉਣ ਵਾਲੇ ਇੱਕ ਸਰਕਾਰੀ ਸਾਧ ਦੇ ਅਦਾਰੇ ਵਜੋਂ ਦੇਖਿਆ ਜਾਂਦਾ ਹੈ।

ਦਰਪਣ ਝੂਠ ਨਹੀਂ ਬੋਲਦਾ

ਭਾਰਤ 'ਚ ਡਰੈੱਸ ਕੋਡ ਦੇ ਬਹਾਨੇ ਕਾਰਪੋਰੇਟ ਕੰਪਨੀਆਂ ਵੱਲੋਂ ਪਛਾਣ 'ਤੇ ਹਮਲਾ ?

ਘੱਟ ਗਿਣਤੀਆਂ ਦੀ ਪਛਾਣ ਨੂੰ ਆਧਾਰ ਬਣਾਕੇ ਕੀਤਾ ਜਾਂਦੈ ਵਿਤਕਰਾ

ਸੰਵਿਧਾਨਕ ਹੱਕ ਬਨਾਮ ਕੰਪਨੀ ਦੇ ਨਿਯਮ: ਕੌਣ ਵੱਡਾ ? ਸਰਕਾਰ ਚੁੱਪ ਕਿਉਂ ?

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ ਕੰਮ ਕਰਨ ਵਾਲੀਆਂ ਥਾਵਾਂ 'ਤੇ ਪਹਿਰਾਵੇ ਦੇ ਨਿਯਮਾਂ ਅਤੇ ਧਾਰਮਿਕ ਪ੍ਰਤੀਕਾਂ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਸੋਸ਼ਲ ਮੀਡੀਆ 'ਤੇ 'ਲੈਂਸਕਾਰਟ' ਅਤੇ 'ਏਅਰ ਇੰਡੀਆ' ਵਰਗੀਆਂ ਕੰਪਨੀਆਂ ਦੇ ਪੁਰਾਣੇ ਡਰੈੱਸ ਕੋਡ ਮੈਨੂਅਲ ਵਾਇਰਲ ਹੋਣ ਤੋਂ ਬਾਅਦ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਕਾਰਜ ਸਥਾਨਾਂ 'ਤੇ ਬਿੰਦੀ, ਸਿੰਦੂਰ, ਪੱਗ, ਹਿਜਾਬ ਜਾਂ ਕਲਾਵੇ ਵਰਗੇ ਚਿੰਨ੍ਹਾਂ 'ਤੇ ਪਾਬੰਦੀ ਲਗਾਉਣਾ ਸਹੀ ਹੈ? ਇਹ ਮੁੱਦਾ ਸਿਰਫ਼ ਕੰਪਨੀ ਦੀਆਂ ਨੀਤੀਆਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਧਰਮ, ਨਿੱਜੀ ਪਸੰਦ ਅਤੇ ਸੰਵਿਧਾਨਕ ਹੱਕਾਂ ਦੇ ਵਿਚਕਾਰ ਇੱਕ ਜੰਗ ਬਣ ਗਿਆ ਹੈ।

ਕਈ ਨਿੱਜੀ ਅਦਾਰੇ ਅਤੇ ਸਰਕਾਰੀ ਸੰਸਥਾਵਾਂ ਦਲੀਲ ਦਿੰਦੀਆਂ ਹਨ ਕਿ ਡਰੈੱਸ ਕੋਡ ਦਾ ਮਕਸਦ ਸਾਰੇ ਕਰਮਚਾਰੀਆਂ ਵਿੱਚ ਇੱਕਸਾਰਤਾ ਅਤੇ ਪੇਸ਼ੇਵਰ ਮਾਹੌਲ ਬਣਾਈ ਰੱਖਣਾ ਹੈ। ਯੂਰਪੀਅਨ ਕੋਰਟ ਆਫ ਜਸਟਿਸ ਨੇ ਵੀ 2017 ਵਿੱਚ ਇਹ ਫੈਸਲਾ ਦਿੱਤਾ ਸੀ ਕਿ ਜੇਕਰ ਕੋਈ ਕੰਪਨੀ ਨਿਊਟਰਲ ਡਰੈੱਸ ਕੋਡ ਲਾਗੂ ਕਰਦੀ ਹੈ, ਤਾਂ ਉਹ ਧਾਰਮਿਕ ਪ੍ਰਤੀਕਾਂ 'ਤੇ ਰੋਕ ਲਗਾ ਸਕਦੀ ਹੈ ਅਤੇ ਇਸਨੂੰ ਵਿਤਕਰਾ ਨਹੀਂ ਮੰਨਿਆ ਜਾਵੇਗਾ।

ਹਾਲਾਂਕਿ, ਭਾਰਤੀ ਸੰਦਰਭ ਵਿੱਚ ਇਹ ਮਾਮਲਾ ਵੱਖਰਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 25 ਨਾਗਰਿਕਾਂ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਅਨੁਸਾਰ ਚੱਲਣ ਦੀ ਆਜ਼ਾਦੀ ਦਿੰਦੀ ਹੈ। ਪਰ ਅਦਾਲਤਾਂ ਇੱਥੇ ਜ਼ਰੂਰੀ ਧਾਰਮਿਕ ਪ੍ਰਥਾ ਦਾ ਸਿਧਾਂਤ ਲਾਗੂ ਕਰਦੀਆਂ ਹਨ। ਉਦਾਹਰਨ ਵਜੋਂ, ਸਿੱਖਾਂ ਲਈ ਪੱਗ ਬੰਨ੍ਹਣਾ ਇੱਕ ਲਾਜ਼ਮੀ ਪ੍ਰਥਾ ਮੰਨੀ ਗਈ ਹੈ, ਜਿਸ ਨੂੰ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ। ਪਰ ਸਿੰਦੂਰ, ਬਿੰਦੀ ਜਾਂ ਹਿਜਾਬ ਵਰਗੇ ਪ੍ਰਤੀਕਾਂ 'ਤੇ ਅਦਾਲਤਾਂ ਦੇ ਵਿਚਾਰ ਵੱਖ-ਵੱਖ ਰਹੇ ਹਨ, ਜਿਵੇਂ ਕਿ ਕਰਨਾਟਕ ਦੇ ਹਿਜਾਬ ਵਿਵਾਦ ਵਿੱਚ ਦੇਖਿਆ ਗਿਆ।

ਭਾਰਤ ਵਿੱਚ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ (ਧਾਰਾ 25 ਦੇ ਤਹਿਤ) ਕਿਰਪਾਨ ਰੱਖਣ ਅਤੇ ਪੱਗ ਬੰਨ੍ਹਣ ਦੀ ਖੁੱਲ੍ਹ ਹੈ, ਪਰ ਫਿਰ ਵੀ ਕਈ ਵਾਰ ਮੁਸ਼ਕਿਲਾਂ ਆਉਂਦੀਆਂ ਹਨ। ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਅਤੇ ਮੁਸਾਫ਼ਰਾਂ ਨੂੰ ਹਵਾਈ ਅੱਡਿਆਂ ਦੇ ਅੰਦਰ ਕਿਰਪਾਨ ਲੈ ਕੇ ਜਾਣ 'ਤੇ ਕਈ ਵਾਰ ਰੋਕਿਆ ਜਾਂਦਾ ਰਿਹਾ ਹੈ। ਹਾਲਾਂਕਿ, ਬਾਅਦ ਵਿੱਚ

ਸਰਕਾਰ ਨੇ ਘਰੇਲੂ ਉਡਾਣਾਂ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਕਈ ਵਾਰ ਨਿੱਜੀ ਸੁਰੱਖਿਆ ਏਜੰਸੀਆਂ ਜਾਂ ਖਾਸ ਫੋਰਸਾਂ ਵਿੱਚ ਡਰੈੱਸ ਕੋਡ ਦੇ ਨਾਂਅ 'ਤੇ ਦਾੜ੍ਹੀ ਜਾਂ ਪੱਗ ਨੂੰ ਲੈ ਕੇ ਵਿਵਾਦ ਹੋਏ ਹਨ। ਕਈ ਰਾਜਾਂ ਵਿੱਚ ਪ੍ਰੀਖਿਆ ਕੇਂਦਰਾਂ (ਜਿਵੇਂ ਕਿ ਨੀਟ ਜਾਂ ਹੋਰ ਸਰਕਾਰੀ ਨੌਕਰੀਆਂ) ਵਿੱਚ ਸਿੱਖ ਵਿਦਿਆਰਥੀਆਂ ਨੂੰ ਕੜਾ ਜਾਂ ਕਿਰਪਾਨ ਉਤਾਰਨ ਲਈ ਮਜਬੂਰ ਕਰਨ ਦੀਆਂ ਖ਼ਬਰਾਂ ਰਾਜਸਥਾਨ ਅਤੇ ਦਿੱਲੀ ਵਰਗੇ ਇਲਾਕਿਆਂ ਤੋਂ ਆਉਂਦੀਆਂ ਰਹੀਆਂ ਹਨ।

ਬਿਊਰੋ ਆਫ ਸਿਵਲ ਐਵੀਏਸ਼ਨ ਸਿਕਿਓਰਿਟੀ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਵਿੱਚ ਹਵਾਈ ਅੱਡਿਆਂ 'ਤੇ ਕੰਮ ਕਰਨ ਵਾਲੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨਣ ਤੋਂ ਰੋਕ ਦਿੱਤਾ ਗਿਆ ਸੀ। ਭਾਰੀ ਵਿਰੋਧ ਤੋਂ ਬਾਅਦ 12 ਮਾਰਚ 2022 ਨੂੰ ਇਸ ਫੈਸਲੇ ਨੂੰ ਸੋਧਿਆ ਗਿਆ ਅਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਸਮੇਤ ਡਿਊਟੀ ਕਰਨ ਦੀ ਇਜਾਜ਼ਤ ਦਿੱਤੀ ਗਈ।

ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਇੱਕ ਅੰਮ੍ਰਿਤਧਾਰੀ ਸਿੱਖ ਪਾਇਲਟ ਨੂੰ ਕਿਰਪਾਨ ਪਹਿਨਣ ਕਾਰਨ ਜਹਾਜ਼ ਉਡਾਉਣ ਤੋਂ ਰੋਕਿਆ ਗਿਆ। ਇਹ ਮਾਮਲਾ ਕਾਫੀ ਚਰਚਾ ਵਿੱਚ ਰਿਹਾ ਕਿਉਂਕਿ ਨਿਯਮ ਮੁਸਾਫਰਾਂ ਲਈ ਸਪਸ਼ਟ ਸਨ ਪਰ ਕਰਮਚਾਰੀਆਂ ਲਈ ਅਸਪਸ਼ਟ।

ਜੁਲਾਈ 2022 (ਰਾਜਸਥਾਨ) ਦੌਰਾਨ ਨੀਟ ਦੀ ਪ੍ਰੀਖਿਆ ਦੌਰਾਨ ਰਾਜਸਥਾਨ ਦੇ ਸ਼੍ਰੀ ਗੰਗਾਨਗਰ ਅਤੇ ਕੋਟਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਕਿਰਪਾਨ ਅਤੇ ਕੜਾ ਉਤਾਰਨ ਲਈ ਮਜਬੂਰ ਕੀਤਾ ਗਿਆ।

ਜੂਨ 2023:ਦੌਰਾਨ ਚੰਡੀਗੜ੍ਹ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਕੇਂਦਰੀ ਵਿਦਿਆਲਿਆ ਅਤੇ ਹੋਰ ਭਰਤੀ ਪ੍ਰੀਖਿਆਵਾਂ ਦੌਰਾਨ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਅੰਦਰ ਜਾਣ ਤੋਂ ਰੋਕਿਆ ਗਿਆ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਸੀ।ਮਈ 2024 ਦੌਰਾਨ ਰਾਜਸਥਾਨ ਵਿੱਚ ਹੀ ਇੱਕ ਹੋਰ ਪ੍ਰਤੀਯੋਗੀ ਪ੍ਰੀਖਿਆ ਦੌਰਾਨ ਸਿੱਖ ਲੜਕੀਆਂ ਨੂੰ ਕੜਾ ਉਤਾਰਨ ਲਈ ਕਿਹਾ ਗਿਆ, ਜਿਸ ਕਾਰਨ ਕਾਫੀ ਰੋਸ ਪ੍ਰਦਰਸ਼ਨ ਹੋਏ।

ਅਪ੍ਰੈਲ 2024 ਦੌਰਾਨ ਸੁਪਰੀਮ ਕੋਰਟ ਵਿੱਚ ਇੱਕ ਸਿੱਖ ਵਕੀਲ ਨੂੰ ਸੁਰੱਖਿਆ ਕਰਮਚਾਰੀਆਂ ਨੇ ਕਿਰਪਾਨ ਕਾਰਨ ਅੰਦਰ ਜਾਣ ਤੋਂ ਰੋਕਿਆ। ਹਾਲਾਂਕਿ, ਬਾਅਦ ਵਿੱਚ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਅੰਮ੍ਰਿਤਧਾਰੀ ਸਿੱਖਾਂ ਨੂੰ ਸੰਵਿਧਾਨਕ ਹੱਕ ਪ੍ਰਾਪਤ ਹੈ। 2021-22 ਦੌਰਾਨ ਦਿੱਲੀ ਪੁਲਿਸ ਅਤੇ ਕੁਝ ਨਿੱਜੀ ਸੁਰੱਖਿਆ ਕੰਪਨੀਆਂ ਵਿੱਚ ਦਾੜ੍ਹੀ ਕੱਟਣ ਦੇ ਨਿਯਮਾਂ ਨੂੰ ਲੈ ਕੇ ਸਿੱਖ ਜਵਾਨਾਂ ਵੱਲੋਂ ਅਦਾਲਤਾਂ ਵਿੱਚ ਪਟੀਸ਼ਨਾਂ ਪਾਈਆਂ ਗਈਆਂ ਸਨ ਕਿ ਇਹ ਉਨ੍ਹਾਂ ਦੇ ਧਾਰਮਿਕ ਹੱਕਾਂ ਦੀ ਉਲੰਘਣਾ ਹੈ।

(ਬਾਕੀ ਸਫ਼ਾ 27 'ਤੇ)

ਬੰਗਾਲ ਦੀ ਜੰਗ: ਕੀ ਮੋਦੀ ਦੀ 'ਚਾਣਕਿਆ ਨੀਤੀ' ਮਮਤਾ ਦੀ 'ਸੋਸ਼ਲ ਇੰਜੀਨੀਅਰਿੰਗ' ਅੱਗੇ ਫੇਲ੍ਹ ਹੋਵੇਗੀ ?

27 ਲੱਖ ਵੋਟਾਂ ਦਾ ਸਵਾਲ: ਕੀ ਦਿੱਲੀ ਦੀ ਚਾਲ ਬੰਗਾਲ 'ਚ ਹੋਵੇਗੀ ਫੇਲ੍ਹ ?

ਬੰਗਾਲ ਦੀ ਸਿਆਸਤ ਇਸ ਸਮੇਂ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ ਹਰ ਵੋਟ ਇੱਕ ਨਵੀਂ ਇਬਾਰਤ ਲਿਖ ਰਹੀ ਹੈ। 2026 ਦੀਆਂ ਇਹ ਵਿਧਾਨ ਸਭਾ ਚੋਣਾਂ ਮਹਿਜ਼ ਸੱਤਾ ਦਾ ਸੰਘਰਸ਼ ਨਹੀਂ, ਸਗੋਂ ਬੰਗਾਲੀ ਪਛਾਣ ਅਤੇ ਕੇਂਦਰੀ ਰਣਨੀਤੀ ਦੇ ਵਿਚਕਾਰ ਇੱਕ ਵੱਡੀ ਜੰਗ ਬਣ ਚੁੱਕੀ ਹੈ। ਬੰਗਾਲ ਦੇ ਚੋਣ ਇਤਿਹਾਸ ਵਿੱਚ ਪਹਿਲੇ ਪੜਾਅ ਦੌਰਾਨ ਹੋਈ 92.7% ਦੀ ਰਿਕਾਰਡ ਵੋਟਿੰਗ ਨੇ ਸਿਆਸੀ ਪੰਡਿਤਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਜਿੱਥੇ ਭਾਜਪਾ ਇਸ ਨੂੰ ਸੱਤਾ ਵਿਰੋਧੀ ਲਹਿਰ ਵਜੋਂ ਦੇਖ ਰਹੀ ਹੈ, ਉੱਥੇ ਹੀ ਤੱਥ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ।

ਸਭ ਤੋਂ ਵੱਡਾ ਮੁੱਦਾ 27 ਲੱਖ ਵੋਟਰਾਂ ਦੇ ਨਾਂਅ ਕੱਟੇ ਜਾਣ ਦਾ ਹੈ। ਜਦੋਂ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਵੋਟਰ ਸੂਚੀਆਂ ਦੀ ਸੁਧਾਈ ਹੋਈ, ਤਾਂ ਬੰਗਾਲ ਵਿੱਚ ਵੱਡੀ ਪੱਧਰ 'ਤੇ ਨਾਂਅ ਕੱਟੇ ਗਏ। ਮਮਤਾ ਬੈਨਰਜੀ ਨੇ ਇਸ ਨੂੰ 'ਬੰਗਾਲੀਆਂ ਨੂੰ ਬੇਦਖ਼ਲ ਕਰਨ ਦੀ ਸਾਜ਼ਿਸ਼' ਵਜੋਂ ਪੇਸ਼ ਕੀਤਾ। ਇਸ ਕਦਮ ਨੇ ਉਹਨਾਂ ਵੋਟਰਾਂ ਨੂੰ ਵੀ ਘਰਾਂ ਤੋਂ ਬਾਹਰ ਕੱਢ ਦਿੱਤਾ ਜੋ ਸ਼ਾਇਦ ਪਹਿਲਾਂ ਉਦਾਸੀਨ ਸਨ। ਲੋਕਾਂ ਵਿੱਚ ਇਹ ਡਰ ਪੈਦਾ ਹੋ ਗਿਆ ਕਿ ਵੋਟ ਨਾ ਦੇਣਾ ਉਹਨਾਂ ਦੀ ਨਾਗਰਿਕਤਾ 'ਤੇ ਸਵਾਲ ਖੜ੍ਹੇ ਕਰ ਸਕਦਾ ਹੈ। ਇਸ ਵਾਰ ਔਰਤਾਂ ਦੀ ਵੋਟਿੰਗ ਦਰ (93%) ਮਰਦਾਂ ਨਾਲੋਂ ਵਧੇਰੇ ਰਹੀ ਹੈ। ਟੀ.ਐਮ.ਸੀ. ਦੀ ਲਕਸ਼ਮੀ ਭੰਡਾਰ ਯੋਜਨਾ ਯੋਜਨਾ

ਔਰਤਾਂ ਲਈ ਇੱਕ ਮਜ਼ਬੂਤ ਆਰਥਿਕ ਸਹਾਰਾ ਬਣੀ ਹੈ। ਭਾਜਪਾ ਨੇ ਆਰ.ਜੀ. ਕਰ ਵਰਗੀਆਂ ਘਟਨਾਵਾਂ ਨੂੰ ਮੁੱਦਾ ਬਣਾ ਕੇ ਮਹਿਲਾ ਸੁਰੱਖਿਆ 'ਤੇ ਸਵਾਲ ਚੁੱਕੇ, ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਦੀਆਂ ਔਰਤਾਂ ਅਜੇ ਵੀ ਮਮਤਾ ਨੂੰ ਆਪਣੀ ਦੀਦੀ ਵਜੋਂ ਦੇਖਦੀਆਂ ਹਨ।

ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਨੇ ਪੂਰੀ ਤਾਕਤ ਝੋਂਕ ਦਿੱਤੀ ਹੈ। ਕੇਂਦਰੀ ਏਜੰਸੀਆਂ (ਈਡੀ/ਸੀਬੀਆਈ) ਦੀ ਸਰਗਰਮੀ ਨੂੰ ਭਾਜਪਾ ਭ੍ਰਿਸ਼ਟਾਚਾਰ ਵਿਰੁੱਧ ਜੰਗ ਕਹਿੰਦੀ ਹੈ, ਪਰ ਬੰਗਾਲ ਦੀ ਜਨਤਾ ਦਾ ਇੱਕ ਹਿੱਸਾ ਇਸ ਨੂੰ ਬੰਗਾਲੀ ਸਵੈ-ਮਾਣ 'ਤੇ ਹਮਲੇ ਵਜੋਂ ਦੇਖ ਰਿਹਾ ਹੈ। ਦਿੱਲੀ ਅਤੇ ਬਿਹਾਰ ਦੇ ਤਜਰਬਿਆਂ ਨੇ ਵੋਟਰਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ ਕੀ ਕੇਂਦਰੀ ਵਾਅਦੇ ਜ਼ਮੀਨੀ ਹਕੀਕਤ ਬਣਦੇ ਹਨ?

ਪੱਛਮੀ ਬੰਗਾਲ ਵਿੱਚ ਦੂਜੇ ਪੜਾਅ ਦੀਆਂ ਚੋਣਾਂ ਦੀ ਸਥਿਤੀ ਇਸ ਸਮੇਂ ਕਾਫ਼ੀ ਗੰਭੀਰ ਅਤੇ ਦਿਲਚਸਪ ਬਣੀ ਹੋਈ ਹੈ। ਦੱਖਣੀ 24 ਪਰਗਨਾ, ਹਾਵੜਾ, ਅਤੇ ਹੁਗਲੀ ਵਰਗੇ ਜ਼ਿਲ੍ਹੇ ਰਵਾਇਤੀ ਤੌਰ 'ਤੇ ਤ੍ਰਿਣਮੂਲ ਕਾਂਗਰਸ ਦੇ ਗੜ੍ਹ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਤੋੜਨ ਲਈ ਭਾਜਪਾ ਨੇ ਪੂਰੀ ਵਾਹ ਲਾਈ ਹੋਈ ਹੈ।

ਭਾਜਪਾ ਦਾ ਦਾਅਵਾ ਹੈ ਕਿ ਪਹਿਲੇ ਪੜਾਅ ਵਿੱਚ 110 ਸੀਟਾਂ ਜਿੱਤੇਗੀ। ਟੀ.ਐਮ.ਸੀ. ਦਾ ਮੰਨਣਾ ਹੈ ਕਿ ਉਹ:125-135 ਸੀਟਾਂ ਜਿਤੇਗੀ ਅਤੇ ਨੰਦੀਗ੍ਰਾਮ ਵਰਗੇ ਅਹਿਮ ਗੜ੍ਹਾਂ ਵਿੱਚ ਭਾਜਪਾ ਨੂੰ ਪਛਾੜਾਂਗੇ।

ਸਿਆਸੀ ਮਾਹਿਰਾਂ ਅਨੁਸਾਰ, ਰਿਕਾਰਡ ਮਤਦਾਨ ਅਕਸਰ ਤਬਦੀਲੀ ਦਾ ਸੰਕੇਤ ਹੁੰਦਾ ਹੈ, ਪਰ

(ਬਾਕੀ ਸਫ਼ਾ 27 'ਤੇ)

ਅਮਰੀਕੀ ਸੰਸਦ ਮੈਂਬਰ ਰੋ ਖੰਨਾ ਦਾ ਵੱਡਾ ਧਮਾਕਾ

ਸੰਘ ਦੇ ਪ੍ਰੋਗਰਾਮ ਤੋਂ ਪੱਲਾ ਝਾੜਿਆ, ਕਿਹਾ- 'ਮੈਂ ਸੰਘੀ ਨਹੀਂ'

ਮਹਿਮਾਨਾਂ ਦੀ ਸੂਚੀ ਤੋਂ ਅਣਜਾਣ ਸੀ ਰੋ ਖੰਨਾ ? ਸੰਘ ਨਾਲ ਜੁੜੇ ਵਿਵਾਦ ਨੇ ਮਚਾਈ ਸਿਆਸੀ ਹਲਚਲ

ਅਮਰੀਕਾ ਵਿੱਚ ਭਾਰਤੀ ਮੂਲ ਦੇ ਪ੍ਰਭਾਵਸ਼ਾਲੀ ਸੰਸਦ ਮੈਂਬਰ ਰੋ ਖੰਨਾ ਇੱਕ ਵਾਰ ਫਿਰ ਚਰਚਾ ਵਿੱਚ ਹਨ। ਉਨ੍ਹਾਂ ਨੇ ਵਾਸ਼ਿੰਗਟਨ ਡੀ.ਸੀ. ਵਿੱਚ ਆਯੋਜਿਤ ਇੱਕ ਪ੍ਰੋਗਰਾਮ ਤੋਂ ਖ਼ੁਦ ਨੂੰ ਵੱਖ ਕਰ ਲਿਆ ਹੈ, ਜਿਸ ਵਿੱਚ ਆਰ.ਐਸ.ਐਸ. ਦੇ ਸਰਕਾਰਯਵਾਹ ਦੱਤਾਤ੍ਰੇਅ ਹੋਸਬਲੇ ਸ਼ਾਮਲ ਹੋਏ ਸਨ। ਖੰਨਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਸੰਘ ਦੀ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ।

ਰੋ ਖੰਨਾ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਨਾਲ ਸਬੰਧਿਤ ਹਨ। ਉਹ ਕੈਲੀਫੋਰਨੀਆ ਦੇ ਸਿਲੀਕਾਨ ਵੈਲੀ ਖੇਤਰ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਦੇ ਮੈਂਬਰ ਹਨ। ਉਹ ਪਾਰਟੀ ਦੇ ਪ੍ਰੋਗਰੈਸਿਵ (ਅਗਾਂਹਵਧੂ) ਧੜੇ ਦੇ ਮਜ਼ਬੂਤ ਨੇਤਾ ਮੰਨੇ ਜਾਂਦੇ ਹਨ।

ਵਾਸ਼ਿੰਗਟਨ ਦੇ ਪ੍ਰਸਿੱਧ ਥਿੰਕ ਟੈਂਕ ਹਡਸਨ ਇੰਸਟੀਚਿਊਟ ਵੱਲੋਂ ਹਾਲ ਹੀ ਵਿੱਚ ਨਿਊ ਇੰਡੀਆ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿੱਚ ਭਾਜਪਾ ਦੇ ਵਿਦੇਸ਼ ਮਾਮਲਿਆਂ ਦੇ ਇੰਚਾਰਜ ਵਿਜੇ ਚੌਥਾਈਵਾਲੇ ਅਤੇ ਰਾਮ ਮਾਧਵ ਵਰਗੇ ਆਗੂ ਵੀ ਮੌਜੂਦ ਸਨ। ਰੋ ਖੰਨਾ ਨੇ ਇਸ ਪ੍ਰੋਗਰਾਮ ਲਈ ਇੱਕ ਪਹਿਲਾਂ ਤੋਂ ਰਿਕਾਰਡ ਕੀਤਾ ਵੀਡੀਓ ਸੰਦੇਸ਼ ਭੇਜਿਆ ਸੀ, ਜਿਸ ਤੋਂ ਬਾਅਦ ਵਿਵਾਦ ਸ਼ੁਰੂ ਹੋ ਗਿਆ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) 'ਤੇ ਜਾਣਕਾਰੀ ਦਿੰਦਿਆਂ ਰੋ ਖੰਨਾ ਨੇ ਕਿਹਾ: ਕਿ ਮੈਂ ਉਸ ਪ੍ਰੋਗਰਾਮ

ਵਿੱਚ ਖ਼ੁਦ ਮੌਜੂਦ ਨਹੀਂ ਸੀ। ਹਡਸਨ ਇੰਸਟੀਚਿਊਟ ਨੇ ਮੇਰੇ ਤੋਂ ਇੱਕ ਮਿੰਟ ਦਾ ਵੀਡੀਓ ਸੰਦੇਸ਼ ਮੰਗਿਆ ਸੀ, ਜੋ ਮੈਂ ਮੁਹੱਈਆ ਕਰਵਾ ਦਿੱਤਾ। ਮੈਨੂੰ ਉੱਥੇ ਆਉਣ ਵਾਲੇ ਮਹਿਮਾਨਾਂ ਦੀ ਸੂਚੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਖੰਨਾ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਪ੍ਰੋਗਰਾਮ ਵਿੱਚ ਸੰਘ ਦੇ ਵੱਡੇ ਆਗੂ ਦੱਤਾਤ੍ਰੇਅ ਹੋਸਬਲੇ ਸ਼ਾਮਲ ਹੋ ਰਹੇ ਹਨ।

ਮੈਂ ਕਿਸੇ ਵੀ ਤਰ੍ਹਾਂ ਸੰਘ ਦਾ ਸਮਰਥਨ ਨਹੀਂ ਕਰਦਾ। ਖੰਨਾ ਨੇ ਪਹਿਲਾਂ ਵੀ ਸਪੱਸ਼ਟ ਕੀਤਾ ਸੀ ਕਿ ਉਹ ਕਿਸੇ ਖਾਸ ਵੋਟ ਬੈਂਕ ਜਾਂ ਦਬਾਅ ਹੇਠ ਆਪਣੀ ਰਾਏ ਨਹੀਂ ਬਦਲਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਮਰੀਕਾ ਵਿੱਚ ਡੋਨਾਲਡ ਟਰੰਪ ਵਰਗੇ ਸੱਜੇ-ਪੱਖੀ ਰਾਸ਼ਟਰਵਾਦੀਆਂ ਨੂੰ ਸਹਿਣ ਨਹੀਂ ਕਰਦੇ, ਇਸ ਲਈ ਉਹ ਭਾਰਤ ਨਾਲ ਜੁੜੀ ਕੱਟੜਪੰਥੀ ਰਾਜਨੀਤੀ ਤੋਂ ਵੀ ਦੂਰ ਰਹਿਣਗੇ।ਉਨ੍ਹਾਂ ਨੇ ਇਹ ਜਵਾਬ ਇੰਡੀਅਨ-ਅਮਰੀਕਨ ਮੁਸਲਿਮ ਕੌਂਸਲ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵਿੱਚ ਦਿੱਤਾ।

ਰੋ ਖੰਨਾ ਨੂੰ ਅਮਰੀਕੀ ਰਾਜਨੀਤੀ ਵਿੱਚ ਇੱਕ ਉੱਭਰਦੇ ਹੋਏ ਸਿਤਾਰੇ ਵਜੋਂ ਦੇਖਿਆ ਜਾ ਰਿਹਾ ਹੈ। ਚਰਚਾ ਹੈ ਕਿ ਉਹ 2028 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਦੀ ਦੌੜ ਵਿੱਚ ਸ਼ਾਮਲ ਹੋ ਸਕਦੇ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਹ ਆਪਣੀ ਪ੍ਰੋਗਰੈਸਿਵ (ਅਗਾਂਹਵਧੂ) ਤਸਵੀਰ ਨੂੰ ਬਰਕਰਾਰ ਰੱਖਣ ਲਈ ਹਿੰਦੂਤਵ ਦੀ ਰਾਜਨੀਤੀ ਤੋਂ ਦੂਰੀ ਬਣਾ ਕੇ ਰੱਖ ਰਹੇ ਹਨ।

ਵ੍ਹਾਈਟ ਹਾਊਸ ਪੱਤਰਕਾਰਾਂ ਲਈ ਰਾਤਰੀ ਭੋਜ ਦੌਰਾਨ ਚੱਲੀ ਗੋਲੀ

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਾਲ ਵਾਲ ਬਚੇ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਪਿਛਲੇ ਦਿਨੀਂ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਵ੍ਹਾਈਟ ਹਾਊਸ ਕਾਰਸਪੌਂਡੈਂਟਸ ਐਸੋਸੀਏਸ਼ਨ ਦੇ ਸਾਲਾਨਾ ਰਾਤਰੀ ਭੋਜ (ਡਿਨਰ) ਦੌਰਾਨ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਘਟਨਾ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਅਤੇ ਦੇਸ਼ ਦੇ ਹੋਰ ਉੱਚ ਨੇਤਾਵਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਇਆ ਗਿਆ। ਹਾਲਾਂਕਿ ਇਸ ਹਮਲੇ ਵਿੱਚ ਰਾਸ਼ਟਰਪਤੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਭਾਜੜ ਦੌਰਾਨ ਮੰਚ ਤੋਂ ਉਤਰਦੇ ਸਮੇਂ ਉਹ ਮਾਮੂਲੀ ਲੜਖੜਾ ਗਏ ਸਨ, ਜਿਨ੍ਹਾਂ ਨੂੰ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਤੁਰੰਤ ਸੰਭਾਲ ਲਿਆ।

ਵਾਸ਼ਿੰਗਟਨ ਹਿਲਟਨ ਹੋਟਲ ਦੇ ਬਾਲਰੂਮ ਵਿੱਚ ਜਦੋਂ ਸੈਂਕੜੇ ਪੱਤਰਕਾਰ ਅਤੇ ਮਹਿਮਾਨ ਰਾਤਰੀ ਭੋਜ ਦਾ ਅਨੰਦ ਲੈ ਰਹੇ ਸਨ, ਤਾਂ ਅਚਾਨਕ ਬਾਹਰ ਗੋਲੀਬਾਰੀ ਹੋਣ ਦੀ ਖ਼ਬਰ ਆਈ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇੱਕ ਹਮਲਾਵਰ ਨੇ ਗੋਲੀਆਂ ਚਲਾਈਆਂ ਸਨ। ਘਟਨਾ ਤੋਂ ਤੁਰੰਤ ਬਾਅਦ ਪੂਰੇ ਹਾਲ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਸੁਰੱਖਿਆ ਕਰਮੀਆਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਇਸ ਦੌਰਾਨ ਇੱਕ ਪੁਲਿਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ, ਪਰ ਬੁਲੇਟ-ਪਰੂਫ ਜੈਕਟ ਹੋਣ ਕਾਰਨ ਉਸ ਦੀ ਜਾਨ ਬਚ ਗਈ।

ਹਾਲ ਦੇ ਅੰਦਰ ਮੌਜੂਦ ਚਸ਼ਮਦੀਦਾਂ ਅਨੁਸਾਰ, ਗੋਲੀਆਂ ਦੀ ਆਵਾਜ਼ ਸੁਣਦੇ ਹੀ ਮਹਿਮਾਨਾਂ ਵਿੱਚ ਚੀਕ-ਚਿਹਾੜਾ ਪੈ ਗਿਆ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਮੇਜ਼ਾਂ ਦੇ ਹੇਠਾਂ ਲੁਕ ਗਏ। ਜਦੋਂ ਸੀਕਰੇਟ ਸਰਵਿਸ ਦੇ ਏਜੰਟ ਰਾਸ਼ਟਰਪਤੀ ਟਰੰਪ ਨੂੰ ਬਾਹਰ ਲੈ ਕੇ ਜਾ ਰਹੇ ਸਨ, ਤਾਂ ਹਾਲ ਦੇ ਇੱਕ ਕੋਨੇ ਤੋਂ 'ਗੌਡ ਬਲੈੱਸ ਅਮਰੀਕਾ' ਦੇ ਨਾਅਰੇ ਵੀ ਗੂੰਜੇ। ਘਟਨਾ ਦੇ ਗੰਭੀਰ ਰੁਖ਼ ਨੂੰ ਦੇਖਦੇ ਹੋਏ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ।

ਮੈਂ ਕੋਈ ਬਲਾਤਕਾਰੀ ਨਹੀਂ ਹਾਂ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ ਦੇ ਰਾਤ ਦੇ ਖਾਣੇ ਦੌਰਾਨ ਹੋਈ ਗੋਲੀਬਾਰੀ ਤੋਂ ਬਾਅਦ ਪਹਿਲੀ ਵਾਰ ਆਪਣੀ ਚੁੱਪ ਤੋੜੀ ਹੈ। ਸੀ.ਬੀ.ਐੱਸ. 60 ਮਿਨੀਟਸ ਨੂੰ ਦਿੱਤੇ ਇੱਕ ਤਿੱਖੇ ਇੰਟਰਵਿਊ ਵਿੱਚ ਟਰੰਪ ਨੇ ਉਸ ਰਾਤ ਦੇ ਖ਼ੌਫ਼ਨਾਕ ਮੰਜ਼ਰ ਅਤੇ ਹਮਲਾਵਰ ਦੇ ਮੈਨੀਫੈਸਟੋ ਵਿੱਚ ਆਪਣੇ ਖ਼ਿਲਾਫ਼ ਲਗਾਏ ਗਏ ਇਲਜ਼ਾਮਾਂ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਮੈਂ ਕੋਈ ਬਲਾਤਕਾਰੀ ਜਾਂ ਪੈਡੋਫਾਈਲ (ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਾ) ਨਹੀਂ ਹਾਂ। ਇਹ ਇੱਕ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਦੀਆਂ ਲਿਖਤਾਂ ਹਨ।"

ਟਰੰਪ ਨੇ ਦੱਸਿਆ ਕਿ ਜਦੋਂ ਗੋਲੀਆਂ ਚੱਲੀਆਂ ਤਾਂ ਉਹ ਘਬਰਾਏ ਨਹੀਂ ਸਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਦੀ ਇਸ ਜ਼ਿੱਦ ਕਾਰਨ ਸੁਰੱਖਿਆ ਏਜੰਟਾਂ ਨੂੰ ਮੁਸ਼ਕਿਲ ਪੇਸ਼ ਆਈ। ਰਾਸ਼ਟਰਪਤੀ ਨੇ ਕਿਹਾ, "ਮੈਂ ਉਨ੍ਹਾਂ ਲਈ ਕੰਮ ਆਸਾਨ ਨਹੀਂ ਕਰ ਰਿਹਾ ਸੀ। ਏਜੰਟ ਵਾਰ-ਵਾਰ ਮੈਨੂੰ ਜ਼ਮੀਨ 'ਤੇ ਲੇਟਣ ਲਈ ਕਹਿ ਰਹੇ ਸਨ। ਅਖੀਰ ਮੈਂ ਅਤੇ ਫਸਟ ਲੇਡੀ ਹੇਠਾਂ ਬੈਠ ਗਏ ਅਤੇ ਉਹ ਸਾਨੂੰ ਬਾਹਰ ਲੈ ਗਏ।"

ਪੱਤਰਕਾਰਾਂ ਨਾਲ ਤਿੱਖੀ ਨੋਕ-ਝੋਕ:

ਇੰਟਰਵਿਊ ਦੌਰਾਨ ਜਦੋਂ ਹਮਲਾਵਰ ਦੇ ਮੈਨੀਫੈਸਟੋ (ਘੋਸ਼ਣਾ ਪੱਤਰ) ਦਾ ਹਵਾਲਾ ਦਿੱਤਾ ਗਿਆ, ਤਾਂ ਟਰੰਪ ਮੀਡੀਆ 'ਤੇ ਬੁਰੀ ਤਰ੍ਹਾਂ ਭੜਕ ਗਏ। ਉਨ੍ਹਾਂ ਪੱਤਰਕਾਰ ਨੂੰ 'ਘਿਣਾਉਣੇ ਲੋਕ' ਕਹਿੰਦਿਆਂ ਕਿਹਾ ਕਿ ਅਜਿਹੇ ਇਲਜ਼ਾਮਾਂ ਨੂੰ ਕੌਮੀ ਟੈਲੀਵਿਜ਼ਨ 'ਤੇ ਪੜ੍ਹਨਾ ਸ਼ਰਮਨਾਕ ਹੈ। ਟਰੰਪ ਨੇ ਕਿਹਾ, ਮੈਨੂੰ ਪਤਾ ਸੀ ਕਿ ਤੁਸੀਂ ਇਹ ਪੜ੍ਹੋਗੇ ਕਿਉਂਕਿ ਤੁਸੀਂ ਲੋਕ ਘਟੀਆ ਹੋ। ਮੈਂ ਉਹ ਮੈਨੀਫੈਸਟੋ ਪੜ੍ਹਿਆ ਹੈ, ਉਹ ਬੰਦਾ ਮਾਨਸਿਕ ਰੋਗੀ ਹੈ। ਮੇਰਾ ਉਨ੍ਹਾਂ ਗੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਮੈਂ ਸਾਰੇ ਮਾਮਲਿਆਂ ਵਿੱਚੋਂ ਬਰੀ ਹੋ ਚੁੱਕਾ ਹਾਂ।

ਇਵੈਂਟ ਰੱਦ ਨਾ ਕਰਨ ਦੀ ਅਪੀਲ

ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਕਰਸਪੋਂਡੈਂਟਸ ਐਸੋਸੀਏਸ਼ਨ ਨੂੰ ਅਪੀਲ ਕੀਤੀ ਹੈ ਕਿ ਇਸ ਪ੍ਰੋਗਰਾਮ ਨੂੰ ਰੱਦ ਨਾ ਕੀਤਾ ਜਾਵੇ, ਸਗੋਂ ਅਗਲੇ 30 ਦਿਨਾਂ ਦੇ ਅੰਦਰ ਮੁੜ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਇੱਕ ਸਿਰਫਿਰੇ ਵਿਅਕਤੀ ਕਾਰਨ ਅਜਿਹੇ ਵੱਡੇ ਸਮਾਗਮ ਰੁਕਣੇ ਨਹੀਂ ਚਾਹੀਦੇ। ਹਾਲਾਂਕਿ, ਉਨ੍ਹਾਂ ਆਪਣੇ ਅੰਦਾਜ਼ ਵਿੱਚ ਇਹ ਵੀ ਜੋੜਿਆ ਕਿ ਉਹ ਬਹੁਤ ਰੁੱਝੇ ਹੋਏ ਹਨ ਅਤੇ ਉਨ੍ਹਾਂ ਨੂੰ ਉੱਥੇ ਜਾਣ ਦੀ ਕੋਈ ਖਾਸ ਲੋੜ ਨਹੀਂ ਹੈ।

ਕੌਣ ਹੈ ਟਰੰਪ 'ਤੇ ਗੋਲ਼ੀ ਚਲਾਉਣ ਵਾਲਾ?

ਸੋਸ਼ਲ ਮੀਡੀਆ ਦੀਆਂ ਪੋਸਟਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਕੈਲੀਫੋਰਨੀਆ ਦੇ ਰਹਿਣ ਵਾਲੇ ਜਿਸ ਵਿਅਕਤੀ ਨੂੰ ਵ੍ਹਾਈਟ ਹਾਊਸ ਪੱਤਰਕਾਰਾਂ ਦੇ ਰਾਤਰੀ ਭੋਜ (ਡਿਨਰ) 'ਤੇ ਗੋਲੀਬਾਰੀ ਦੇ ਦੋਸ਼ ਵਿੱਚ ਫੜਿਆ ਗਿਆ ਹੈ, ਉਹ ਕਾਫੀ ਪੜ੍ਹਿਆ-ਲਿਖਿਆ ਹੈ ਅਤੇ ਪੇਸ਼ੇ ਤੋਂ ਇੱਕ ਅਧਿਆਪਕ ਹੋਣ ਦੇ ਨਾਲ-ਨਾਲ ਵੀਡੀਓ ਗੇਮ ਡਿਵੈਲਪਰ ਵੀ ਹੈ।

ਕੈਲੀਫੋਰਨੀਆ ਦੇ ਟੋਰੈਂਸ ਸ਼ਹਿਰ ਦੇ ਰਹਿਣ ਵਾਲੇ, ਕੋਲ ਟੋਮਾਸ ਐਲਨ ਦੀ ਮਈ 2025 ਦੀ ਇੱਕ ਪ੍ਰੋਫਾਈਲ ਫੋਟੋ ਉਸ ਵਿਅਕਤੀ ਨਾਲ ਬਿਲਕੁਲ ਮੇਲ ਖਾਂਦੀ ਹੈ, ਜਿਸ ਦੀ ਫੋਟੋ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰਿਫਤਾਰੀ ਦੌਰਾਨ ਸਾਂਝੀ ਕੀਤੀ ਸੀ। ਸੋਸ਼ਲ ਮੀਡੀਆ ਸਾਈਟ ਲਿੰਕਡਇਨ 'ਤੇ ਮੌਜੂਦ ਇਸ ਫੋਟੋ ਵਿੱਚ ਉਹ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ-ਡੋਮਿੰਗੁਏਜ਼ ਹਿਲਜ਼ ਤੋਂ ਕੰਪਿਊਟਰ ਸਾਇੰਸ ਦੀ ਮਾਸਟਰ ਡਿਗਰੀ ਪੂਰੀ ਕਰਨ ਤੋਂ ਬਾਅਦ ਗ੍ਰੈਜੂਏਸ਼ਨ ਵਾਲੀ ਟੋਪੀ ਅਤੇ ਗਾਊਨ ਪਹਿਨੇ ਹੋਏ ਦਿਖਾਈ ਦੇ ਰਿਹਾ ਹੈ।

31 ਸਾਲ ਦੇ ਐਲਨ ਨੇ 2017 ਵਿੱਚ ਪਾਸਾਡੇਨਾ ਦੇ ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕੀਤੀ ਸੀ। ਉਸ ਨੇ ਲਿੰਕਡਇਨ ਉੱਤੇ ਦੱਸਿਆ ਸੀ ਕਿ ਕਾਲਜ ਦੇ ਦਿਨਾਂ ਦੌਰਾਨ ਉਹ ਇੱਕ ਇਸਾਈ ਵਿਦਿਆਰਥੀ ਗਰੁੱਪ ਦਾ ਹਿੱਸਾ ਸੀ ਅਤੇ ਇੱਕ ਅਜਿਹੇ ਕੈਂਪਸ ਗਰੁੱਪ ਵਿੱਚ ਵੀ ਸ਼ਾਮਲ ਸੀ ਜੋ ਨਰਫ ਗਨ (ਖਿਡੌਣਾ ਬੰਦੂਕਾਂ) ਨਾਲ ਮੁਕਾਬਲੇ ਕਰਦਾ ਸੀ।

ਫੈਡਰਲ ਚੋਣ ਵਿੱਤ ਰਿਕਾਰਡਾਂ ਅਨੁਸਾਰ, ਐਲਨ ਨੇ 2024 ਵਿੱਚ ਰਾਸ਼ਟਰਪਤੀ ਦੀਆਂ ਚੋਣਾਂ ਦੌਰਾਨ ਕਮਲਾ ਹੈਰਿਸ ਦੇ ਸਮਰਥਨ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਰਾਜਨੀਤਿਕ ਐਕਸ਼ਨ ਕਮੇਟੀ ਨੂੰ 25 ਅਮਰੀਕੀ ਡਾਲਰ ਦਾ ਯੋਗਦਾਨ ਦਿੱਤਾ ਸੀ। ਐਲਨ ਨੇ ਇਹ ਵੀ ਪੋਸਟ ਕੀਤਾ ਸੀ ਕਿ ਉਸ ਨੇ 'ਸਟੀਮ' ਪਲੇਟਫਾਰਮ ਲਈ ਅਣੂ ਰਸਾਇਣ ਵਿਗਿਆਨ 'ਤੇ ਅਧਾਰਿਤ ਇੱਕ ਵੀਡੀਓ ਗੇਮ ਬਣਾਈ ਸੀ। ਐਲਨ ਦੇ ਨਾਮ ਹੇਠ ਇੱਕ ਪੋਸਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਉਹ ਬਾਹਰੀ ਪੁਲਾੜ 'ਤੇ ਅਧਾਰਿਤ ਇੱਕ ਨਵੀਂ 'ਟੌਪ-ਡਾਊਨ ਸ਼ੂਟਰ' ਲੜਾਕੂ ਗੇਮ ਬਣਾਉਣ 'ਤੇ ਕੰਮ ਕਰ ਰਿਹਾ ਸੀ।

ਕੀ ਜੰਗ ਦੇ ਦਲਦਲ 'ਚ ਫਸ ਗਿਆ ਹੈ ਅਮਰੀਕਾ ?

ਝੁਕਣ ਨੂੰ ਤਿਆਰ ਨਹੀਂ ਤੇਹਰਾਨ: ਟਰੰਪ ਦੀਆਂ ਸਖ਼ਤ ਸ਼ਰਤਾਂ ਨੇ ਕੂਟਨੀਤੀ ਦੇ ਰਾਹ ਕੀਤੇ ਬੰਦ

28 ਫਰਵਰੀ 2026 ਤੋਂ ਸ਼ੁਰੂ ਹੋਇਆ ਮੱਧ ਪੂਰਬ ਦਾ ਸੰਘਰਸ਼ ਹੁਣ ਅਜਿਹੇ ਮੋੜ 'ਤੇ ਪਹੁੰਚ ਗਿਆ ਹੈ, ਜਿੱਥੇ ਫ਼ੌਜੀ ਤਾਕਤ ਦੇ ਨਾਲ-ਨਾਲ ਆਰਥਿਕ ਅਤੇ ਕੂਟਨੀਤਕ ਨੁਕਸਾਨ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਤਾਜ਼ਾ ਰਿਪੋਰਟਾਂ ਅਨੁਸਾਰ, ਇਰਾਨ ਦੇ ਹਮਲਿਆਂ ਨੇ ਖਾੜੀ ਦੇਸ਼ਾਂ ਵਿੱਚ ਸਥਿਤ ਅਮਰੀਕੀ ਫ਼ੌਜੀ ਅੱਡਿਆਂ ਨੂੰ ਅਜਿਹੀ ਤਬਾਹੀ ਦਾ ਸਾਹਮਣਾ ਕਰਨ ਲਈ ਮਜਬੂਰ ਕਰ ਦਿੱਤਾ ਹੈ, ਜਿਸ ਦੀ ਅਮਰੀਕਾ ਨੇ ਸ਼ਾਇਦ ਕਲਪਨਾ ਵੀ ਨਹੀਂ ਕੀਤੀ ਸੀ। ਇਹ ਜੰਗ ਹੁਣ ਸਿਰਫ਼ ਇਲਾਕਾਈ ਸਰਦਾਰੀ ਦੀ ਲੜਾਈ ਨਹੀਂ ਰਹੀ, ਸਗੋਂ ਵਿਸ਼ਵ ਦੀਆਂ ਦੋ ਵੱਡੀਆਂ ਤਾਕਤਾਂ ਵਿਚਕਾਰ 'ਮੁੱਛ ਦੀ ਲੜਾਈ' ਬਣ ਚੁੱਕੀ ਹੈ।

ਐਨ.ਬੀ.ਸੀ. ਅਮਰੀਕਾ ਦੀ ਰਿਪੋਰਟ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਇਰਾਨ ਦੀ ਮਿਜ਼ਾਈਲ ਤਕਨੀਕ ਅਤੇ ਹਵਾਈ ਹਮਲਿਆਂ ਨੇ ਅਮਰੀਕਾ ਦੇ ਅਤਿ-ਆਧੁਨਿਕ 'ਏਅਰ ਡਿਫੈਂਸ ਸਿਸਟਮ' ਵਿੱਚ ਸੰਨ੍ਹ ਲਗਾ ਦਿੱਤੀ ਹੈ। ਅਰਬਾਂ ਡਾਲਰਾਂ ਦੇ ਫ਼ੌਜੀ ਸਾਜ਼ੋ-ਸਾਮਾਨ ਦਾ ਨੁਕਸਾਨ ਅਮਰੀਕੀ ਆਰਥਿਕਤਾ 'ਤੇ ਇੱਕ ਵੱਡਾ ਬੋਝ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਇਰਾਨ ਨੇ ਆਪਣੀ ਸੈਨਿਕ ਰਣਨੀਤੀ ਨੂੰ ਇਸ ਹੱਦ ਤੱਕ ਨਿਖਾਰ ਲਿਆ ਹੈ ਕਿ ਉਹ ਹੁਣ ਸਿੱਧੇ ਤੌਰ 'ਤੇ ਸੁਪਰ ਪਾਵਰ ਨੂੰ ਚੁਣੌਤੀ ਦੇਣ ਦੇ ਸਮਰੱਥ ਹੈ।

ਇਸਲਾਮਾਬਾਦ ਵਿੱਚ ਜੰਗ ਰੋਕਣ ਲਈ ਕੀਤੀ ਗਈ ਦੂਜੇ ਦੌਰ ਦੀ ਕੋਸ਼ਿਸ਼ ਦਾ ਅਸਫਲ ਹੋਣਾ ਬੇਹੱਦ ਚਿੰਤਾਜਨਕ ਹੈ। ਇਰਾਨ ਦਾ ਅਮਰੀਕਾ ਨਾਲ ਸਿੱਧੀ ਗੱਲਬਾਤ ਤੋਂ ਇਨਕਾਰ ਕਰਨਾ ਅਤੇ ਪਾਕਿਸਤਾਨ ਤੋਂ ਵਾਪਸ ਮੁੜ ਜਾਣਾ ਇਹ ਦਰਸਾਉਂਦਾ ਹੈ ਕਿ ਤਹਿਰਾਨ ਹੁਣ ਅਮਰੀਕੀ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੈ। ਦੂਜੇ ਪਾਸੇ, ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਬੰਦ ਕਰਨ ਦੀ ਰੱਖੀ ਗਈ ਸ਼ਰਤ ਨੇ ਗੱਲਬਾਤ ਦੇ ਰਾਹ ਪਹਿਲਾਂ ਹੀ ਤੰਗ ਕਰ ਦਿੱਤੇ ਸਨ। ਕੂਟਨੀਤੀ ਵਿੱਚ ਜਦੋਂ ਦੋਵੇਂ ਧਿਰਾਂ ਆਪਣੀ ਜ਼ਿੱਦ 'ਤੇ ਅੜ ਜਾਣ, ਤਾਂ ਨੁਕਸਾਨ ਸਿਰਫ਼ ਜਨਤਾ ਅਤੇ ਵਿਸ਼ਵ ਸ਼ਾਂਤੀ ਦਾ ਹੁੰਦਾ ਹੈ। ਤਣਾਅ ਦੇ ਇਸ ਮਾਹੌਲ ਵਿੱਚ ਤਹਿਰਾਨ ਤੋਂ ਵਪਾਰਕ ਉਡਾਣਾਂ ਦਾ ਮੁੜ ਸ਼ੁਰੂ ਹੋਣਾ ਇੱਕ ਰਾਹਤ ਭਰੀ ਖ਼ਬਰ ਜ਼ਰੂਰ ਹੈ, ਪਰ ਇਸ ਨੂੰ ਜੰਗ ਦੇ ਅੰਤ ਵਜੋਂ ਨਹੀਂ ਦੇਖਿਆ ਜਾ ਸਕਦਾ। ਇਹ ਸ਼ਾਇਦ ਇਰਾਨ ਵੱਲੋਂ ਆਪਣੇ ਅੰਦਰੂਨੀ ਹਾਲਾਤ ਨੂੰ ਸੰਭਾਲਣ ਜਾਂ ਦੁਨੀਆ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਹੋ ਸਕਦੀ ਹੈ ਕਿ ਉਹ ਦਬਾਅ ਦੇ ਬਾਵਜੂਦ ਆਮ ਜੀਵਨ ਜਿਊਣ ਦੇ ਸਮਰੱਥ ਹੈ।

ਮੌਜੂਦਾ ਹਾਲਾਤ ਦੱਸਦੇ ਹਨ ਕਿ ਅਮਰੀਕਾ ਲਈ ਮੱਧ ਪੂਰਬ ਦੀ ਇਹ ਜੰਗ ਇੱਕ 'ਦਲਦਲ' ਸਾਬਤ ਹੋ ਰਹੀ ਹੈ। ਜਿੰਨਾ ਜ਼ਿਆਦਾ ਉਹ ਦਬਾਅ ਪਾ ਰਿਹਾ ਹੈ, ਇਰਾਨ ਓਨੀ ਹੀ ਹਮਲਾਵਰਤਾ ਨਾਲ ਪਲਟਵਾਰ ਕਰ ਰਿਹਾ ਹੈ। ਜੇਕਰ ਜਲਦੀ ਹੀ ਕੋਈ ਵਿਚਕਾਰਲਾ ਰਾਹ ਨਾ ਲੱਭਿਆ ਗਿਆ, ਤਾਂ ਇਸ ਦੇ ਨਤੀਜੇ ਪੂਰੀ ਦੁਨੀਆ ਦੀ ਆਰਥਿਕਤਾ ਅਤੇ ਸੁਰੱਖਿਆ ਲਈ ਘਾਤਕ ਸਾਬਤ ਹੋਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਪ੍ਰਸ਼ਾਸਨ ਨੂੰ ਹੁਣ ਆਪਣੀ ਸਖ਼ਤ ਸ਼ਰਤਾਂ ਵਾਲੀ ਨੀਤੀ 'ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

ਅਮਰੀਕਾ ਦੀ ਸਖ਼ਤ ਨੀਤੀ, ਕੀ ਇਰਾਨ ਗੋਡੇ ਟੇਕੇਗਾ ?

ਟਰੰਪ ਪ੍ਰਸ਼ਾਸਨ ਨੇ ਹੁਣ ਨਰਮੀ ਦੀ ਥਾਂ ਸਖ਼ਤੀ ਦੀ ਨੀਤੀ ਅਪਣਾਈ ਹੈ। 13 ਅਪ੍ਰੈਲ 2026 ਤੋਂ ਅਮਰੀਕਾ ਨੇ ਇਰਾਨ ਦੀ ਸਮੁੰਦਰੀ ਨਾਕਾਬੰਦੀ ਸ਼ੁਰੂ ਕਰ ਦਿੱਤੀ ਹੈ। ਅਮਰੀਕੀ ਜਲ ਸੈਨਾ ਨੂੰ ਹੁਕਮ ਦਿੱਤੇ ਗਏ ਹਨ ਕਿ ਉਹ ਇਰਾਨੀ ਬੰਦਰਗਾਹਾਂ ਵੱਲ ਜਾਣ ਵਾਲੇ ਹਰ ਜਹਾਜ਼ ਨੂੰ ਰੋਕਣ ਅਤੇ ਜੇਕਰ ਇਰਾਨੀ ਕਿਸ਼ਤੀਆਂ ਸਮੁੰਦਰ ਵਿੱਚ ਮਾਈਨਾਂ ਵਿਛਾਉਣ ਦੀ ਕੋਸ਼ਿਸ਼ ਕਰਨ, ਤਾਂ ਉਹਨਾਂ ਨੂੰ ਤੁਰੰਤ ਨਸ਼ਟ ਕਰ ਦਿੱਤਾ ਜਾਵੇ।ਅਮਰੀਕੀ ਰੱਖਿਆ ਸਕੱਤਰ ਪੀਟ ਹੇਗਸੈਥ ਨੇ ਸੰਕੇਤ ਦਿੱਤਾ ਹੈ ਕਿ ਅਮਰੀਕਾ ਇਰਾਨੀ ਅਸਮਾਨ 'ਤੇ 'ਪੂਰਾ ਕਬਜ਼ਾ' ਕਰਨ ਲਈ ਵੱਡੇ ਪੱਧਰ 'ਤੇ ਹਵਾਈ ਹਮਲੇ (ਬੰਬਾਰੀ) ਕਰਨ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਇਰਾਨ ਦੀ ਰਹਿ ਗਈ ਫ਼ੌਜੀ ਤਾਕਤ ਨੂੰ ਖ਼ਤਮ ਕੀਤਾ ਜਾ ਸਕੇ। ਅਮਰੀਕਾ ਨੇ ਮੱਧ ਪੂਰਬ ਵਿੱਚ ਯੂ.ਐਸ.ਐਸ. ਅਬ੍ਰਾਹਿਮ ਲਿੰਕਨ ਸਮੇਤ ਕਈ ਏਅਰਕ੍ਰਾਫਟ ਕੈਰੀਅਰ ਅਤੇ ਹਜ਼ਾਰਾਂ ਵਾਧੂ ਸੈਨਿਕ ਤੈਨਾਤ ਕੀਤੇ ਹਨ।

ਟਰੰਪ ਨੇ ਸਾਫ਼ ਕੀਤਾ ਹੈ ਕਿ ਉਹ ਕਿਸੇ ਕਾਹਲੀ ਵਿੱਚ ਨਹੀਂ ਹਨ। ਉਹਨਾਂ ਦੀ ਨੀਤੀ ਇਹ ਹੈ ਕਿ ਇਰਾਨ 'ਤੇ ਇੰਨਾ ਆਰਥਿਕ ਅਤੇ ਫ਼ੌਜੀ ਦਬਾਅ ਪਾਇਆ ਜਾਵੇ ਕਿ ਉਹ ਖ਼ੁਦ ਗੋਡੇ ਟੇਕ ਕੇ ਅਮਰੀਕੀ ਸ਼ਰਤਾਂ (ਪਰਮਾਣੂ ਪ੍ਰੋਗਰਾਮ ਦਾ ਪੂਰਨ ਖ਼ਾਤਮਾ) 'ਤੇ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇ। ਟਰੰਪ ਨੇ ਕਿਹਾ ਹੈ ਕਿ ਜਦੋਂ ਤੱਕ ਇਰਾਨ 'ਸਟ੍ਰੇਟ ਆਫ ਹਾਰਮੁਜ਼' ਨੂੰ ਪੂਰੀ ਤਰ੍ਹਾਂ ਨਹੀਂ ਖੋਲ੍ਹਦਾ ਅਤੇ ਅਮਰੀਕੀ ਮੰਗਾਂ ਨਹੀਂ ਮੰਨਦਾ, ਨਾਕਾਬੰਦੀ ਜਾਰੀ ਰਹੇਗੀ। ਅਮਰੀਕਾ ਇਕੱਲਾ ਨਹੀਂ, ਸਗੋਂ ਇਜ਼ਰਾਇਲ ਦੇ ਨਾਲ ਮਿਲ ਕੇ ਇਰਾਨ ਦੇ ਪਰਮਾਣੂ ਕੇਂਦਰਾਂ ਅਤੇ ਮਿਜ਼ਾਈਲ ਸਾਈਟਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਹਨਾਂ ਦਾ ਮੁੱਖ ਉਦੇਸ਼ ਇਰਾਨੀ ਸ਼ਾਸਨ ਦੀ ਰੀੜ੍ਹ ਦੀ ਹੱਡੀ ਤੋੜਨਾ ਹੈ।

ਅਮਰੀਕਾ ਦੀ ਇਸ ਨੀਤੀ ਵਿੱਚ ਕੁਝ ਵੱਡੇ ਜੋਖ਼ਮ ਵੀ ਹਨ। ਜੰਗ ਦੇ ਖਰਚੇ ਵਧ ਕੇ ਅਰਬਾਂ ਡਾਲਰ ਹੋ ਗਏ ਹਨ, ਜਿਸ ਕਾਰਨ ਅਮਰੀਕੀ ਸੰਸਦ ਵਿੱਚ ਵਿਰੋਧ ਹੋ ਰਿਹਾ ਹੈ। ਜੇਕਰ 'ਸਟ੍ਰੇਟ ਆਫ ਹਾਰਮੁਜ਼' ਲੰਮੇ ਸਮੇਂ ਤੱਕ ਬੰਦ ਰਹਿੰਦੀ ਹੈ, ਤਾਂ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਸਕਦੀਆਂ ਹਨ, ਜੋ ਅਮਰੀਕੀ ਅਰਥਵਿਵਸਥਾ ਲਈ ਵੀ ਘਾਤਕ ਹੋਵੇਗਾ। ਇਰਾਨ ਦੇ ਐਫ-5 ਜਹਾਜ਼ਾਂ ਅਤੇ ਡਰੋਨਾਂ ਨੇ ਜਿਸ ਤਰ੍ਹਾਂ ਅਮਰੀਕੀ ਰੱਖਿਆ ਪ੍ਰਣਾਲੀ ਨੂੰ ਚਕਮਾ ਦਿੱਤਾ ਹੈ, ਉਸ ਨੇ ਅਮਰੀਕੀ ਫ਼ੌਜ ਨੂੰ ਆਪਣੀ ਸੁਰੱਖਿਆ ਨੀਤੀ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ।

ਇਰਾਨ ਨੇ ਹੁਣ ਤੱਕ ਅਮਰੀਕਾ ਦੀਆਂ ਮੁੱਖ ਸ਼ਰਤਾਂ ਨੂੰ ਮੰਨਣ ਤੋਂ ਸਾਫ਼ ਇਨਕਾਰ ਕੀਤਾ ਹੈ। ਅਮਰੀਕਾ ਚਾਹੁੰਦਾ ਹੈ ਕਿ ਇਰਾਨ ਯੂਰੇਨੀਅਮ ਬਣਾਉਣਾ ਪੂਰੀ ਤਰ੍ਹਾਂ ਬੰਦ ਕਰੇ ਅਤੇ ਆਪਣਾ ਸਟਾਕ ਅਮਰੀਕਾ ਨੂੰ ਸੌਂਪ ਦੇਵੇ। ਇਰਾਨ ਦੇ ਪਰਮਾਣੂ ਊਰਜਾ ਸੰਗਠਨ ਨੇ ਸਾਫ਼ ਕਹਿ ਦਿੱਤਾ ਹੈ ਕਿ ਉਹ ਆਪਣੀ ਪਰਮਾਣੂ ਪ੍ਰਭੂਸੱਤਾ ਨਾਲ ਸਮਝੌਤਾ ਨਹੀਂ ਕਰਨਗੇ। (ਬਾਕੀ ਸਫ਼ਾ 26 'ਤੇ)

ਨੌਜਵਾਨਾਂ ਤੇ ਬੱਚਿਆਂ ਨੂੰ ਸਿੱਖੀ, ਪੰਜਾਬੀ ਤੇ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ : ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਗਤ ਨੂੰ ਕਿਹਾ ਕਿ ਗੁਰਦੁਆਰੇ ਵਿੱਚ ਨੌਜਵਾਨਾਂ ਤੇ ਬੱਚਿਆਂ ਨੂੰ ਸਿੱਖੀ, ਪੰਜਾਬੀ ਤੇ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਉਹ ਪਿਛਲੇ ਦਿਨੀਂ ਨਿਊਜ਼ੀਲੈਂਡ ਦੌਰੇ 'ਤੇ ਸਨ। ਜਥੇਦਾਰ ਗੜਗੱਜ ਨੇ ਸੁਪਰੀਮ ਸਿੱਖ ਸੁਸਾਇਟੀ ਆਫ ਨਿਊਜ਼ੀਲੈਂਡ ਦੇ ਪ੍ਰਬੰਧ ਵਾਲੇ ਸਿੱਖ ਹੈਰੀਟੇਜ ਸਕੂਲ (ਪੰਜਾਬੀ ਸਕੂਲ) ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿੱਚ ਕਰਵਾਏ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਸਿੱਖ ਹੈਰੀਟੇਜ ਸਕੂਲ ਬੋਰਡ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿੱਚ ਚਲਾਏ ਜਾ ਰਹੇ ਸਿੱਖ ਹੈਰੀਟੇਜ ਸਕੂਲ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇੱਥੇ ਹਫ਼ਤਾਵਾਰੀ ਸ਼ਨਿੱਚਰਵਾਰ ਨੂੰ ਕਲਾਸਾਂ ਲਾ ਕੇ ਸਥਾਨਕ ਬੱਚਿਆਂ ਨੂੰ ਨਰਸਰੀ ਤੋਂ ਅੱਠਵੀਂ ਜਮਾਤ ਤੱਕ ਗੁਰਮੁਖੀ ਪੰਜਾਬੀ, ਗੁਰਮਤਿ ਵਿਦਿਆ ਤੇ ਸੰਗੀਤ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ, ਨਿਤਨੇਮ ਤੇ ਗੁਰਬਾਣੀ ਸੰਥਿਆ ਦੀ ਸਿਖਲਾਈ ਦਿੱਤੀ ਜਾਂਦੀ ਹੈ। ਸਕੂਲ ਵਿੱਚ ਲਗਪਗ ਹਜ਼ਾਰ ਬੱਚੇ ਗੁਰਮੁਖੀ ਅਤੇ ਗੁਰਮਤਿ ਦੀ ਸਿੱਖਿਆ ਲੈ ਰਹੇ ਹਨ। ਸਮਾਗਮ ਦੌਰਾਨ ਰਾਗੀ ਜਥਿਆਂ ਵੱਲੋਂ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਦੌਰਾਨ ਜਥੇਦਾਰ ਗੜਗੱਜ ਨੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸਥਾਪਤ ਸਿੱਖ ਸਪੋਰਟਸ ਕੰਪਲੈਕਸ ਦਾ ਦੌਰਾ ਕੀਤਾ। ਉਨ੍ਹਾਂ ਤੇ ਹੋਰ ਸ਼ਖ਼ਸੀਅਤਾਂ ਵੱਲੋਂ ਨਰਸਰੀ ਤੋਂ ਅੱਠਵੀਂ ਤੱਕ ਦੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ।

ਸ੍ਰੀ ਦਰਬਾਰ ਸਾਹਿਬ ਆਉਣ ਵਾਲੀ ਵਾਲੀ ਸੰਗਤ ਲਈ ਗਰਮੀ ਤੋਂ ਬਚਾਅ ਦੇ ਵਿਸ਼ੇਸ਼ ਪ੍ਰਬੰਧ

ਅੰਮ੍ਰਿਤਸਰ/ਏ.ਟੀ.ਨਿਊਜ਼: ਪਿਛਲੇ ਦਿਨੀ ਗੜ੍ਹੇਮਾਰੀ ਅਤੇ ਮੀਹ ਤੋਂ ਬਾਅਦ ਕੜਾਕੇ ਦੀਆਂ ਧੁੱਪਾਂ ਨੇ ਲੋਕਾਂ ਨੂੰ ਇੱਕ ਵਾਰ ਗਰਮੀ ਦਾ ਅਹਿਸਾਸ ਕਰਵਾ ਦਿੱਤਾ ਹੈ। ਜਿੱਥੇ ਗਰਮੀ ਅਤੇ ਤੇਜ਼ ਧੁੱਪਾਂ ਨੇ ਕਣਕ ਦੀ ਫਸਲ ਨੂੰ ਸੁਨਹਿਰੀ ਕੀਤਾ ਹੈ, ਉਥੇ ਹੀ ਆਮ ਜਨ ਜੀਵਨ ਵਿੱਚ ਲੋਕਾਂ ਨੂੰ ਦਿਨ ਵੇਲੇ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ। ਵੱਧਦੀ ਗਰਮੀ ਨੂੰ ਦੇਖ ਕੇ ਹਰ ਕੋਈ ਆਪੋ ਆਪਣੇ ਪ੍ਰਬੰਧ ਕਰਨ ਵਿੱਚ ਲੱਗਾ ਹੈ।

ਗੁਰੂ ਨਗਰੀ ਅੰਮ੍ਰਿਤਸਰ ਵਿਖੇ ਆਉਣ ਵਾਲੇ ਯਾਤਰੂਆਂ ਦੀ ਆਮਦ ਗਰਮੀ ਦੇ ਮੌਸਮ ਕਾਰਨ ਘਟੀ ਹੈ। ਉਥੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗਰਮੀ ਨੂੰ ਦੇਖਦੇ ਹੋਏ ਪੁਖਤਾ ਪ੍ਰਬੰਧ ਕੀਤੇ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਗਰਮੀ ਨੂੰ ਦੇਖਦਿਆਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿੱਚ ਜਿੱਥੇ ਪਹਿਲਾਂ ਤੋਂ ਹੀ ਚਾਰੇ ਕੋਨਿਆਂ ਵਿੱਚ ਠੰਡੇ ਜਲ ਦੀਆਂ ਛਬੀਲਾਂ ਚਲਦੀਆਂ ਹਨ, ਉਥੇ ਹੀ ਸੰਗਤ ਦੀ ਸਹੂਲਤ ਨੂੰ ਦੇਖਦਿਆਂ ਪਰਿਕਰਮਾ ਵਿੱਚ ਜੂਟ ਮੈਟ ਵਿਛਾਏ ਗਏ ਹਨ, ਇਨ੍ਹਾਂ ਜੂਟ ਮੈਟਾਂ 'ਤੇ ਸੇਵਾਦਾਰਾਂ ਵੱਲੋਂ ਪਾਣੀ ਦਾ ਛਿੜਕਾ ਕੀਤਾ ਜਾਂਦਾ ਹੈ ਤਾਂ ਜੋ ਸੰਗਤ ਨੂੰ ਚੱਲਣ ਲੱਗਿਆਂ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ ।

ਇਸ ਤੋਂ ਇਲਾਵਾ ਦਰਸ਼ਨ ਕਰਨ ਸਮੇਂ ਕਤਾਰਾਂ ਦੇ ਉੱਪਰ ਸ਼ਮਿਆਨੇ ਲਗਾਏ ਗਏ ਹਨ, ਉਸ ਦੇ ਨਾਲ ਹੀ ਲੋੜ ਅਨੁਸਾਰ ਪੱਖੇ ਅਤੇ ਕੂਲਰ ਵੀ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਵੱਲੋਂ ਸੰਗਤ ਲਈ ਹਮੇਸ਼ਾ ਹੀ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਲਈ ਰੋਜ਼ਾਨਾ ਤਿਆਰ ਹੁੰਦੇ 2 ਕੁਇੰਟਲ ਪਤਾਸਿਆਂ ਦਾ ਪ੍ਰਸ਼ਾਦਿ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹਰਿਮੰਦਰ ਸਾਹਿਬ ਵਿਖੇ ਜਿਥੇ ਕੜਾਹ ਪ੍ਰਸ਼ਾਦਿ ਸੰਗਤ ਭੇਟ ਕਰਵਾਉਂਦੀਆਂ ਹਨ, ਉਥੇ ਹੀ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਪਤਾਸਿਆਂ ਦਾ ਪ੍ਰਸ਼ਾਦਿ ਵੀ ਭੇਟਾ ਰਹਿਤ ਦਿੱਤਾ ਜਾਂਦਾ ਹੈ, ਜੋ ਆਪਣੇ ਪਰਿਵਾਰਕ ਮੈਂਬਰਾਂ ਲਈ ਨਾਲ ਲੈ ਕੇ ਜਾਂਦੀਆਂ ਹਨ। ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਪਤਾਸਿਆਂ ਦਾ ਪ੍ਰਸ਼ਾਦਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਨੂੰ ਅਰਦਾਸ ਕਰਵਾਉਣ ਸਮੇਂ ਅਰਦਾਸੀਏ ਸਿੰਘ, ਚੋਰਬਰਦਾਰ ਜਾਂ ਸੇਵਾਦਾਰ ਦਿੰਦੇ ਹਨ। ਦੇਸ਼-ਵਿਦੇਸ਼ ਤੋਂ ਨਤਮਸਤਕ ਹੋਣ ਵਾਲੀਆਂ ਸੰਗਤਾਂ ਸ਼ਰਧਾ ਨਾਲ ਅਰਦਾਸ ਕਰਵਾਉਂਦੀਆਂ ਹਨ।

ਅਰਦਾਸ ਕਰਵਾਉਂਣ ਸਮੇਂ ਸੰਗਤ ਵੱਲੋਂ ਕਈ ਪ੍ਰਕਾਰ ਦੀ ਭੇਟਾ ਵੀ ਗੁਰੂ ਸਾਹਿਬ ਨੂੰ ਅਰਪਿਤ ਕੀਤੀਆਂ ਜਾਂਦੀ ਹੈ ਪਰ ਅਰਦਾਸ ਕਰਵਾਉਂਣ ਸਮੇਂ ਅਰਦਾਸੀਏ ਸਿੰਘ, ਚੋਰਬਰਦਾਰ ਸਿੰਘ ਜਾਂ ਸੇਵਾਦਾਰ ਬਖਸ਼ਿਸ਼ ਰੂਪੀ ਪਤਾਸਿਆਂ ਦਾ ਪ੍ਰਸ਼ਾਦਿ ਸੰਗਤਾਂ ਨੂੰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਜਿਵੇਂ ਕੜਾਹ ਪ੍ਰਸ਼ਾਦਿ ਪ੍ਰਬੰਧਕਾਂ ਵੱਲੋਂ ਮਰਿਆਦਾ ਨਾਲ ਤਿਆਰ ਹੁੰਦਾ ਹੈ, ਉਸੇ ਤਰ੍ਹਾਂ ਪਤਾਸਿਆਂ ਦਾ ਪ੍ਰਸ਼ਾਦਿ ਵੀ ਵਿਸ਼ੇਸ਼ ਪ੍ਰਬੰਧ ਅਤੇ ਮਰਿਆਦਾ ਤੇ ਸਾਫ ਸਫਾਈ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਂਦਾ ਹੈ। ਪਤਾਸੇ ਤਿਆਰ ਕਰਨ ਲਈ ਵਿਸ਼ੇਸ਼ ਕਾਰੀਗਰ ਲਾਏ ਗਏ ਹਨ। ਕਾਰੀਗਰ ਇੱਕ ਦਿਨ ਵਿੱਚ 2 ਕੁਇੰਟਲ ਦੇ ਕਰੀਬ ਪਤਾਸੇ ਤਿਆਰ ਕਰਦੇ ਹਨ ਜੋ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਨੂੰ ਨਤਮਸਤਕ ਹੋਣ ਸਮੇਂ ਅਰਦਾਸ ਕਰਵਾਉਣ ਮੌਕੇ ਬਖਸ਼ਿਸ਼ ਰੂਪ ਵਿੱਚ ਦਿੱਤਾ ਜਾਂਦਾ ਹੈ।

ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ

ਭਾਈ ਅੰਮ੍ਰਿਤਪਾਲ ਸਿੰਘ ਹੋਣਗੇ ਮੁੱਖ ਮੰਤਰੀ ਅਹੁਦੇ ਦਾ ਚਿਹਰਾ

ਲੁਧਿਆਣਾ/ਏ.ਟੀ.ਨਿਊਜ਼: ਅਕਾਲੀ ਦਲ 'ਵਾਰਿਸ ਪੰਜਾਬ ਦੇ' ਪੰਜਾਬ ਕੋਆਰਡੀਨੇਟਰ ਪਰਮਜੀਤ ਸਿੰਘ ਜੌਹਲ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਤੇ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਆਉਂਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਹੋਣਗੇ।

ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ 'ਤੇ ਲੱਗਿਆ ਐੱਨਐੱਸਏ ਖ਼ਤਮ ਹੋ ਚੁੱਕਾ ਹੈ ਅਤੇ ਜੇ ਕੋਈ ਅਪਰਾਧ ਬਣਦਾ ਹੈ, ਤਾਂ ਪੰਜਾਬ ਵਿਚ ਮਾਮਲਾ ਚਲਾਇਆ ਜਾਣਾ ਚਾਹੀਦਾ ਹੈ। ਇਸ ਮੌਕੇ ਰਾਜੀਵ ਲਵਲੀ, ਸੰਦੀਪ ਸਿੰਘ ਰੁਪਾਲੋਂ ਤੇ ਗੁਰਪ੍ਰੀਤ ਸਿੰਘ ਸੋਨੂੰ, ਵਕੀਲ ਇੰਦਰਜੀਤ ਸਿੰਘ, ਗੁਰਦੀਪ ਸਿੰਘ ਪ੍ਰਿੰਸ, ਹਰਪਾਲ ਸਿੰਘ ਕੋਹਲੀ, ਮਨਜੀਤ ਸਿੰਘ ਬੱਲ, ਬਾਬਾ ਦਰਸ਼ਨ ਸਿੰਘ ਪੰਚ, ਪਰਗਟ ਸਿੰਘ, ਰਿੰਕੂ ਰਾਠੌਰ, ਮਧੂ ਸੂਦਨ, ਅਵਤਾਰ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਜ਼ੋਰਾ ਸਿੰਘ, ਮਨਮੋਹਨ ਸਿੰਘ, ਜਸਰਾਜ ਸਿੰਘ, ਜਸਵੀਰ ਸਿੰਘ, ਅਮ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਜੀਤ ਸਿੰਘ, ਗੁਰਚਰਨ ਸਿੰਘ ਚੌਹਾਨ, ਸ਼ੁਭ ਸ਼ਰਮਾ, ਹਰਮੀਤ ਸਿੰਘ, ਦਾਨ ਸਿੰਘ ਵੀ ਹਾਜ਼ਰ ਸਨ।

ਬੇਅਦਬੀ ਵਿਰੋਧੀ ਕਾਨੂੰਨ ਬਣਨ ਤੋਂ ਬਾਅਦ ਸਮਾਣਾ ਟਾਵਰ ਮੋਰਚਾ ਸਮਾਪਤ

400 ਫੁੱਟ ਉੱਚੇ ਬੀ.ਐਸ.ਐਨ.ਐਲ. ਟਾਵਰ 'ਤੇ ਬੈਠੇ ਗੁਰਜੀਤ ਸਿੰਘ ਖ਼ਾਲਸਾ ਨੂੰ ਸੁਰੱਖਿਅਤ ਹੇਠਾਂ ਉਤਾਰਿਆ

ਪਟਿਆਲਾ/ਏ.ਟੀ.ਨਿਊਜ਼: ਪਟਿਆਲਾ ਪ੍ਰਸ਼ਾਸਨ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਇੱਕ ਵੱਡੇ ਅਪਰੇਸ਼ਨ ਰਾਹੀਂ ਕਿਸਾਨ ਗੁਰਜੀਤ ਸਿੰਘ ਖ਼ਾਲਸਾ (43) ਨੂੰ ਸੁਰੱਖਿਅਤ ਹੇਠਾਂ ਉਤਾਰ ਲਿਆ ਹੈ। ਖ਼ਾਲਸਾ ਪਿਛਲੇ 560 ਦਿਨਾਂ ਤੋਂ ਇੱਥੇ ਬਾਬਾ ਬੰਦਾ ਸਿੰਘ ਬਹਾਦਰ ਚੌਕ ਸਥਿਤ 400 ਫੁੱਟ ਉੱਚੇ ਬੀ.ਐਸ.ਐਨ.ਐਲ. ਟਾਵਰ 'ਤੇ ਆਪਣਾ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ।

ਫ਼ੌਜ ਅਤੇ ਜ਼ਿਲ੍ਹਾ ਪੁਲਿਸ ਦੀਆਂ ਵਾਧੂ ਟੀਮਾਂ ਦੀ ਨਿਗਰਾਨੀ ਹੇਠ ਇਹ ਸਾਂਝਾ ਅਪਰੇਸ਼ਨ ਮਹਿਜ਼ 30 ਮਿੰਟਾਂ ਵਿੱਚ ਨੇਪਰੇ ਚੜ੍ਹਿਆ। ਟਾਵਰ ਤੋਂ ਹੇਠਾਂ ਆਉਂਦਿਆਂਹੀ ਗੁਰਜੀਤ ਸਿੰਘ ਖ਼ਾਲਸਾ ਨੇ ਪੂਰੇ ਜੋਸ਼ ਵਿੱਚ 'ਮੈਂ ਚੜ੍ਹਦੀ ਕਲਾ ਵਿੱਚ ਹਾਂ' ਦੇ ਸ਼ਬਦ ਕਹੇ। ਉਨ੍ਹਾਂ ਇਸ ਨੇਕ ਕਾਰਜ ਲਈ ਸਮਰਥਨ ਦੇਣ ਵਾਲੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਫ਼ਰ ਸੌਖਾ ਨਹੀਂ ਸੀ, ਪਰ ਮੇਰੇ ਗੁਰੂ 'ਤੇ ਅਟੁੱਟ ਭਰੋਸੇ ਨੇ ਹੀ ਇਹ ਸਭ ਸੰਭਵ ਬਣਾਇਆ ਹੈ। ਬਚਾਅ ਕਾਰਜ ਵਿੱਚ ਸ਼ਾਮਲ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਵਾ ਦੀ ਰਫ਼ਤਾਰ ਅਨੁਕੂਲ ਹੋਣ ਅਤੇ ਚੰਗੀ ਧੁੱਪ ਕਾਰਨ ਹਾਈ-ਟੈਕ ਕ੍ਰੇਨ ਅਤੇ ਮਨੁੱਖੀ ਮਦਦ ਨਾਲ ਇਹ ਅਪਰੇਸ਼ਨ ਸੁਖਾਲਾ ਰਿਹਾ।

ਜ਼ਿਕਰਯੋਗ ਹੈ ਕਿ ਖ਼ਾਲਸਾ ਅਕਤੂਬਰ 2024 ਤੋਂ ਬੇਅਦਬੀ ਵਿਰੋਧੀ ਸਖ਼ਤ ਕਾਨੂੰਨ ਦੀ ਮੰਗ ਨੂੰ ਲੈ ਕੇ ਟਾਵਰ 'ਤੇ ਚੜ੍ਹੇ ਹੋਏ ਸਨ। ਇਸ ਸੰਘਰਸ਼ ਨੂੰ ਉਦੋਂ ਵੱਡੀ ਜਿੱਤ ਮਿਲੀ ਜਦੋਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ, 2026' ਨੂੰ ਮਨਜ਼ੂਰੀ ਦੇ ਦਿੱਤੀ। ਇਸ ਕਾਨੂੰਨੀ ਪ੍ਰਵਾਨਗੀ ਤੋਂ ਬਾਅਦ ਖ਼ਾਲਸਾ ਨੇ ਆਪਣਾ ਧਰਨਾ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਸੀ।

ਟਾਵਰ ਉੱਪਰ ਰਹਿਣ ਦੌਰਾਨ ਉਨ੍ਹਾਂ ਦੇ ਹਾਲਾਤ ਬੇਹੱਦ ਚੁਣੌਤੀਪੂਰਨ ਸਨ। ਉਹ ਪਲਾਸਟਿਕ ਦੀ ਤਰਪਾਲ ਹੇਠ ਰਹਿ ਰਹੇ ਸਨ ਅਤੇ ਦੋ ਸੇਵਾਦਾਰ ਦਿਨ ਵਿੱਚ ਇੱਕ ਵਾਰ ਭੋਜਨ-ਪਾਣੀ ਪਹੁੰਚਾਉਂਦੇ ਸਨ। ਸਰੀਰਕ ਗਤੀਵਿਧੀ ਨਾ ਹੋਣ ਕਾਰਨ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਪੱਧਰ ਵੀ ਕਈ ਵਾਰ ਵਿਗੜਿਆ।

(ਬਾਕੀ ਸਫ਼ਾ 27 'ਤੇ)

ਅਗਲੀ ਵਾਰ ਪੰਜਾਬ 'ਚ ਪੰਥਕ ਪਾਰਟੀ ਦੀ ਸਰਕਾਰ ਬਣੇਗੀ: ਸਿੱਖ ਆਗੂ

ਲੁਧਿਆਣਾ/ਏ.ਟੀ.ਨਿਊਜ਼: ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਨੇ ਕਿਹਾ ਹੈ ਕਿ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ, ਲੁੱਟਾਂ-ਖੋਹਾਂ ਅਤੇ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਸੱਤਾ ਵਿੱਚ ਲਿਆਉਣਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਲੋਕ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਸੂਬੇ ਅੰਦਰ ਅਗਲੀ ਸਰਕਾਰ ਬਣਨੀ ਦੇਖਣਾ ਚਾਹੁੰਦੇ ਹਨ। ਉਹ ਇੱਥੇ ਮੁੰਡੀਆਂ ਕਲਾਂ 33 ਫੁੱਟਾ ਰੋਡ 'ਤੇ ਪਾਰਟੀ ਦੀ ਵਿਸ਼ਾਲ ਪੰਥਕ ਇਕੱਤਰਤਾ ਮੌਕੇ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਅੰਮ੍ਰਿਤਪਾਲ ਸਿੰਘ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ ਅਤੇ ਦੋ ਉਪ ਮੁੱਖ ਮੰਤਰੀ ਬਣਾਏ ਜਾਣਗੇ, ਜੋ ਹਿੰਦੂ ਅਤੇ ਦਲਿਤ ਭਾਈਚਾਰੇ ਨਾਲ ਸਬੰਧਿਤ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਸਮਾਜ ਦੇ ਸਾਰੇ ਵਰਗਾਂ ਦੀ ਭਾਗੀਦਾਰੀ ਵਿੱਚ ਭਰੋਸਾ ਰੱਖਦੀ ਹੈ। ਉਨ੍ਹਾਂ ਲੁਭਾਉਣੇ ਵਾਅਦੇ ਕਰ ਕੇ ਸੱਤਾ 'ਚ ਆਉਣ ਵਾਲੀਆਂ ਪਾਰਟੀਆਂ 'ਤੇ ਵੀ ਤਨਜ਼ ਕੱਸਿਆ, ਜਿਨ੍ਹਾਂ ਤੋਂ ਹੁਣ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂਆਂ ਪਰਮਜੀਤ ਸਿੰਘ ਜੌਹਲ, ਪ੍ਰਿਥੀਪਾਲ ਸਿੰਘ ਬਟਾਲਾ, ਜਸਵੰਤ ਸਿੰਘ ਚੀਮਾ

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਬੰਦੀ ਸਿੰਘਾਂ ਦੀ ਰਿਹਾਈ ਕਰੇ ਕੇਂਦਰ ਸਰਕਾਰ

ਬੰਦੀ ਸਿੰਘਾਂ ਦੀ ਰਿਹਾਈ ਵਾਲਾ ਮਸਲਾ ਕਦੇ ਵੀ ਨਾ ਠੰਡਾ ਹੋਣ ਵਾਲਾ ਮਸਲਾ ਹੈ। ਇਹ ਹੱਲ ਹੋਣਾ ਚਾਹੀਦਾ ਸੀ ਪਰ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਸਰਕਾਰਾਂ ਨੇ ਇਹ ਸੰਜੀਦਾ ਮਸਲਾ ਆਪਣੇ ਹਿੱਤ ਦੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ।

ਅੱਜ-ਕੱਲ੍ਹ ਬੰਦੀ ਸਿੰਘਾਂ ਦਾ ਮਾਮਲਾ ਮੁੜ ਸੁਰਖ਼ੀਆਂ ਵਿੱਚ ਆਇਆ ਹੋਇਆ ਹੈ। ਇਸ ਦੇ ਦੋ ਵੱਡੇ ਕਾਰਨ ਹਨ। ਪਹਿਲਾ ਕਾਰਨ ਭਾਈ ਬਲਵੰਤ ਸਿੰਘ ਰਾਜੋਆਣਾ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਦੋ ਹਫ਼ਤਿਆਂ ਵਿੱਚ ਹਲਫ਼ਨਾਮਾ ਦਾਇਰ ਕੀਤੇ ਜਾਣ ਦਾ ਹੁਕਮ ਦੇਣਾ ਹੈ। ਦੂਜਾ ਕਾਰਨ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਦੇ ਮੁਖੀ ਅਤੇ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਲਗਾਇਆ ਗਿਆ ਐਨ.ਐਸ.ਏ. ਖਤਮ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਰੱਖੇ ਜਾਣਾ ਹੈ। ਭਾਈ ਅੰਮ੍ਰਿਤਪਾਲ ਸਿੰਘ ਵਿਰੁੱਧ ਪੰਜਾਬ 'ਚ ਕਈ ਮਾਮਲੇ ਦਰਜ ਹਨ, ਜਿਨ੍ਹਾਂ ਦਾ ਸਾਹਮਣਾ ਉਹ ਡਿਬਰੂਗੜ੍ਹ ਜੇਲ੍ਹ ਵਿੱਚ ਰਹਿੰਦਿਆਂ ਹੀ ਕਰਨਗੇ। ਭਾਈ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਹ ਆਪਣੇ ਖ਼ਿਲਾਫ਼ ਕੇਸਾਂ ਦਾ ਸਾਹਮਣਾ ਪੰਜਾਬ ਦੀ ਜੇਲ੍ਹ ਵਿੱਚ ਰਹਿ ਕੇ ਵੀ ਕਰ ਸਕਦੇ ਹਨ। ਇਸ ਕਰਕੇ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ ਵਿੱਚ ਸ਼ਿਫ਼ਟ ਕਰਨਾ ਚਾਹੀਦਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਰੱਖੇ ਜਾਣ ਲਈ ਦ੍ਰਿੜ੍ਹ ਹੈ।

ਪਿਛਲੇ ਕਾਫ਼ੀ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸੁਰਖ਼ੀਆਂ ਵਿੱਚ ਆਉਂਦਾ ਰਿਹਾ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਸਾਰੇ ਧੜੇ) ਸਮੇਤ ਵੱਖ-ਵੱਖ ਪੰਥਕ ਧਿਰਾਂ ਵੱਲੋਂ ਲੰਬੇ ਸਮੇਂ ਤੋਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਵੱਖ- ਵੱਖ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਹ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਇਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜੋ ਕਿ ਇਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ।

ਚਰਚਾ ਅੱਗੇ ਤੋਰਨ ਤੋਂ ਪਹਿਲਾਂ ਇਹ ਜਾਨਣਾ ਵਾਜਬ ਰਹੇਗਾ ਕਿ 'ਬੰਦੀ ਸਿੰਘ' ਕਿਹੜੇ ਸਿੱਖ ਆਗੂਆਂ ਨੂੰ ਕਿਹਾ ਜਾਂਦਾ ਹੈ? 1980-90ਵਿਆਂ ਦੇ ਸਿੱਖ ਸੰਘਰਸ਼ ਜਾਂ ਇਸ ਤੋਂ ਬਾਅਦ ਦੇ ਸਮੇਂ ਦੌਰਾਨ ਅਜ਼ਾਦ ਸਿੱਖ ਰਾਜ ਲਈ ਸਰਗਰਮੀ ਨਾਲ ਜੁੜੇ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ 'ਬੰਦੀ ਸਿੰਘ' ਕਿਹਾ ਜਾਂਦਾ ਹੈ। ਇਹਨਾਂ ਵਿਚੋਂ ਜਿਹੜੇ ਸਿੰਘਾਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ ਹਨ ਉਹਨਾਂ ਨੂੰ ਉਮਰ-ਕੈਦੀ ਬੰਦੀ ਸਿੰਘ ਕਿਹਾ ਜਾਂਦਾ ਹੈ।

ਸਿੱਖ ਆਗੂ ਦੋਸ਼ ਲਗਾ ਰਹੇ ਹਨ ਕਿ ਜੇਲ੍ਹ ਵਿੱਚ ਬੰਦ ਡੇਰਾ ਸਿਰਸਾ ਦੇ ਮੁਖੀ ਨੂੰ ਕੇਂਦਰ ਸਰਕਾਰ ਵੱਲੋਂ ਕੁਝ ਸਮੇਂ ਬਾਅਦ ਪੈਰੋਲ ਦੇ ਦਿੱਤੀ ਜਾਂਦੀ ਹੈ ਪਰ ਬੰਦੀ ਸਿੰਘਾਂ ਨੂੰ ਪੈਰੋਲ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਜਾਂਦਾ ਹੈ। ਇਹ ਕੇਂਦਰ ਸਰਕਾਰ ਦਾ ਸਿੱਖਾਂ ਨਾਲ ਵਿਤਕਰਾ ਨਹੀਂ ਹੈ ਤਾਂ ਹੋਰ ਕੀ ਹੈ? ਹਾਲਾਂਕਿ ਸਿਰਸੇ ਵਾਲੇ ਦੇ ਨਾਲ ਬੰਦੀ ਸਿੰਘਾਂ ਦੀ ਗੱਲ ਜੋੜ ਕੇ ਕਰਨਾ ਵਾਜ਼ਬ ਨਹੀਂ ਹੈ ਪਰ ਕਾਨੂੰਨ ਸਭ ਦੇ ਲਈ ਬਰਾਬਰ ਹੁੰਦਾ ਹੈ।

ਕਾਨੂੰਨ ਮੁਤਾਬਕ ਵਿਚਾਰਿਆ ਜਾਵੇ ਤਾਂ ਬਹੁਤੇ ਬੰਦੀ ਸਿੰਘਾਂ ਦੀ ਰਿਹਾਈ ਵਿੱਚ ਕੋਈ ਅੜਿੱਕਾ ਨਹੀਂ ਹੈ। ਉਹਨਾਂ ਨੇ ਉਮਰ ਕੈਦ ਲਈ ਮਿਥੀ ਜਾਂਦੀ ਘੱਟੋ-ਘੱਟ ਮਿਆਦ ਤੋਂ ਕਿਤੇ ਵੱਧ ਸਮਾਂ ਕੈਦ ਕੱਟ ਲਈ ਹੈ। ਉਹਨਾਂ ਦਾ ਜੇਲ੍ਹਾਂ ਦਾ ਚਲਨ ਠੀਕ ਹੈ ਪਰ ਫਿਰ ਵੀ ਉਹਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਸਪਸ਼ਟ ਹੈ ਕਿ ਰਿਹਾਈ ਨਾ ਕਰਨ ਦੇ ਕਾਰਨ ਕਾਨੂੰਨੀ ਨਹੀਂ ਸਗੋਂ ਸਿਆਸੀ ਹਨ। ਸਿੱਖ ਆਗੂ ਵਾਰ ਵਾਰ ਕਹਿ ਰਹੇ ਹਨ ਕਿ ਭਾਰਤ ਵਿੱਚ ਸਿੱਖਾਂ ਲਈ ਕਾਨੂੰਨ ਹੋਰ ਹਨ ਅਤੇ ਹੋਰਨਾਂ ਲੋਕਾਂ ਲਈ ਹੋਰ ਹਨ। ਸਿੱਖ ਆਗੂਆਂ ਅਨੁਸਾਰ ਕੇਂਦਰ ਸਰਕਾਰ ਹਮੇਸ਼ਾ ਹੀ ਸਿੱਖਾਂ ਨਾਲ ਵਿਤਕਰਾ ਕਰਦੀ ਆਈ ਹੈ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਕੇ ਕੇਂਦਰ ਸਰਕਾਰ ਸਿੱਖਾਂ ਨਾਲ ਇੱਕ ਹੋਰ ਧੱਕਾ ਕਰ ਰਹੀ ਹੈ। ਸਿੱਖ ਆਗੂਆਂ ਅਨੁਸਾਰ ਕੇਂਦਰ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ ਉਹ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੀ। ਇਸੇ ਕਾਰਨ ਸਿੱਖ ਅਜੇ ਵੀ ਆਜ਼ਾਦ ਮੁਲਕ ਵਿੱਚ ਇਨਸਾਫ਼ ਲੈਣ ਲਈ ਤਰਸ ਰਹੇ ਹਨ। ਵਿਦੇਸ਼ਾਂ 'ਚ ਵੀ ਕਈ ਸਿੱਖ ਆਗੂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਹਨ ਤਾਂ ਕਿ ਅੰਤਰਰਾਸ਼ਟਰੀ ਭਾਈਚਾਰੇ ਦਾ ਧਿਆਨ ਭਾਰਤ ਵਿੱਚ ਸਿੱਖਾਂ ਨਾਲ ਹੋ ਰਹੇ ਵਿਤਕਰੇ ਵੱਲ ਦਿਵਾਇਆ ਜਾ ਸਕੇ। ਇੱਥੇ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦੀ ਗੱਲ ਕਰਨੀ ਵੀ ਜ਼ਰੂਰੀ ਹੈ। ਜਦੋਂ ਕਿਸੇ ਵੀ ਕਿਸਮ ਦੀਆਂ ਚੋਣਾਂ ਆਉਂਦੀਆਂ ਹਨ ਤਾਂ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕ ਲਿਆ ਜਾਂਦਾ ਹੈ ਪਰ ਚੋਣ ਨਤੀਜੇ ਆਉਣ ਤੋਂ ਬਾਅਦ ਇਸ ਮੁੱਦੇ ਨੂੰ ਮੁੜ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ। ਆਮ ਆਦਮੀ ਪਾਰਟੀ ਵੀ ਪਿਛਲੀਆਂ ਵਿਧਾਨ ਸਭਾ ਚੋਣਾਂ ਬੰਦੀ ਸਿੰਘਾਂ ਦਾ ਮੁੱਦਾ ਚੁੱਕ ਕੇ ਜਿੱਤੀ ਸੀ ਪਰ ਸਰਕਾਰ ਬਣਾਉਣ ਤੋਂ ਬਾਅਦ ਇਸ ਪਾਰਟੀ ਨੇ ਇਹ ਮੁੱਦਾ ਵਿਸਾਰ ਦਿੱਤਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਕਰੇ ਤਾਂ ਕਿ ਸਿੱਖਾਂ ਨੂੰ ਇਨਸਾਫ਼ ਮਿਲੇ ਅਤੇ ਉਨ੍ਹਾਂ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਨਾ ਹੋ ਸਕੇ।

ਅਮਰੀਕਾ ਨੇ ਕਿਉਂ ਸ਼ੁਰੂ ਕੀਤਾ ਖਾੜੀ ਯੁੱਧ ?

ਪਰਮਜੀਤ ਢੀਂਗਰਾ

ਖਾੜੀ ਯੁੱਧ ਬਾਰੇ ਬਹੁਤ ਸਾਰੇ ਚਿੰਤਕ ਤੇ ਵਿਸ਼ਲੇਸ਼ਕ ਇਹ ਸਵਾਲ ਖੜ੍ਹੇ ਕਰ ਰਹੇ ਹਨ ਕਿ ਆਖ਼ਰ ਇਹ ਯੁੱਧ ਲੜਨ ਦੇ ਕੀ ਮਾਅਨੇ ਹਨ? ਕੀ ਅਮਰੀਕਾ ਦੀ ਕੋਈ ਅੰਦਰੂਨੀ ਸਮੱਸਿਆ ਸੀ ਜਾਂ ਇਜ਼ਰਾਇਲ ਦੀ ਇਰਾਨ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ? ਦੁਨੀਆ ਭਰ ਵਿੱਚ ਇਸ ਯੁੱਧ ਦੇ ਵਿਸ਼ਲੇਸ਼ਣ ਬਾਰੇ ਬਿਰਤਾਂਤ ਸਿਰਜੇ ਜਾ ਰਹੇ ਹਨ। 'ਤੁਹਾਨੂੰ ਸ਼ਾਇਦ ਯੁੱਧ ਦੀ ਲੋੜ ਨਹੀਂ, ਪਰ ਯੁੱਧ ਨੂੰ ਤੁਹਾਡੀ ਲੋੜ ਹੈ', ਲਿਓਨ ਤ੍ਰੋਤਸਕੀ ਦੀ ਇਹ ਪੰਕਤੀ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੁੱਧ ਦੇ ਸਿੱਟਿਆਂ ਨੂੰ ਕਿਵੇਂ ਲਿਆ। ਮੂਲ ਰੂਪ ਵਿੱਚ ਇਸ ਸਮੱਸਿਆ ਪਿੱਛੇ ਇਹ ਲਾਲਸਾ ਲੁਕੀ ਹੋਈ ਹੈ ਕਿ ਦੂਜੇ ਦੇਸ਼ਾਂ ਦੇ ਕੁਦਰਤੀ ਸਰੋਤਾਂ ਨੂੰ ਕਿਵੇਂ ਹਥਿਆਉਣਾ ਹੈ। ਇਸ ਦੌੜ ਵਿੱਚ ਅਮਰੀਕਾ ਦੀ ਅਸਲੀ ਨੀਤੀ ਤੇ ਸਿਆਸਤ ਦੀ ਘੋਖ ਕਰਨੀ ਜ਼ਰੂਰੀ ਹੈ।

ਡੋਨਾਲਡ ਟਰੰਪ ਨੇ ਜਦੋਂ ਯੁੱਧ ਦਾ ਐਲਾਨ ਕੀਤਾ ਤਾਂ ਉਸ ਦੀ ਇਹ ਧਾਰਨਾ ਬੜੀ ਬਲਵਾਨ ਸੀ ਕਿ ਇਰਾਨ ਵਰਗੇ ਮੁਲਕ ਨੂੰ ਝੁਕਾਉਣਾ ਸੌਖੀ ਜਿਹੀ ਗੱਲ ਹੈ ਤੇ ਦੋ-ਚਾਰ ਦਿਨਾਂ ਦੀ ਜੰਗ ਤੋਂ ਬਾਅਦ ਇਰਾਨ ਨੇ ਖ਼ੁਦ ਝੁਕ ਜਾਣਾ ਹੈ। ਦਰਅਸਲ, ਉਸ ਨੂੰ ਇਹ ਆਸ ਵੀ ਸੀ ਕਿ ਨਾਟੋ ਦੇ ਮੁਲਕ ਤੇ ਯੂਰੋਪੀਅਨ ਯੂਨੀਅਨ ਦੇ ਨਾਲ-ਨਾਲ ਖਾੜੀ ਦੇ ਉਹ ਮੁਲਕ, ਜੋ ਉਸ ਦੇ ਦਾਬੇ ਹੇਠ ਹਨ, ਇਸ ਯੁੱਧ ਨੂੰ ਤੁਰੰਤ ਫ਼ੈਸਲਾਕੁੰਨ ਮੋੜ 'ਤੇ ਪਹੁੰਚਾ ਦੇਣਗੇ, ਪਰ ਹੋਇਆ ਇਸ ਤੋਂ ਉਲਟ। ਨਾਟੋ ਦੇਸ਼ਾਂ, ਯੂਰੋਪੀਅਨ ਯੂਨੀਅਨ ਤੇ ਅਮਰੀਕੀ ਡੈਮੋਕ੍ਰੈਟਸ ਨੇ ਜਿਵੇਂ ਇਸ ਦਾ ਵਿਰੋਧ ਕੀਤਾ, ਇਹ ਭਵਿੱਖ ਵਿੱਚ ਯੁੱਧ ਮਾਨਸਿਕਤਾ ਲਈ ਇੱਕ ਸਬਕ ਹੈ।

ਅਮਰੀਕੀ ਸੰਸਦ ਮੈਂਬਰਾਂ ਤੇ ਲੋਕਾਂ ਨੇ ਵੱਲੋਂ ਕੀਤੇ ਗਏ ਵਿਰੋਧ ਕਾਰਨ ਡੋਨਾਲਡ ਟਰੰਪ ਆਪਣੇ ਆਪ ਵਿੱਚ ਇਕੱਲਾ ਪੈ ਗਿਆ। ਖਾੜੀ ਦੇ ਮੁਲਕਾਂ ਨੂੰ ਇਰਾਨੀ ਹਮਲਿਆਂ ਤੋਂ ਬਾਅਦ ਇਸ ਗੱਲ ਦੀ ਸੋਝੀ ਆ ਗਈ ਕਿ ਉਹ ਅਮਰੀਕੀ ਸੋਚ ਤੇ ਨੀਤੀ ਵਿੱਚ ਫਸ ਕੇ ਆਪਣਾ ਨੁਕਸਾਨ ਕਰਵਾ ਰਹੇ ਹਨ, ਪਰ ਹੁਣ ਇਸ ਦਾ ਕੋਈ ਹੱਲ ਨਜ਼ਰ ਨਹੀਂ ਸੀ ਆ ਰਿਹਾ। ਉਹ ਚਾਹੁੰਦੇ ਸਨ ਕਿ ਜਿੰਨੀ ਜਲਦੀ ਜੰਗਬੰਦੀ ਹੋਵੇ ਓਨਾ ਚੰਗਾ ਹੈ, ਪਰ ਟਰੰਪ ਲਈ ਅਜਿਹਾ ਕਰਨਾ ਮੁਮਕਿਨ ਨਹੀਂ ਸੀ। ਉਸ ਦੀ ਜ਼ਿੱਦ ਤੇ ਅੜੀਅਲ ਵਤੀਰੇ ਕਰ ਕੇ ਪੂਰੀ ਦੁਨੀਆ ਸੰਕਟ ਵਿੱਚ ਘਿਰਦੀ ਜਾ ਰਹੀ ਸੀ। ਰੂਸ ਨੇ ਇਰਾਨ ਦੀ ਪਿੱਠ ਥਾਪੜੀ ਤਾਂ ਇਸ ਤੋਂ ਟਰੰਪ ਦੀ ਚਿੜ ਹੋਰ ਵਧ ਗਈ।

ਚੀਨ ਭਾਵੇਂ ਜ਼ਾਹਰਾ ਤੌਰ ਉੱਤੇ ਜੰਗ ਵਿੱਚ ਸ਼ਾਮਿਲ ਨਹੀਂ, ਪਰ ਪਰਦੇ ਪਿੱਛੇ ਉਸ ਦੀ ਭੂਮਿਕਾ ਇਰਾਨ ਦੇ ਹੱਕ ਵਿੱਚ ਭੁਗਤ ਰਹੀ ਸੀ। ਅਜਿਹੇ ਹਾਲਾਤ ਵਿੱਚ ਜਦੋਂ ਨਾਟੋ ਦੇਸ਼ਾਂ ਤੇ ਯੂਰੋਪੀਅਨ ਯੂਨੀਅਨ ਨੇ ਇਸ ਯੁੱਧ ਨੂੰ ਇਰਾਨ ਵਿਰੁੱਧ ਧੱਕੇਸ਼ਾਹੀ ਕਰਾਰ ਦੇ ਦਿੱਤਾ ਤਾਂ ਦੁਨੀਆ ਵਿੱਚ ਇਸ ਯੁੱਧ 'ਤੇ ਅਨੇਕਾਂ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ। ਭਾਰਤੀ ਪ੍ਰਧਾਨ ਮੰਤਰੀ ਦੇ ਯੁੱਧ ਤੋਂ ਇੱਕ ਦਿਨ ਪਹਿਲਾਂ ਇਜ਼ਰਾਇਲ ਜਾਣ ਤੇ ਮਾਣ-ਸਨਮਾਨ ਲੈਣ ਨਾਲ ਭਾਰਤੀ ਵਿਦੇਸ਼ ਨੀਤੀ ਵੀ ਸਵਾਲਾਂ ਦੇ ਘੇਰੇ ਵਿੱਚ ਆ ਗਈ। ਇਸ ਯੁੱਧ ਦੌਰਾਨ ਇਹ ਗੱਲ ਵਿਸ਼ੇਸ਼ ਤੌਰ ਉੱਤੇ ਉਭਰੀ ਕਿ ਕੀ ਦੁਨੀਆ ਵਿੱਚ ਕੋਈ ਨਵੀਂ ਸਫ਼ਬੰਦੀ ਹੋ ਰਹੀ ਹੈ? ਹਰ ਮੁਲਕ ਆਪਣੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਯੁੱਧ ਵੱਲ ਦੇਖ ਰਿਹਾ ਸੀ। ਦੂਜੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਜਿਵੇਂ ਦੁਨੀਆ ਵਿੱਚ ਮਹਾਸ਼ਕਤੀ ਬਣ ਕੇ ਥਾਣੇਦਾਰੀ ਕਰਦਾ ਆ ਰਿਹਾ ਹੈ, ਉਹਦੇ ਲਈ ਇਹ ਵੱਡੀ ਚੁਣੌਤੀ ਸੀ। ਚੀਨ ਵਰਗਾ ਵਪਾਰੀ ਮੁਲਕ ਬੋਚ ਬੋਚ ਕੇ ਪੈਰ ਰੱਖ ਰਿਹਾ ਸੀ ਕਿਉਂਕਿ ਦੁਨੀਆ ਦੀ ਮੰਡੀ ਵਿੱਚ ਉਹਦੀ ਵੱਡੀ ਹਿੱਸੇਦਾਰੀ ਹੈ। ਉਹ ਇਸ ਯੁੱਧ ਖ਼ਾਤਰ ਆਪਣੀ ਮੰਡੀ ਤੇ ਮੁਨਾਫ਼ੇ ਨੂੰ ਗੁਆਉਣਾ ਨਹੀਂ ਚਾਹੁੰਦਾ। ਰੂਸ ਉਂਜ ਹੀ ਯੂਕਰੇਨ ਜੰਗ ਵਿੱਚ ਉਲਝਿਆ ਪਿਆ ਹੈ। ਇਹ ਉਹਦੇ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਉਹ ਚਾਹੁੰਦਾ ਹੈ ਕਿ ਹੁਣ ਇਹਦਾ ਵੀ ਨਿਬੇੜਾ ਹੋ ਜਾਵੇ।

ਖਾੜੀ ਯੁੱਧ ਵਿੱਚ ਅਮਰੀਕੀ ਪਹੁੰਚ ਦਾ ਸਭ ਤੋਂ ਨਕਾਰਾਤਮਕ ਪੱਖ ਇਹ ਹੈ ਕਿ ਉਹ ਇਰਾਨ ਦੇ ਸੱਭਿਆਚਾਰ ਤੇ ਇਤਿਹਾਸ ਨੂੰ ਸਮਝ ਨਹੀਂ ਸਕਿਆ। ਯੁੱਧ ਨੀਤੀਆਂ ਬਾਰੇ ਹਮੇਸ਼ਾ ਇਹ ਕਿਹਾ ਜਾਂਦਾ ਹੈ ਕਿ ਦੁਸ਼ਮਣ ਬਾਰੇ ਤੁਹਾਨੂੰ ਮੁਕੰਮਲ ਸਮਝ ਹੋਣੀ ਚਾਹੀਦੀ ਹੈ। ਹਾਲਾਂਕਿ, ਇਰਾਨ ਦੀ ਅੰਦਰੂਨੀ ਹਾਲਤ 1980ਵਿਆਂ ਦੇ ਇਨਕਲਾਬ ਮਗਰੋਂ ਜਿਵੇਂ ਇਸਲਾਮਿਕ ਢਾਂਚੇ ਵਿੱਚ ਢਲ ਗਈ, ਉਸ ਨੇ ਉੱਥੇ ਕਈ ਸਮੱਸਿਆਵਾਂ ਤੇ ਚੁਣੌਤੀਆਂ ਵੀ ਪੈਦਾ ਕੀਤੀਆਂ। ਘਰੇਲੂ ਮੁਹਾਜ਼ 'ਤੇ ਇਰਾਨ ਲੰਮੇ ਸਮੇਂ ਤੋਂ ਇਨ੍ਹਾਂ ਨਾਲ ਜੂਝ ਰਿਹਾ ਹੈ, ਪਰ ਯੁੱਧ ਨੇ ਉੱਥੇ ਵਿਰੋਧੀਆਂ ਵਿੱਚ ਵੀ ਰਾਸ਼ਟਰ ਤੇ ਦੇਸ਼ ਭਗਤੀ ਦੇ ਜੋਸ਼ ਨੂੰ ਜਿਵੇਂ ਉਬਾਲਾ ਦਿੱਤਾ। ਮੁਸ਼ਕਿਲ ਸਮੇਂ ਉਨ੍ਹਾਂ ਲਈ ਨਿੱਜੀ ਵੈਰ-ਵਿਰੋਧ ਜਾਂ ਸਰਕਾਰ ਪ੍ਰਤੀ ਗੁੱਸਾ ਦੇਸ਼ ਦੀ ਆਨ-ਸ਼ਾਨ ਸਾਹਮਣੇ ਤੁੱਛ ਹੈ। ਇਹੀ ਕਾਰਨ ਹੈ ਕਿ ਯੁੱਧ ਦੀ ਭਿਆਨਕ ਮਾਰ ਝੱਲਦਾ ਹੋਇਆ ਵੀ ਇਰਾਨ ਪਿੱਛੇ ਹਟਣ ਲਈ ਤਿਆਰ ਨਹੀਂ। ਇਰਾਨ ਦੇ ਰਿਹਾਇਸ਼ੀ, ਵਪਾਰਕ ਤੇ ਵਿੱਦਿਅਕ ਅਦਾਰਿਆਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਬਾਵਜੂਦ ਉਸ ਨੇ ਆਪਣਾ ਸਿਰੜ ਕਾਇਮ ਰੱਖਿਆ।

ਇਸ ਯੁੱਧ ਨੂੰ ਇਜ਼ਰਾਇਲ, ਇਰਾਨ ਯੁੱਧ ਦਾ ਨਾਂਅ ਦਿੱਤਾ ਜਾ ਰਿਹਾ ਹੈ ਪਰ ਅਸਲ ਵਿੱਚ ਇਹ ਅਮਰੀਕਾ ਤੇ ਇਰਾਨ ਵਿਚਲੀ ਜੰਗ ਹੈ। ਇਜ਼ਰਾਇਲ ਇਸ ਯੁੱਧ ਵਿੱਚ ਆਪਣਾ ਉੱਲੂ ਸਿੱਧਾ ਕਰ ਰਿਹਾ ਹੈ, ਪਰ ਅਸਲ ਸੂਤਰਧਾਰ ਅਮਰੀਕਾ ਹੈ। ਭਾਵੇਂ ਅੱਜਕੱਲ੍ਹ ਯੁੱਧ ਏ ਆਈ ਦੀ ਮਦਦ ਨਾਲ ਆਸਮਾਨ ਵਿੱਚ ਲੜਿਆ ਜਾ ਰਿਹਾ ਹੈ, ਪਰ ਇਹਦੇ ਪਿੱਛੇ ਕੰਮ ਕਰਦੀ ਭਾਵਨਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਇਹ ਵੀ ਵਿਡੰਬਨਾ ਹੈ, ਜਦੋਂ ਦੋ ਤਿੰਨ ਵਰ੍ਹੇ ਪਹਿਲਾਂ ਮੈਂ ਦੁਬਈ, ਅਬੂਧਾਬੀ ਗਿਆ ਸਾਂ ਤਾਂ ਇਨ੍ਹਾਂ ਦੇ ਸਾਫ਼-ਸੁਥਰੇ ਆਕਾਸ਼ ਵਿੱਚ ਕਬੂਤਰ, ਘੁੱਗੀਆਂ ਤੇ ਗਟਾਰਾਂ ਉੱਡਦੀਆਂ ਦੇਖ ਕੇ ਬੜਾ ਸਕੂਨ ਮਿਲਦਾ ਸੀ। ਸੈਂਟਰਲ ਪਲੇਸ 'ਤੇ ਸੈਂਕੜੇ ਪਰਿੰਦਿਆਂ ਨੂੰ ਸੜਕ ਕੰਢੇ ਲੋਕ ਦਾਣਾ ਪਾਉਂਦੇ,ਉਹ ਮਸਤੀ ਨਾਲ ਚੁਗਦੇ ਸ਼ੁਕਰੀਆ ਅਦਾ ਕਰਦੇ ਜਾਪਦੇ ਤੇ ਅੱਜ ਉਨ੍ਹਾਂ ਦੇ ਆਕਾਸ਼ ਵਿੱਚ ਪੰਛੀਆਂ ਦੀ ਥਾਂ ਅੱਗ ਉਗਲਦੀਆਂ ਮਿਜ਼ਾਈਲਾਂ ਦੇਖ ਕੇ ਮਨ ਪ੍ਰੇਸ਼ਾਨ ਹੋ ਉੱਠਦਾ ਹੈ। ਇਸ ਯੁੱਧ ਦੀ ਅਸਲ ਤਸਵੀਰ ਉਹ ਹੈ, ਜੋ ਉਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ ਮਾਰ ਕਰ ਰਹੀ ਹੈ, ਜੋ ਕਿਸੇ ਵੀ ਦੇਸ਼ ਦੀ ਪ੍ਰਭੂਸੱਤਾ ਲਈ ਅਰਥਵਾਨ ਹੁੰਦੇ ਹਨ। ਮਸਲਨ ਕੁੜੀਆਂ ਦੇ ਸਕੂਲ 'ਤੇ ਮਿਜ਼ਾਈਲ ਹਮਲੇ ਵਿੱਚ 168 ਬੱਚੀਆਂ ਦਾ ਮਾਰੇ ਜਾਣਾ ਬੇਹੱਦ ਦੁਖਦਾਈ ਹੈ। ਇਸ ਨੇ ਦੁਨੀਆ ਭਰ ਵਿੱਚ ਇਜ਼ਰਾਇਲ ਤੇ ਅਮਰੀਕਾ ਦੀ ਯੁੱਧ ਨੀਤੀ ਪ੍ਰਤੀ ਰੋਸ ਪੈਦਾ ਕੀਤਾ ਹੈ। ਇਰਾਨ ਵਿੱਚ ਉਨ੍ਹਾਂ ਦੇ ਜਨਾਜ਼ੇ 'ਤੇ ਲੱਖਾਂ ਲੋਕਾਂ ਦੇ ਇਕੱਠ ਤੇ ਇਕੱਠਿਆਂ ਦਫ਼ਨਾਏ ਜਾਣ ਨੇ ਇਰਾਨ ਨੂੰ ਨੈਤਿਕ ਬਲ ਦਿੱਤਾ। ਇਹੀ ਕਾਰਨ ਹੈ ਕਿ ਲਹੂ-ਲੁਹਾਣ ਹੁੰਦੇ ਹੋਏ ਵੀ ਉਹ ਸਾਹ ਲੈ ਰਿਹਾ ਹੈ। ਇਹ ਇੱਕ ਅਜਿਹੇ ਕ੍ਰਾਂਤੀਕਾਰੀ ਗਣਰਾਜ ਦੀ ਕਹਾਣੀ ਨੂੰ ਮੁੜ ਦਰਸਾ ਰਿਹਾ ਹੈ, ਜਿਸ ਨੇ ਇਤਿਹਾਸ ਵਿੱਚ ਲੰਮੇ ਯੁੱਧਾਂ ਦੀ ਭੱਠੀ ਵਿੱਚ ਤਪ ਕੇ ਆਪਣੇ ਆਪ ਨੂੰ ਕੁੰਦਨ ਬਣਾਇਆ ਹੈ। ਉਸ ਨੇ ਆਪਣੀ ਪੀੜ ਤੇ ਸੰਤਾਪ, ਫ਼ੌਜੀ ਅਸਮਾਨਤਾ ਨੂੰ ਆਪਣੀ ਭੂਗੋਲਿਕ ਸਥਿਤੀ ਰਾਹੀਂ ਹਥਿਆਰ ਬਣਾ ਕੇ ਇਸ ਯੁੱਧ ਨੂੰ ਨਵਾਂ ਮੋੜ ਦਿੱਤਾ ਹੈ। ਆਪਣੇ ਤਾਣੇ-ਬਾਣੇ ਨੂੰ ਯੁੱਧ ਨੀਤੀ ਦਾ ਹਥਿਆਰ ਬਣਾਉਣਾ ਸਿੱਧ ਕਰਦਾ ਹੈ ਕਿ ਲੜਾਈ ਸਿਰਫ਼ ਹਥਿਆਰਾਂ ਨਾਲ ਹੀ ਨਹੀਂ, ਦਿਮਾਗ਼ ਨਾਲ ਵੀ ਲੜੀ ਜਾਂਦੀ ਹੈ। ਹੋਰਮੁਜ਼ ਨੂੰ ਜਿਵੇਂ ਉਸ ਨੇ ਹਥਿਆਰ ਵਜੋਂ ਵਰਤਿਆ, ਇਸ ਨੇ ਦੁਨੀਆ ਭਰ ਵਿੱਚ ਤੇਲ ਤੇ ਗੈਸ ਦੇ ਸੰਕਟ ਨੂੰ ਨਵੇਂ ਬਿਰਤਾਂਤ ਰਾਹੀਂ ਪੇਸ਼ ਕੀਤਾ। ਇਸ ਨਾਲ ਉਹ ਮਨਸ਼ੇ ਉਜਾਗਰ ਹੋਣ ਲੱਗ ਪਏ ਕਿ ਅਸਲ ਲੜਾਈ ਪ੍ਰਮਾਣੂ ਹਥਿਆਰਾਂ ਨੂੰ ਨਸ਼ਟ ਕਰਨ ਦੀ ਨਹੀਂ ਸਗੋਂ ਕੁਦਰਤੀ ਸਰੋਤਾਂ 'ਤੇ ਕਬਜ਼ੇ ਦੀ ਹੈ।

ਇਸ ਯੁੱਧ ਦੀ ਰਣਨੀਤੀ ਦੇ ਪਿਛੋਕੜ ਵਿੱਚ ਵੀ ਕਈ ਵਿਰੋਧਾਭਾਸ ਨਜ਼ਰ ਆਉਂਦੇ ਹਨ। ਜਨਵਰੀ ਵਿੱਚ ਸੰਯੁਕਤ ਅਰਬ ਅਮੀਰਾਤ ਨੇ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਸੀ ਕਿ ਉਹ ਆਪਣੇ ਹਵਾਈ ਖੇਤਰ, ਜ਼ਮੀਨ ਜਾਂ ਬੰਦਰਗਾਹਾਂ ਨੂੰ ਯੁੱਧ ਲਈ ਵਰਤਣ ਦੀ ਆਗਿਆ ਨਹੀਂ ਦੇਵੇਗਾ। ਇਹ ਐਲਾਨ ਅਸਲ ਵਿੱਚ ਜਵਾਬੀ ਕਾਰਵਾਈ ਤਹਿਤ ਹੋਣ ਵਾਲੇ ਇਰਾਨੀ ਹਮਲਿਆਂ ਤੋਂ ਬਚਣ ਦਾ ਹੀਲਾ ਸੀ। ਇਸ ਦੇ ਬਾਵਜੂਦ ਇਰਾਨ ਨੇ ਅਬੂਧਾਬੀ, ਦੁਬਈ ਤੇ ਯੂ ਏ ਈ ਦੇ ਕਈ ਫ਼ੌਜੀ ਟਿਕਾਣਿਆਂ ਤੇ ਸ਼ਹਿਰੀ ਖੇਤਰਾਂ 'ਤੇ ਘੱਟੋ ਘੱਟ 433 ਬੈਲਿਸਟਿਕ ਮਿਜ਼ਾਈਲਾਂ, 19 ਕਰੂਜ਼ ਮਿਜ਼ਾਈਲਾਂ ਤੇ 1977 ਡਰੋਨਾਂ ਨਾਲ ਹਮਲਾ ਕੀਤਾ। ਸਪੇਨ ਤੇ ਇਟਲੀ ਦੀਆਂ ਸਰਕਾਰਾਂ ਨੇ ਵੀ ਯੂ ਏ ਈ ਦੀ ਰਣਨੀਤੀ ਅਪਣਾਉਂਦਿਆਂ ਅਮਰੀਕਾ ਨੂੰ ਇਰਾਨ 'ਤੇ ਹਮਲੇ ਲਈ ਆਪਣੇ ਟਿਕਾਣਿਆਂ ਖ਼ਾਸ ਤੌਰ ਉੱਤੇ ਮੈਡਰਿਡ ਦੇ ਮਾਮਲੇ ਵਿੱਚ ਆਪਣੇ ਹਵਾਈ ਖੇਤਰਾਂ ਦਾ ਇਸਤੇਮਾਲ ਕਰਨ ਤੋਂ ਰੋਕ ਦਿੱਤਾ। ਉਨ੍ਹਾਂ ਮੁਲਕਾਂ ਨੂੰ ਵੀ ਲੱਗਦਾ ਸੀ ਕਿ ਜੇ ਉਹ ਤਹਿਰਾਨ ਦੀਆਂ ਮਿਜ਼ਾਈਲਾਂ ਦੀ ਜ਼ੱਦ ਵਿੱਚ ਆ ਗਏ ਤਾਂ ਉਨ੍ਹਾਂ ਦੇ ਕਹਿਰ ਤੋਂ ਬਚ ਨਹੀਂ ਸਕਣਗੇ।

ਇਰਾਨ ਨੇ ਇਸ ਨੂੰ ਜੇਹਾਦ ਦਾ ਨਾਂਅ ਦਿੱਤਾ, ਜਿਸ ਨੇ ਇੱਕ ਨਵੀਂ ਚਰਚਾ ਛੇੜ ਦਿੱਤੀ। ਇਸ ਨੇ ਇਸਲਾਮੀ ਵਿਚਾਰਧਾਰਾ ਨੂੰ ਹਥਿਆਰ ਵਾਂਗ ਵਰਤਿਆ ਤਾਂ ਕਿ ਜੇਤੂ ਤੇ ਹਾਰਨ ਵਾਲੇ ਵਿੱਚ ਨਿਖੇੜਾ ਕਰ ਸਕੇ। ਭਾਵੇਂ ਇਰਾਨ ਨੂੰ ਜ਼ਮੀਨੀ ਪੱਧਰ 'ਤੇ ਨੁਕਸਾਨ ਝੱਲਣਾ ਪੈ ਰਿਹਾ ਹੈ, ਪਰ ਉਨ੍ਹਾਂ ਦੇ ਲੀਡਰ ਅੰਦਰੂਨੀ ਤੌਰ ਉੱਤੇ ਰਾਹਤ ਮਹਿਸੂਸ ਕਰ ਰਹੇ ਹਨ ਕਿਉਂਕਿ ਮਾਨਸਿਕ ਤੇ ਆਰਥਿਕ ਪੱਧਰ 'ਤੇ ਇੰਨੀ ਸਫ਼ਲਤਾ ਮਿਲਣ ਦੀ ਸ਼ਾਇਦ ਉਨ੍ਹਾਂ ਨੂੰ ਵੀ ਆਸ ਨਹੀਂ ਸੀ।

ਇਸ ਯੁੱਧ ਵਿੱਚ ਕੌਣ ਜਿੱਤਿਆ, ਕੌਣ ਹਾਰਿਆ ਇਹ ਫ਼ੈਸਲਾ ਭਵਿੱਖ ਕਰੇਗਾ। ਫਿਰ ਵੀ ਇਸ ਯੁੱਧ ਨੇ ਜਿਹੜੇ ਸਵਾਲ ਖੜ੍ਹੇ ਕੀਤੇ ਹਨ, ਉਨ੍ਹਾਂ ਦੇ ਜਵਾਬ ਭਾਵੇਂ ਨਾ ਮਿਲਣ, ਪਰ ਇੱਕ ਗੱਲ ਸਪੱਸ਼ਟ ਹੈ ਕਿ ਭਵਿੱਖ ਵਿੱਚ ਨਵੀਆਂ ਸਫ਼ਬੰਦੀਆਂ ਹੋਣਗੀਆਂ। ਦੁਨੀਆ ਵਿੱਚ ਜਿਹੜੀ ਧੌਂਸ ਦੀ ਰਾਜਨੀਤੀ ਹੈ ਉਸ ਨੂੰ ਛੋਟੇ-ਛੋਟੇ ਮੁਲਕ ਪ੍ਰਵਾਨ ਨਹੀਂ ਕਰਨਗੇ ਤੇ ਇਸ ਨਾਲ ਦੁਨੀਆ ਵਿੱਚ 'ਨਵੀਂ ਵਿਸ਼ਵ ਵਿਵਸਥਾ' ਸਥਾਪਤ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ।

ਵਿਸ਼ਵ 'ਤੇ ਅਨੇਕਾਂ ਜੰਗਾਂ ਥੋਪ ਚੁੱਕਿਆ ਹੈ ਅਮਰੀਕਾ

ਡਾ. ਦਵਿੰਦਰ ਕੌਰ ਖੁਸ਼

ਅਮਰੀਕਾ ਦੀ ਧੌਂਸਬਾਜ਼ੀ ਕਾਰਨ ਉਸ ਵੱਲੋਂ ਇਰਾਨ 'ਤੇ ਹਮਲੇ ਕਰਕੇ ਉੱਥੋਂ ਦੇ ਆਮ ਲੋਕਾਂ ਦੇ ਨਾਲ ਨਾਲ ਉੱਚ ਆਗੂ ਅਯਾਤੁੱਲਾ ਅਲੀ ਖ਼ਮੇਨੇਈ ਅਤੇ ਹੋਰ ਉੱਚ ਅਧਿਕਾਰੀ ਮਾਰੇ ਗਏ ਹਨ। ਇਸੇ ਤਰ੍ਹਾਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਉਸ ਦੇ ਦੇਸ਼ ਵਿੱਚੋਂ ਗ੍ਰਿਫ਼ਤਾਰ ਕਰਕੇ ਆਪਣੇ ਪਿੱਠੂ ਨੂੰ ਰਾਸ਼ਟਰਪਤੀ ਬਣਾਉਣਾ, ਕਿਊਬਾ ਦੀ ਆਰਥਿਕ ਘੇਰਾਬੰਦੀ, ਗਰੀਨਲੈਂਡ ਨੂੰ ਕਬਜ਼ਾਉਣ ਦੀਆਂ ਘੁਰਕੀਆਂ ਮਾਰਨਾ ਆਦਿ ਘਟਨਾਵਾਂ ਬਿਲਕੁਲ ਤਾਜ਼ੀਆਂ ਹਨ। ਦੁਨੀਆ ਵਿੱਚ ਸ਼ਾਂਤੀ ਸਥਾਪਿਤ ਕਰਨ, ਅਤਿਵਾਦ ਦੇ ਖਾਤਮੇ ਅਤੇ ਜਮਹੂਰੀਅਤ ਬਚਾਉਣ ਦੇ ਨਾਂ 'ਤੇ ਅਮਰੀਕੀ ਸਾਮਰਾਜੀਆਂ ਨੇ ਪਿਛਲੇ 50 ਸਾਲਾਂ ਵਿੱਚ ਨਾਜਾਇਜ਼ ਜੰਗਾਂ ਮੜ੍ਹਕੇ ਲੱਖਾਂ ਲੋਕਾਂ ਦਾ ਕਤਲੇਆਮ ਕੀਤਾ ਹੈ।

ਇਨ੍ਹਾਂ ਜੰਗਾਂ-ਹਮਲਿਆਂ-ਘੇਰਾਬੰਦੀਆਂ ਦਾ ਨਿਸ਼ਾਨਾ ਅੱਡੋ-ਅੱਡ ਦੇਸ਼ਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨੇ, ਕੁਦਰਤੀ ਸਰੋਤਾਂ ਜਿਵੇਂ ਤੇਲ ਅਤੇ ਕੀਮਤੀ ਧਾਤਾਂ 'ਤੇ ਕਬਜ਼ੇ ਕਰਨੇ, ਇੱਥੋਂ ਦੀ ਕਿਰਤ ਸ਼ਕਤੀ ਦੀ ਲੁੱਟ, ਵਪਾਰ ਦੇ ਲਾਂਘਿਆਂ ਨੂੰ ਕਬਜ਼ਾਉਣਾ ਅਤੇ ਇਨ੍ਹਾਂ ਦੇਸ਼ਾਂ ਵਿੱਚ ਆਪਣੇ ਫ਼ੌਜੀ ਅੱਡੇ ਸਥਾਪਿਤ ਕਰਕੇ ਉਨ੍ਹਾਂ ਉੱਪਰ ਆਪਣੀ ਚੌਧਰ ਸਥਾਪਿਤ ਕਰਨਾ ਹੈ। ਅਮਰੀਕੀ ਸਾਮਰਾਜੀਆਂ ਦੇ ਕਾਲੇ ਕਾਰਨਾਮਿਆਂ ਦਾ ਲੰਮਾ ਇਤਿਹਾਸ ਹੈ। ਇਨ੍ਹਾਂ ਵਿੱਚੋਂ ਕੁਝ ਕੁ ਦੀ ਚਰਚਾ ਰਾਹੀਂ ਇਸ ਦੇ ਕੋਝੇ ਨੈਣ-ਨਕਸ਼ਾਂ ਦੀ ਪਛਾਣ ਕੀਤੀ ਜਾ ਸਕਦੀ ਹੈ।

ਜਪਾਨੀ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਪ੍ਰਮਾਣੂ ਬੰਬ ਸੁੱਟਣਾ: ਦੂਸਰੀ ਸੰਸਾਰ ਜੰਗ ਤੋਂ ਬਾਅਦ ਸੰਸਾਰ ਦੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰੇ ਅਮਰੀਕੀ ਸਾਮਰਾਜੀਆਂ ਦੇ ਹੱਥ ਕਰੋੜਾਂ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਲਿੱਬੜੇ ਹੋਏ ਹਨ। ਇਨ੍ਹਾਂ ਨੇ ਆਪਣੀ ਚੌਧਰੀ ਦਾ ਐਲਾਨ ਵੀ ਜਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਪ੍ਰਮਾਣੂ ਬੰਬ ਸੁੱਟ ਕੇ ਕੀਤਾ ਸੀ। ਇਸ ਹਮਲੇ ਦਾ ਜੰਗ ਵਿੱਚ ਜੇਤੂ ਹੋਣ ਨਾਲ ਵੀ ਕੋਈ ਸਬੰਧ ਨਹੀਂ ਸੀ ਕਿਉਂਕਿ ਜਰਮਨੀ-ਜਪਾਨ ਧੜਾ ਪਹਿਲਾਂ ਹੀ ਹਾਰ ਚੁੱਕਿਆ ਸੀ। ਇਨ੍ਹਾਂ ਪ੍ਰਮਾਣੂ ਹਮਲਿਆਂ ਵਿੱਚ 1 ਲੱਖ 70 ਹਜ਼ਾਰ ਤੋਂ ਲੈ ਕੇ 2 ਲੱਖ 46 ਹਜ਼ਾਰ ਲੋਕਾਂ ਦੀ ਮੌਤ ਹੋਈ ਸੀ ਜਿਨ੍ਹਾਂ ਵਿੱਚੋਂ 90 ਫ਼ੀਸਦੀ ਤੋਂ ਵੀ ਵੱਧ ਆਮ ਲੋਕ ਸਨ। ਅਮਰੀਕੀ ਸਾਮਰਾਜੀਆਂ ਨੇ 6 ਅਗਸਤ 1945 ਨੂੰ ਹੀਰੋਸ਼ੀਮਾ ਸ਼ਹਿਰ 'ਤੇ ਕੀਤੇ ਹਮਲੇ ਵਿੱਚ 90 ਹਜ਼ਾਰ ਤੋਂ 1 ਲੱਖ 66 ਹਜ਼ਾਰ ਦੇ ਵਿਚਾਲੇ ਅਤੇ 9 ਅਗਸਤ ਨੂੰ ਨਾਗਾਸਾਕੀ 'ਤੇ ਕੀਤੇ ਹਮਲੇ ਵਿੱਚ 60 ਤੋਂ 80 ਹਜ਼ਾਰ ਲੋਕ ਮਾਰੇ ਸਨ। ਕੁੱਲ ਮੌਤਾਂ ਵਿੱਚੋਂ ਅੱਧੀਆਂ ਮੌਤਾਂ ਇੱਕ ਦਿਨ ਦੇ ਅੰਦਰ ਹੀ ਹੋ ਗਈਆਂ ਸਨ।

ਕੋਰਿਆਈ ਜੰਗ (1950-1953): ਦੂਸਰੀ ਸੰਸਾਰ ਜੰਗ ਵਿੱਚ ਜਰਮਨੀ-ਜਪਾਨ ਦਾ ਧੜਾ ਹਾਰਿਆ ਅਤੇ ਜਪਾਨ ਦੇ ਕਬਜ਼ੇ ਹੇਠਲੇ ਇਲਾਕਿਆਂ ਵਿੱਚ ਚੱਲ ਰਹੀਆਂ ਜਗੀਰਦਾਰੀ-ਬਸਤੀਵਾਦੀ ਵਿਰੋਧੀ ਲਹਿਰਾਂ ਨੇ ਹੋਰ ਜ਼ੋਰ ਫੜਿਆ। ਕੋਰਿਆਈ ਲੋਕ ਵੀ ਜਪਾਨੀ ਕਬਜ਼ੇ ਹੇਠ ਲੰਮੇ ਸਮੇਂ ਤੋਂ ਪਿਸਦੇ ਹੋਣ ਕਾਰਨ ਸੰਘਰਸ਼ ਦੇ ਰਾਹ 'ਤੇ ਸਨ। ਅਮਰੀਕੀ ਸਾਮਰਾਜੀਆਂ ਨੇ ਕੋਰੀਆ ਅੰਦਰ ਸਮਾਜਵਾਦੀ ਸੋਵੀਅਤ ਯੂਨੀਅਨ ਦੇ ਪ੍ਰਭਾਵ ਨੂੰ ਠੱਲ੍ਹਣ ਲਈ ਦੱਖਣੀ ਹਿੱਸੇ ਵਿੱਚ ਆਪਣੀਆਂ ਫੌਜਾਂ ਉਤਾਰੀਆਂ। ਜੂਨ 25, 1950 ਵਿੱਚ ਸਿੰਗਮੈਨ ਰੀ ਧੜੇ ਨੂੰ ਅੱਗੇ ਲਾ ਕੇ ਅਮਰੀਕੀ ਸਾਮਰਾਜੀਆਂ ਨੇ ਉੱਤਰੀ ਕੋਰੀਆ ਦੇ ਜਮਹੂਰੀ ਗਣਰਾਜ ਉੱਤੇ ਹੱਲਾ ਬੋਲ ਦਿੱਤਾ ਤੇ 38ਵੇਂ ਪੈਰੇਲਲ ਉੱਤੇ ਹੋਏ ਸਮਝੌਤੇ ਨੂੰ ਇੱਕ ਤਰਫ਼ਾ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ। ਇੱਥੋਂ ਹੀ ਕੋਰਿਆਈ ਜੰਗ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ।

ਅਗਲੇ ਹੀ ਦਿਨ ਅਮਰੀਕਾ ਨੇ ਆਪਣੇ ਬੰਬਾਰੀ ਕਰਨ ਵਾਲੇ ਜਹਾਜ਼ਾਂ ਨੂੰ ਉੱਤਰੀ ਕੋਰੀਆ ਵਿੱਚ ਉਤਾਰ ਦਿੱਤਾ। ਤਿੰਨ ਸਾਲ ਚੱਲੀ (1950-1953) ਕੋਰਿਆਈ ਜੰਗ ਵਿੱਚ 40 ਲੱਖ ਲੋਕਾਂ ਦੀ ਮੌਤ ਹੋਈ। ਅਮਰੀਕੀ ਹਵਾਈ ਸੈਨਾ ਵੱਲੋਂ ਇਸ ਅਰਸੇ ਦੌਰਾਨ ਉੱਤਰੀ ਕੋਰੀਆ ਉੱਤੇ 6.35 ਲੱਖ ਟਨ ਬੰਬ ਸੁੱਟੇ ਗਏ ਜੋ ਕਿ ਦੂਜੀ ਸੰਸਾਰ ਜੰਗ ਸਮੇਂ ਪੂਰੇ ਪ੍ਰਸ਼ਾਂਤ ਖਿੱਤੇ ਵਿੱਚ ਹੋਏ ਬੰਬਾਂ ਦੀ ਵਰਤੋਂ ਤੋਂ ਵਧੇਰੇ ਸੀ। ਇਹ ਜੰਗਬੰਦੀ ਦਾ ਸਮਝੌਤਾ ਕੋਈ ਸ਼ਾਂਤੀ ਸਮਝੌਤਾ ਨਹੀਂ ਸਗੋਂ ਕੁਝ ਸਮੇਂ ਲਈ ਲੜਾਈ ਰੋਕਣ ਦਾ ਸਮਝੌਤਾ ਸੀ। ਅਧਿਕਾਰਤ ਤੌਰ ਉੱਤੇ ਦੱਖਣੀ ਤੇ ਉੱਤਰੀ ਕੋਰੀਆ ਵਿੱਚ ਇਹ ਜੰਗ ਹਾਲੇ ਵੀ ਜਾਰੀ ਹੈ।

ਵੀਅਤਨਾਮ ਜੰਗ (1955-75): ਅਮਰੀਕੀ ਅਰਥਚਾਰੇ ਦੇ ਹੋਰ ਵਿਕਾਸ ਲਈ ਦੱਖਣ-ਪੂਰਬੀ ਏਸ਼ਿਆਈ ਖਿੱਤੇ 'ਚ ਨਿਵੇਸ਼ ਕਰਨ ਲਈ ਖੁੱਲ੍ਹ ਹੋਣਾ ਜ਼ਰੂਰੀ ਸੀ। ਉੱਪਰੋਂ ਇਹ ਸਾਰਾ ਖਿੱਤਾ ਰਬੜ, ਟੀਨ, ਟੰਗਸਟੀਨ ਅਤੇ ਹੋਰ ਕੀਮਤੀ ਧਾਤਾਂ ਨਾਲ ਭਰਪੂਰ ਵੀ ਹੈ। ਇਸ ਖਿੱਤੇ 'ਚ ਪਿੱਠੂ ਸਰਕਾਰ ਹੋਣ ਦਾ ਮਤਲਬ ਇਨ੍ਹਾਂ ਧਾਤਾਂ ਦੀ ਮਾਲਕੀ ਅਤੇ ਵਪਾਰ ਦੇ ਬਹੁਤ ਮਹੱਤਵਪੂਰਨ ਰਸਤੇ 'ਤੇ ਕਾਬਜ਼ ਹੋਣਾ ਸੀ ਜਿੱਥੋਂ ਪੂਰਬੀ ਏਸ਼ਿਆਈ ਖਿੱਤੇ ਨੂੰ ਕੰਟਰੋਲ ਕੀਤਾ ਜਾ ਸਕਦਾ ਸੀ। ਇਸ ਖਿੱਤੇ ਦੀ ਘੇਰਾਬੰਦੀ ਦਾ ਸਭ ਤੋਂ ਵੱਡਾ ਨਿਸ਼ਾਨਾ ਸਮਾਜਵਾਦ ਦੇ ਫੈਲਾਅ ਨੂੰ ਰੋਕਣਾ ਸੀ। ਸੋਵੀਅਤ ਯੂਨੀਅਨ ਦੀ ਸਥਾਪਤੀ ਤੋਂ ਚੀਨ ਸਮੇਤ ਦੁਨੀਆ ਦੇ ਵੱਡੇ ਖੇਤਰਫਲ ਵਿੱਚ ਲਾਲ ਝੰਡਾ ਉੱਚਾ ਲਹਿਰਾਉਂਦਾ ਸੀ ਜਿਸ ਦਾ ਪ੍ਰਭਾਵ ਵੀਅਤਨਾਮ ਸਮੇਤ ਲਾਓਸ, ਕੰਬੋਡੀਆ ਆਦਿ ਮੁਲਕਾਂ ਤੱਕ ਵੀ ਫੈਲ ਚੁੱਕਿਆ ਸੀ।

ਇਰਾਕ ਜੰਗ (2003-2011): 19 ਮਾਰਚ 2003 ਨੂੰ ਅਮਰੀਕੀ ਤੇ ਅੰਗਰੇਜ਼ ਸਾਮਰਾਜੀਆਂ ਨੇ ਆਜ਼ਾਦੀ ਦਾ ਨਾਂ ਲੈ ਇਰਾਕ ਦੇ ਲੋਕਾਂ 'ਤੇ ਹੱਲਾ ਬੋਲਿਆ। ਸ਼ੁਰੂਆਤ ਵਿੱਚ ਸੱਦਾਮ ਦਾ ਨਾਂ ਅਲ-ਕਾਇਦਾ ਤੇ 9/11 ਦੇ ਹਮਲਿਆਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਜਦੋਂ ਇਹ ਝੂਠ ਨਾ ਚੱਲਿਆ ਤਾਂ ਬੁਸ਼ ਤੇ ਬਲੇਅਰ ਦੀ ਹਕੂਮਤ ਨੇ 'ਮਾਰੂ ਹਥਿਆਰਾਂ' ਦਾ ਰੌਲਾ ਖੜ੍ਹਾ ਕਰ ਦਿੱਤਾ ਤੇ ਇਰਾਕ ਨੂੰ ਆਜ਼ਾਦ ਸੰਸਾਰ ਲਈ ਖ਼ਤਰਾ ਗਰਦਾਨ ਕੇ ਕਹਿ ਦਿੱਤਾ ਕਿ ਇਰਾਕ 'ਤੇ ਤੁਰੰਤ ਫੌਜੀ ਕਾਰਵਾਈ ਨਾਲ ਉੱਥੇ ਜਮਹੂਰੀ ਰਾਜ ਕਾਇਮ ਕਰ ਦਿੱਤਾ ਜਾਵੇਗਾ ਤੇ ਸਮੁੱਚੇ ਖਿੱਤੇ ਵਿੱਚ ਸ਼ਾਂਤੀ ਤੇ ਸਥਿਰਤਾ ਲਿਆਂਦੀ ਜਾਵੇਗੀ। ਇਸ ਤੋਂ ਤੁਰੰਤ ਮਗਰੋਂ ਅਮਰੀਕੀ ਫ਼ੌਜ ਨੇ ਇੱਕ ਪਿੱਠੂ ਪ੍ਰਸ਼ਾਸਕੀ ਢਾਂਚਾ ਕਾਇਮ ਕਰਕੇ ਆਰਜ਼ੀ ਹਕੂਮਤ ਬਣਾ ਦਿੱਤੀ ਜਿਸ ਨੇ ਸਾਮਰਾਜੀਆਂ ਨੂੰ ਇਰਾਕ ਦੇ ਕੁਦਰਤੀ ਵਸੀਲੇ ਲੁੱਟਣ ਲਈ ਕਾਨੂੰਨੀ ਤੌਰ 'ਤੇ ਖੁੱਲ੍ਹਾ ਹੱਥ ਦੇ ਦਿੱਤਾ। ਇਸੇ ਆਰਜ਼ੀ ਹਕੂਮਤ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਇਰਾਕ ਵਿੱਚ ਫਿਰਕਾਵਾਰ ਵੰਡੀਆਂ ਨੂੰ ਹੁਲਾਰਾ ਦੇਣਾ ਸ਼ੁਰੂ ਕਰ ਦਿੱਤਾ ਤੇ ਇਰਾਕ ਨੂੰ ਲੰਬੀ ਘਰੇਲੂ ਜੰਗ ਵੱਲ ਧੱਕ ਦਿੱਤਾ। ਚਿੱਟੀ ਫਾਸਫੋਰਸ ਜਿਹੇ ਪਾਬੰਦੀਸ਼ੁਦਾ ਹਥਿਆਰ ਤੱਕ ਵਰਤੇ ਗਏ ਜਿਨ੍ਹਾਂ ਨੇ ਲੱਖਾਂ ਬੇਦੋਸ਼ੇ ਇਰਾਕੀਆਂ ਨੂੰ ਮੌਤ ਦੇ ਘਾਟ ਉਤਾਰਿਆ। ਜਮਹੂਰੀਅਤ, ਸ਼ਾਂਤੀ ਅਤੇ ਸਥਿਰਤਾ ਜਿਹੇ ਭਰਮਾਊ ਸ਼ਬਦਾਂ ਪਿੱਛੇ ਇਰਾਕ 'ਤੇ ਹਮਲੇ ਦਾ ਕਾਰਨ ਡਾਲਰ ਦੀ ਚੌਧਰ ਨੂੰ ਬਚਾਉਣਾ, ਸੰਸਾਰ ਦੇ ਪੰਜਵੇਂ ਵੱਡੇ ਤੇਲ ਸਰੋਤਾਂ ਉੱਪਰ ਕਬਜ਼ਾ ਕਰਨਾ ਸੀ ਅਤੇ ਯੁੱਧਨੀਤਕ ਨਜ਼ਰੀਏ ਤੋਂ ਮੱਧ ਪੂਰਬ ਅੰਦਰ ਅਮਰੀਕੀ ਸਾਮਰਾਜ ਦੀ ਚੌਧਰ ਸਥਾਪਤੀ ਲਈ ਇਹ ਜ਼ਰੂਰੀ ਸੀ। ਇਰਾਕ ਵਿੱਚ ਦਸ ਲੱਖ ਤੋਂ ਵੱਧ ਬੇਕਸੂਰ ਲੋਕਾਂ ਦੀ ਮੌਤ, 90 ਲੱਖ ਤੋਂ ਵੱਧ ਲੋਕਾਂ ਦਾ ਉਜਾੜਾ, ਇਰਾਕ ਦੇ ਸਮੁੱਚੇ ਆਲ-ਜੰਜਾਲ ਢਾਂਚੇ ਦੀ ਤਬਾਹੀ, ਇੱਕ-ਤਿਹਾਈ ਤੋਂ ਵੱਧ ਗ਼ਰੀਬੀ ਦਰ ਤੇ ਅਥਾਹ ਬੇਰੁਜ਼ਗਾਰੀ ਅਮਰੀਕੀ ਸਾਮਰਾਜੀਆਂ ਨੇ ਪਿੱਛੇ ਛੱਡੀ। ਸਾਮਰਾਜੀਆਂ ਨੇ ਇਸੇ ਤਬਾਹੀ-ਬਰਬਾਦੀ ਨੂੰ ਜਮਹੂਰੀਅਤ ਦਾ ਨਾਂਅ ਦੇ ਕੇ ਆਪਣੇ ਪਾਪ ਢਕਣ ਦੀ ਕੋਸ਼ਿਸ਼ ਕੀਤੀ।

ਅਫ਼ਗਾਨਿਸਤਾਨ ਦੀ ਜੰਗ (2001-2021): 9/11 ਹਮਲੇ ਨੂੰ ਬਹਾਨਾ ਬਣਾ ਕੇ ਅਲ-ਕਾਇਦਾ ਦਾ ਖਾਤਮਾ ਕਰਨ ਦੇ ਐਲਾਨ ਨਾਲ ਅਫ਼ਗਾਨਿਸਤਾਨ ਅੰਦਰ ਜੰਗ ਸ਼ੁਰੂ ਕੀਤੀ ਗਈ ਜਦੋਂਕਿ ਇਸ ਦਾ ਅਸਲ ਨਿਸ਼ਾਨਾ ਕੇਂਦਰੀ ਏਸ਼ੀਆ ਦੇ ਮਹੱਤਵਪੂਰਨ ਭੂਗੋਲਿਕ-ਰਾਜਨੀਤਕ ਇਲਾਕੇ ਵਿੱਚ ਆਪਣੀ ਪਿੱਠੂ ਹਕੂਮਤ ਕਾਇਮ ਕਰਨਾ ਸੀ ਅਤੇ ਇਸ ਖਿੱਤੇ ਵਿੱਚੋਂ ਲੰਘਦੀਆਂ ਗੈਸ ਅਤੇ ਤੇਲ ਦੀਆਂ ਪਾਈਪਲਾਈਨਾਂ ਨੂੰ ਆਪਣੀ ਦੇਖ-ਰੇਖ ਹੇਠ ਲਿਆਉਣਾ ਸੀ।

(ਬਾਕੀ ਸਫ਼ਾ 27 'ਤੇ)

ਆਲਮੀ ਖ਼ਤਰਾ ਬਣਿਆ ਅੱਤਵਾਦ

ਅਸ਼ੋਕ ਕੁਮਾਰ

ਭਾਰਤ ਦਹਾਕਿਆਂ ਤੋਂ ਸਿੱਧੇ ਅਤੇ ਅਸਿੱਧੇ ਅੱਤਵਾਦ ਦਾ ਸਾਹਮਣਾ ਕਰਦਾ ਆਇਆ ਹੈ। ਇਹ ਲੜਾਈ ਸਾਡੇ ਲਈ ਨਵੀਂ ਨਹੀਂ ਹੈ। ਦਹਿਸ਼ਤਗਰਦੀ ਕਿੰਨੀ ਭਿਆਨਕ ਹੋ ਸਕਦੀ ਹੈ, ਇਸ ਦੀ ਇੱਕ ਉਦਾਹਰਨ ਪਿਛਲੇ ਸਾਲ ਪਹਿਲਗਾਮ ਵਿੱਚ ਹੋਇਆ ਅੱਤਵਾਦੀ ਹਮਲਾ ਸੀ ਜਿਸ ਵਿਚ ਲੋਕਾਂ ਨੂੰ ਉਨ੍ਹਾਂ ਦਾ ਮਜ਼ਹਬ ਪੁੱਛ ਕੇ ਮਾਰਿਆ ਗਿਆ ਸੀ। ਪਹਿਲਾਂ ਜਿੱਥੇ ਅੱਤਵਾਦ ਸਰਹੱਦੀ ਇਲਾਕਿਆਂ ਅਤੇ ਰਵਾਇਤੀ ਤਰੀਕਿਆਂ ਤੱਕ ਸੀਮਤ ਸੀ, ਓਥੇ ਹੀ ਹੁਣ ਇਹ ਉੱਚ ਤਕਨਾਲੋਜੀ, ਇੰਟਰਨੈੱਟ ਅਤੇ ਅੰਤਰਰਾਸ਼ਟਰੀ ਨੈੱਟਵਰਕਾਂ ਦੇ ਸਹਾਰੇ ਤੇਜ਼ੀ ਨਾਲ ਫੈਲਣ ਵਾਲਾ ਆਲਮੀ ਖ਼ਤਰਾ ਬਣ ਗਿਆ ਹੈ। ਅੱਜ ਅੱਤਵਾਦੀ ਸਿਰਫ਼ ਹਥਿਆਰਾਂ ਦੇ ਸਹਾਰੇ ਨਹੀਂ, ਸਗੋਂ ਡਿਜੀਟਲ ਮਾਧਿਅਮਾਂ, ਗੁਪਤ ਵਿੱਤੀ ਨੈੱਟਵਰਕਾਂ ਅਤੇ ਵਿਚਾਰਧਾਰਾ ਦੇ ਪ੍ਰਚਾਰ ਜ਼ਰੀਏ ਵੀ ਕੰਮ ਕਰ ਰਹੇ ਹਨ। ਇਸ ਬਦਲਦੇ ਸਰੂਪ ਨੂੰ ਸਮਝੇ ਬਿਨਾਂ ਦਹਿਸ਼ਤਗਰਦੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਣਾ ਸੰਭਵ ਨਹੀਂ ਹੈ। ਇਸੇ ਸਿਲਸਿਲੇ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਕ ਸਮੇਂ ਦੇ ਅਨੁਕੂਲ ਪਹਿਲ ਕੀਤੀ ਹੈ। ਇਸ ਨੂੰ 'ਪ੍ਰਹਾਰ' (ਜਿਸ ਦਾ ਅਰਥ ਹੈ ਪ੍ਰੋਐਕਟਿਵ ਰਿਸਪਾਂਸ ਅਗੇਂਸਟ ਹੋਸਟਾਈਲ ਐਕਟਸ) ਦਾ ਨਾਂਅ ਦਿੱਤਾ ਗਿਆ ਹੈ। ਇਹ ਕਦਮ ਦਹਿਸ਼ਤਗਰਦੀ ਨਾਲ ਨਿਪਟਣ ਵਿੱਚ ਬਾਜ਼ੀ ਪਲਟਣ ਵਾਲਾ ਦਾਅ ਸਿੱਧ ਹੋ ਸਕਦਾ ਹੈ।

ਭਾਰਤ ਨੇ ਅੱਤਵਾਦ ਨਾਲ ਲੜਾਈ ਲੜਦਿਆਂ ਕਈ ਤਜਰਬੇ ਹਾਸਲ ਕੀਤੇ ਹਨ। ਇਸ ਲੜੀ ਵਿੱਚ ਮਾਓਵਾਦ ਨਾਲ ਨਿਪਟਣ ਲਈ ਅਪਣਾਈ ਗਈ 'ਸਮਾਧਾਨ' ਧਾਰਨਾ ਇੱਕ ਸ਼ਾਨਦਾਰ ਉਦਾਹਰਨ ਹੈ। ਦ੍ਰਿੜ ਇੱਛਾ ਸ਼ਕਤੀ, ਸਪਸ਼ਟ ਰਣਨੀਤੀ, ਬਿਹਤਰ ਤਾਲਮੇਲ ਅਤੇ ਮਜ਼ਬੂਤ ਖ਼ੁਫ਼ੀਆ ਤੰਤਰ ਜ਼ਰੀਏ ਉੱਗਰਵਾਦ ਨੂੰ ਕਾਫ਼ੀ ਹੱਦ ਤੱਕ ਕਾਬੂ ਕੀਤਾ ਗਿਆ। ਇਸ ਨਾਲ ਇਹ ਸਿੱਧ ਹੋਇਆ ਕਿ ਜੇਕਰ ਨੀਤੀ ਸਪਸ਼ਟ ਹੋਵੇ ਅਤੇ ਏਜੰਸੀਆਂ ਵਿਚਕਾਰ ਤਾਲਮੇਲ ਮਜ਼ਬੂਤ ਹੋਵੇ ਤਾਂ ਜ਼ਮੀਨੀ ਪੱਧਰ 'ਤੇ ਠੋਸ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਹਾਲਾਂਕਿ, ਦਹਿਸ਼ਤਗਰਦੀ ਨਾਲ ਨਿਪਟਣ ਵਿਚ ਅੱਜ ਦੀਆਂ ਚੁਣੌਤੀਆਂ ਕਿਤੇ ਜ਼ਿਆਦਾ ਵਿਕਰਾਲ ਹਨ। ਅੱਤਵਾਦ ਮੁੱਖ ਤੌਰ 'ਤੇ ਬਾਹਰਲੀਆਂ ਤਾਕਤਾਂ ਦੁਆਰਾ ਪੋਸ਼ਿਤ ਕੀਤਾ ਜਾਂਦਾ ਹੈ। ਹੁਣ ਖਿੰਡੇ ਹੋਏ ਛੋਟੇ-ਛੋਟੇ ਧੜਿਆਂ, ਇਕੱਲੇ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਆਨਲਾਈਨ ਨੈੱਟਵਰਕ ਦੇ ਰੂਪ ਵਿੱਚ ਵੀ ਫੈਲਦਾ ਜਾ ਰਿਹਾ ਹੈ। ਇਸ ਤਰ੍ਹਾਂ ਇਹ ਇਕੱਠਾ ਜ਼ਮੀਨੀ, ਇੰਟਰਨੈੱਟ ਅਤੇ ਵਿੱਤੀ ਤੰਤਰ, ਤਿੰਨਾਂ ਪੱਧਰਾਂ 'ਤੇ ਕੰਮ ਕਰਦਾ ਹੈ। ਅਜਿਹੇ ਵਿੱਚ ਵੱਖ-ਵੱਖ ਅਤੇ ਅਸੰਗਠਿਤ ਯਤਨ ਕਾਫ਼ੀ ਨਹੀਂ ਹੋਣਗੇ। ਪ੍ਰਹਾਰ ਜਿਹੀ ਧਾਰਨਾ ਇਨ੍ਹਾਂ ਪਹਿਲੂਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ। ਇਹ ਤਕਨਾਲੋਜੀ, ਖ਼ੁਫ਼ੀਆ ਜਾਣਕਾਰੀ, ਕਾਨੂੰਨ-ਵਿਵਸਥਾ, ਵਿੱਤੀ ਨਿਗਰਾਨੀ ਅਤੇ ਅੰਤਰਰਾਸ਼ਟਰੀ ਸਹਿਯੋਗ ਵਿੱਚ ਤਾਲਮੇਲ ਨੂੰ ਯਕੀਨੀ ਬਣਾਉਂਦੀ ਹੈ। ਇਸ ਦਾ ਮਕਸਦ ਸਾਫ਼ ਹੈ-ਖ਼ਤਰੇ ਦੀ ਪਛਾਣ ਕਰਨੀ, ਉਸ ਨੂੰ ਵਧਣ ਤੋਂ ਰੋਕਣਾ ਅਤੇ ਜ਼ਰੂਰਤ ਪੈਣ 'ਤੇ ਤੁਰੰਤ ਅਤੇ ਸਖ਼ਤ ਕਾਰਵਾਈ ਕਰਨਾ। ਇਸ ਨੀਤੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦਾ ਸਮੁੱਚਾ ਦ੍ਰਿਸ਼ਟੀਕੋਣ ਹੈ। ਅੱਤਵਾਦ ਸਿਰਫ਼ ਬੰਦੂਕ ਜਾਂ ਬੰਬ ਦਾ ਮਾਮਲਾ ਨਹੀਂ ਹੈ ਸਗੋਂ ਇਹ ਇੱਕ ਸੋਚ, ਇੱਕ ਵੱਡੇ ਨੈੱਟਵਰਕ ਅਤੇ ਦੁਸ਼ਮਣ ਦੀ ਗਿਣੀ-ਮਿੱਥੀ ਸਾਜ਼ਿਸ਼ ਦਾ ਹਿੱਸਾ ਹੈ, ਇਸ ਲਈ ਇਸ ਦਾ ਹੱਲ ਵੀ ਬਹੁ-ਆਯਾਮੀ ਹੋਣਾ ਚਾਹੀਦਾ ਹੈ। ਪ੍ਰਹਾਰ ਸੱਤ ਮੁੱਖ ਸਤੰਭਾਂ 'ਤੇ ਆਧਾਰਿਤ ਹੈ ਜੋ ਇਸ ਨੂੰ ਇੱਕ ਸੰਤੁਲਿਤ ਅਤੇ ਪ੍ਰਭਾਵਸ਼ਾਲੀ ਨੀਤੀ ਬਣਾਉਂਦੇ ਹਨ। ਪਹਿਲਾ ਸਤੰਭ ਹੈ ਰੋਕਥਾਮ ਯਾਨੀ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਸਮੇਂ ਸਿਰ ਕਾਰਵਾਈ ਕਰਨੀ। ਦੂਜਾ ਸਤੰਭ ਹੈ ਪ੍ਰਤੀਕਿਰਿਆ ਜਿਸ ਵਿੱਚ ਕਿਸੇ ਘਟਨਾ 'ਤੇ ਤੁਰੰਤ ਅਤੇ ਤਾਲਮੇਲ ਵਾਲੀ ਕਾਰਵਾਈ ਕਰਨੀ। ਤੀਜਾ ਸਤੰਭ ਹੈ ਵਿਸ਼ਲੇਸ਼ਣ ਜਿਸ ਵਿੱਚ ਸਟੀਕ ਜਾਣਕਾਰੀ ਅਤੇ ਵਿਸ਼ਲੇਸ਼ਣ ਦੇ ਆਧਾਰ 'ਤੇ ਫ਼ੈਸਲਾ ਕਰਨਾ। ਚੌਥਾ ਸਤੰਭ ਹੈ ਮਨੁੱਖੀ ਹੱਕਾਂ ਦੀ ਪਾਲਣਾ ਯਾਨੀ ਕਾਨੂੰਨ ਅਤੇ ਸੰਵਿਧਾਨ ਦੇ ਦਾਇਰੇ ਵਿੱਚ

ਰਿਉੜੀ ਕਲਚਰ ਤੋਂ ਪੀੜਤ ਸਿਆਸਤ

ਤਰੁਣ ਗੁਪਤ

ਅਮਰੀਕਾ ਅਤੇ ਇਰਾਨ ਵਿਚਕਾਰ ਅਸਥਿਰ ਜੰਗਬੰਦੀ ਦੇ ਸਥਿਰ ਹੋਣ ਦੀ ਉਮੀਦ ਅਤੇ ਘਰੇਲੂ ਮੋਰਚੇ ’ਤੇ ਮਹਿਲਾ ਰਾਖਵਾਂਕਰਨ ਸਬੰਧੀ ਬਿੱਲ ਦੇ ਡਿੱਗਣ ਕਾਰਨ ਉਪਜੀ ਨਿਰਾਸ਼ਾ ਵਿਚਕਾਰ ਹੁਣ ਧਿਆਨ ਪੂਰੀ ਤਰ੍ਹਾਂ ਘਰੇਲੂ ਸਿਆਸਤ ’ਤੇ ਕੇਂਦਰਿਤ ਹੈ ਜੋ ਕਿਸੇ ਆਲਮੀ ਟਕਰਾਅ ਦੀ ਤੁਲਨਾ ਵਿੱਚ ਸਾਡੇ ਕਿਤੇ ਵੱਧ ਨਿਯੰਤਰਣ ਵਿੱਚ ਹੈ। ਇਸ ਸਾਲ ਦੇਸ਼ ਦੇ ਕਈ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ। ਹਾਲਾਂਕਿ ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਆਖ਼ਰ ਕਿਹੜੇ ਸਾਲ ਚੋਣਾਂ ਦਾ ਸਿਲਸਿਲਾ ਨਹੀਂ ਚੱਲਦਾ। ਹੁਣ ਤੱਕ ਅਸਾਮ, ਕੇਰਲ ਅਤੇ ਪੁਡੂਚੇਰੀ ਵਿੱਚ ਚੋਣਾਂ ਹੋ ਚੁੱਕੀਆਂ ਹਨ। ਬੰਗਾਲ ਅਤੇ ਤਮਿਲਨਾਡੂ ਦੀਆਂ ਚੋਣਾਂ ਵੀ ਇਸ ਮਹੀਨੇ ਨਿਪਟ ਜਾਣਗੀਆਂ। ਅਗਲੇ ਸਾਲ ਦੀ ਸ਼ੁਰੂਆਤ ਵਿੱਚ ਪੰਜਾਬ ਤੇ ਉੱਤਰਾਖੰਡ ਦੇ ਨਾਲ-ਨਾਲ ਸਿਆਸੀ ਤੌਰ ’ਤੇ ਸਭ ਤੋਂ ਮਹੱਤਵਪੂਰਨ ਉੱਤਰ ਪ੍ਰਦੇਸ਼ ਵਿੱਚ ਚੋਣਾਂ ਹੋਣੀਆਂ ਹਨ। ਜਿੱਥੇ ਇਨ੍ਹਾਂ ਚੋਣਾਂ ਵਿੱਚ ਵੋਟਰ ਸੂਚੀਆਂ ਦੇ ਵਿਸ਼ੇਸ਼ ਗਹਿਰੇ ਪੁਨਰ-ਨਿਰੀਖਣ ਯਾਨੀ ਐੱਸ.ਆਈ.ਆਰ. ਦਾ ਮੁੱਦਾ ਚਰਚਾ ਵਿੱਚ ਰਿਹਾ ਹੈ, ਓਥੇ ਹੀ ਹਮੇਸ਼ਾ ਦੀ ਤਰ੍ਹਾਂ ਧਰਮ, ਜਾਤੀ, ਖੇਤਰੀ ਪਛਾਣ ਅਤੇ ਲੋਕ ਲੁਭਾਊਵਾਦ ਆਦਿ ਰਾਹੀਂ ਵੋਟਾਂ ਬਟੋਰਨ ਦੀ ਹੋੜ ਵੀ ਸਿਆਸੀ ਪਾਰਟੀਆਂ ਵਿੱਚ ਜਾਰੀ ਹੈ। ਖੇਤਰਵਾਦ ਅਤੇ ਰਿਓੜੀਆਂ ਦੀ ਇਸ ਰਾਜਨੀਤੀ ਦਾ ਮਾੜਾ ਨਤੀਜਾ ਸੁਭਾਵਕ ਤੌਰ ’ਤੇ ਸਾਡੇ ਸਮਾਜਿਕ ਤਾਣੇ-ਬਾਣੇ ਅਤੇ ਅਰਥ-ਵਿਵਸਥਾ ਨੂੰ ਭੁਗਤਣਾ ਪੈਂਦਾ ਹੈ।

ਆਰਥਿਕ ਪ੍ਰਬੰਧਨ ਦੀ ਕਸੌਟੀ ਅਕਸਰ ਸ਼ਾਸਨ ਕਲਾ ਦੀ ਬੁਨਿਆਦੀ ਅਤੇ ਸਭ ਤੋਂ ਮਹੱਤਵਪੂਰਨ ਕੜੀ ਮੰਨੀ ਜਾਂਦੀ ਹੈ। ਭਾਰਤ ਵਿੱਚ ਕੇਂਦਰ, ਰਾਜ ਅਤੇ ਲੋਕਲ ਬਾਡੀਜ਼ ਅਦਾਰਿਆਂ ਦਾ ਕੁੱਲ ਸਾਲਾਨਾ ਖ਼ਰਚਾ 90 ਲੱਖ ਕਰੋੜ ਰੁਪਏ ਦੇ ਆਸ-ਪਾਸ ਹੈ। ਜੇਕਰ ਕੇਂਦਰ ਤੋਂ ਵਿੱਤੀ ਤਬਾਦਲੇ ਨੂੰ ਦੇਖਿਆ ਜਾਵੇ ਤਾਂ ਸੂਬਾ ਸਰਕਾਰਾਂ ਅਤੇ ਲੋਕਲ ਬਾਡੀਜ਼ ਅਦਾਰੇ ਮਿਲ ਕੇ ਲਗਪਗ 60 ਲੱਖ ਕਰੋੜ ਰੁਪਏ ਖ਼ਰਚ ਕਰਦੇ ਹਨ। ਸਥਾਨਕ ਸਰਕਾਰਾਂ ’ਤੇ ਸਿੱਧਾ ਨਿਯੰਤਰਣ ਸੂਬਾ ਸਰਕਾਰਾਂ ਦਾ ਹੁੰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਖ਼ਰਚ ਦੇ ਮੋਰਚੇ ’ਤੇ ਵੱਡੀ ਜ਼ਿੰਮੇਵਾਰੀ ਮੁੱਖ ਤੌਰ ’ਤੇ ਸੂਬਾ ਸਰਕਾਰਾਂ ਅਤੇ ਉਨ੍ਹਾਂ ਦੇ ਵਿਵੇਕ ’ਤੇ ਨਿਰਭਰ ਹੈ। ਜੇਕਰ ਸਮੁੱਚੇ ਸਰਕਾਰੀ ਖ਼ਰਚ ਦੀ ਗੱਲ ਕੀਤੀ ਜਾਵੇ ਤਾਂ ਲਗਪਗ ਅੱਠ ਲੱਖ ਕਰੋੜ ਰੁਪਏ ਤੋਂ ਵੱਧ ਦੀ ਰਕਮ ਮੁਫ਼ਤ ਰਾਸ਼ਨ, ਨਕਦੀ ਤਬਾਦਲੇ, ਖੇਤੀ ਕਰਜ਼ਾ ਮਾਫ਼ੀ ਅਤੇ ਖੇਤੀ ਸਬਸਿਡੀ ਵਰਗੀਆਂ ਸਿਆਸੀ ਰਿਓੜੀਆਂ ’ਤੇ ਹੀ ਖ਼ਰਚ ਹੁੰਦੀ ਹੈ। ਇਸ ਵਿੱਚ ਸਿੱਖਿਆ ਅਤੇ ਸਿਹਤ ਵਰਗੇ ਮਨੁੱਖੀ ਵਿਕਾਸ ਦੇ ਕੰਮਾਂ ’ਤੇ ਹੋਣ ਵਾਲਾ ਖ਼ਰਚਾ ਸ਼ਾਮਲ ਨਹੀਂ ਹੈ। ਕੀ ਰਿਓੜੀਆਂ ’ਤੇ ਹੋਣ ਵਾਲਾ ਇਹ ਖ਼ਰਚ ਕੁੱਲ ਖ਼ਰਚ ਦੇ ਅਨੁਪਾਤ ਵਿੱਚ ਬਹੁਤ ਵੱਧ ਜਾਂ ਅਸੰਤੁਲਿਤ ਹੈ? ਜੇਕਰ ਵਿਕਸਤ ਦੇਸ਼ਾਂ ਦੀ ਵਿਵਸਥਾ ਨਾਲ ਤੁਲਨਾ ਕੀਤੀ ਜਾਵੇ ਤਾਂ ਜਵਾਬ ਹੋਵੇਗਾ ‘ਨਹੀਂ’? ਵਿਕਸਤ ਦੇਸ਼ਾਂ ਵਿੱਚ ਮੁਫ਼ਤ ਸੌਗਾਤਾਂ ਦੀ ਆਪਣੀ ਇੱਕ ਵਿਸ਼ੇਸ਼ ਸੂਚੀ ਹੈ। ਉਸ ਨੂੰ ਭਾਵੇਂ ਹੀ ਸਮਾਜਿਕ ਸੁਰੱਖਿਆ ਦਾ ਨਾਂਅ ਮਿਲਿਆ ਹੋਵੇ ਪਰ ਇਹ ਸੰਕਲਪ ਉਨ੍ਹਾਂ ਲਈ ਅਨਜਾਣ ਤਾਂ ਹਰਗਿਜ਼ ਨਹੀਂ ਹੈ। ਫਿਰ ਵੀ, ਇਸ ਵਿੱਚ ਇਕ ਬੁਨਿਆਦੀ ਫ਼ਰਕ ਇਹ ਹੈ ਕਿ ਵਿਕਸਤ ਦੇਸ਼ਾਂ ਵਿੱਚ ਅਜਿਹੇ ਖ਼ਰਚ ਜਿੱਥੇ ਪੂਰੀ ਤਰ੍ਹਾਂ ਸੰਸਥਾਗਤ ਰੂਪ ਵਿੱਚ ਸਮਾਜਿਕ ਕਰਾਰ ਦਾ ਹਿੱਸਾ ਹੁੰਦੇ ਹਨ, ਉੱਥੇ ਹੀ ਭਾਰਤ ਵਿੱਚ ਇਹ ਖ਼ਰਚੇ ਮਨਮਾਨੀਆਂ ਦੀਆਂ ਮਿਸਾਲਾਂ ਹਨ ਜਿਸ ਲਈ ਚੁਣਾਵੀ ਦਬਾਅ ਤੋਂ ਉਪਜਿਆ ਮੁਕਾਬਲੇਬਾਜ਼ੀ ਵਾਲਾ ਲੋਕ ਲੁਭਾਊਵਾਦ ਹੀ ਵੱਧ ਜ਼ਿੰਮੇਵਾਰ ਹੈ। ਇਸ ਖ਼ਰਚ ਦੀ ਪ੍ਰਕਿਰਤੀ ਅਤੇ ਸਰੂਪ ਵੀ ਵੱਖੋ-ਵੱਖਰੇ ਹੁੰਦੇ ਹਨ। ਭਾਰਤ ਵਿੱਚ ਜੇਕਰ ਖੇਤੀ ਕਰਜ਼ੇ ਨਾਲ ਤੁਲਨਾ ਕੀਤੀ ਜਾਵੇ ਤਾਂ ਅਮਰੀਕਾ ਵਿੱਚ ਉਸ ਲਈ ਰਿਆਇਤੀ ਫ਼ਸਲ ਬੀਮਾ ਅਤੇ ਘੱਟ ਵਿਆਜ ’ਤੇ ਕਰਜ਼ੇ ਦੀ ਸਹੂਲਤ ਵਰਗੀਆਂ ਉਦਾਹਰਨਾਂ ਹਨ।

ਭਾਰਤ ਵਰਗੇ ਅਰਥਚਾਰੇ ਦੇ ਲਿਹਾਜ਼ ਨਾਲ ਬ੍ਰਾਜ਼ੀਲ ਦੀ ਉਦਾਹਰਨ ਲਈਏ ਤਾਂ ਉੱਥੇ ਸ਼ਰਤਾਂ ਵਾਲੇ ਨਕਦੀ ਤਬਾਦਲੇ ਦੀ ਵਿਵਸਥਾ ਹੈ ਜਿਸ ਨਾਲ ਸਕੂਲਾਂ ਵਿੱਚ ਹਾਜ਼ਰੀ ਅਤੇ ਟੀਕਾਕਰਨ ਵਰਗੇ ਮਾਪਦੰਡ ਜੁੜੇ ਹਨ। ਇਨ੍ਹਾਂ ਸਾਰੀਆਂ ਲੋਕ ਲੁਭਾਊ ਯੋਜਨਾਵਾਂ ਦਾ ਵਿੱਤੀ ਪੋਸ਼ਣ ਕਰਦਾਤਾਵਾਂ ਦੀਆਂ ਜੇਬਾਂ ਤੋਂ ਹੁੰਦਾ ਹੈ ਪਰ ਵਿਦੇਸ਼ ਵਿੱਚ ਇਸ ਲਈ ਮਜ਼ਬੂਤ ਵਿਵਸਥਾ ਹੈ। ਵਿਕਸਤ ਦੇਸ਼ਾਂ ਵਿਚ ਅਜਿਹੀਆਂ ਯੋਜਨਾਵਾਂ ਜੋਖ਼ਮ ਪ੍ਰਬੰਧਨ ਅਤੇ ਸਮਾਜਿਕ ਸਮਝੌਤਿਆਂ ਦੇ ਰੂਪ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਵਿਤਰਣ ਦਾ ਤੰਤਰ ਵੀ ਬਿਹਤਰ ਨਤੀਜੇ ਲਈ ਹੁੰਦਾ ਹੈ। ਯਾਦ ਰਹੇ ਕਿ ਕਲਿਆਣਕਾਰੀ ਰਾਜ ਦੀ ਧਾਰਨਾ ਕੋਈ ਨਵੀਂ ਜਾਂ ਅਨੋਖੀ ਨਹੀਂ ਹੈ। ਸਾਡੇ ਲਈ ਇਹੀ ਵਿਚਾਰਨਯੋਗ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੀ ਕਲਿਆਣਕਾਰੀ ਰਾਜ ਵਿਵਸਥਾ ਨੂੰ ਮੌਕੇ ਪ੍ਰਦਾਨ ਕਰਨ ਵਾਲੇ ਰਾਸ਼ਟਰ ਦੇ ਰੂਪ ਵਿਚ ਰੂਪਾਂਤ੍ਰਿਤ ਕਰਨ ਲਈ ਢੁੱਕਵੇਂ ਯਤਨ ਕਰ ਪਾ ਰਹੇ ਹਾਂ ਜਾਂ ਨਹੀਂ?

ਭਾਰਤ ਨੂੰ 2047 ਤੱਕ ਵਿਕਸਤ ਰਾਸ਼ਟਰ ਬਣਾਉਣ ਦੇ ਟੀਚੇ ਦੀ ਪੂਰਤੀ ਦਾ ਗਣਿਤ ਬਿਲਕੁਲ ਸਰਲ ਹੈ। ਇਸ ਦੇ ਲਈ ਸਾਨੂੰ ਅਗਲੇ ਦੋ ਦਹਾਕਿਆਂ ਤੱਕ ਘੱਟੋ-ਘੱਟ ਅੱਠ ਪ੍ਰਤੀਸ਼ਤ ਦੀ ਦਰ ਨਾਲ ਆਰਥਿਕ ਵਾਧਾ ਕਰਨਾ ਹੋਵੇਗਾ। ਅਜਿਹੇ ਵਿਚ, ਸਾਨੂੰ ਉਤਪਾਦਨ ਕੇਂਦਰਿਤ ਕਲਿਆਣਕਾਰੀ ਸੰਕਲਪ ਨੂੰ ਆਤਮਸਾਤ ਕਰਨਾ ਹੋਵੇਗਾ ਜਿੱਥੇ ਮਾਲੀਆ ਤਰਜੀਹਾਂ ਉਪਭੋਗ ਆਧਾਰਤ ਸਬਸਿਡੀ ਦੇ ਬਜਾਏ ਸਮਰੱਥਾ ਨਿਰਮਾਣ ਨਾਲ ਸਬੰਧਤ ਨਿਵੇਸ਼ ਵੱਲ ਮੁੜਨੀਆਂ ਚਾਹੀਦੀਆਂ ਹਨ।

ਅਨੁਮਾਨਾਂ ਮੁਤਾਬਕ ਬੁਨਿਆਦੀ ਢਾਂਚੇ ਅਤੇ ਮਨੁੱਖੀ ਵਿਕਾਸ ’ਤੇ ਖ਼ਰਚ ਕੀਤਾ ਗਿਆ ਹਰ ਰੁਪਇਆ ਜਿੱਥੇ ਜੀਡੀਪੀ ਵਿੱਚ 2.5 ਤੋਂ ਲੈ ਕੇ 4 ਰੁਪਏ ਤੱਕ ਦਾ ਗੁਣਾਂਕ ਪ੍ਰਭਾਵ ਰੱਖਦਾ ਹੈ, ਉੱਥੇ ਹੀ ਮੁਫ਼ਤ ਵਿਤਰਣ ਵਾਲੀਆਂ ਯੋਜਨਾਵਾਂ ਵਿੱਚ ਇੱਕ ਰੁਪਇਆ ਸਿਰਫ਼ 0.9 ਰੁਪਏ ਦੇ ਹਿਸਾਬ ਨਾਲ ਹੀ ਉਤਪਾਦਕਤਾ ਪ੍ਰਦਾਨ ਕਰਦਾ ਹੈ। ਕਲਿਆਣਕਾਰੀ ਖ਼ਰਚ ਸਮਾਜਿਕ ਅਤੇ ਨੈਤਿਕ ਲਾਜ਼ਮੀਅਤ ਹੈ ਪਰ ਸੁਸ਼ਾਸਨ ਲਈ ਬੁਨਿਆਦੀ ਢਾਂਚੇ, ਸਿੱਖਿਆ, ਸਿਹਤ, ਸਵੱਛਤਾ ਅਤੇ ਅਮਨ-ਕਾਨੂੰਨ ’ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੁੰਦੀ ਹੈ। ਕੀ ਸਾਡੇ ਇੱਥੇ ਚੋਣਾਂ ਇਨ੍ਹਾਂ ਮੁੱਦਿਆਂ ’ਤੇ ਲੜੀਆਂ ਜਾ ਰਹੀਆਂ ਹਨ ਅਤੇ ਉਸ ਤੋਂ ਵੀ ਮਹੱਤਵਪੂਰਨ ਇਹ ਹੈ ਕਿ ਕੀ ਸਾਡੇ ਵੋਟਰ ਇਨ੍ਹਾਂ ਮੁੱਦਿਆਂ ਨੂੰ ਤਰਜੀਹ ਦੇ ਰਹੇ ਹਨ? ਚੁਣਾਵੀ ਰਣ ਵਿੱਚ ਵਿਰਵਿਆਂ, ਲਤਾੜਿਆਂ ਦੀ ਰਾਜਨੀਤੀ, ਖੇਤਰੀ ਉਪ-ਰਾਸ਼ਟਰਵਾਦ ਅਤੇ ਆਪੋ-ਆਪਣੀਆਂ ਵੱਖੋ-ਵੱਖਰੀਆਂ ਪਛਾਣਾਂ ਅਤੇ ਲੋਕ ਲੁਭਾਊਵਾਦ ਦਾ ਬੋਲਬਾਲਾ ਆਖ਼ਰ ਕਦੋਂ ਤੱਕ ਕਾਇਮ ਰਹੇਗਾ? ਵਿਰਵੇ ਅਤੇ ਲਤਾੜੇ ਲੋਕਾਂ ਦੀ ਮਦਦ ਕਰਨਾ ਜ਼ਰੂਰੀ ਹੈ ਪਰ ਇਸ ਕ੍ਰਮ ਵਿਚ ਆਖ਼ਰੀ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਸਹਾਇਤਾ ਦੀ ਨਿਰਭਰਤਾ ਪੜਾਅਵਾਰ ਘਟਦੀ ਜਾਵੇ। ਸਵੈ-ਨਿਰਭਰਤਾ ਨਾ ਸਿਰਫ਼ ਰਾਸ਼ਟਰੀ ਸਗੋਂ ਨਿੱਜੀ ਪੱਧਰ ’ਤੇ ਵੀ ਓਨੀ ਹੀ ਉਮੀਦ ਕੀਤੀ ਜਾਂਦੀ ਅਤੇ ਜ਼ਰੂਰੀ ਹੈ। ਭੁੱਖੇ ਨੂੰ ਪੱਕਿਆ-ਪਕਾਇਆ ਭੋਜਨ ਦੇਣ ਦੇ ਬਜਾਏ ਭੋਜਨ ਬਣਾਉਣ ਦਾ ਤਰੀਕਾ ਸਿਖਾਉਣਾ ਕਿਤੇ ਵੱਧ ਲਾਭਦਾਇਕ ਹੈ।

ਸਾਡੇ ਨੀਤੀ ਘਾੜੇ ਵੱਖ-ਵੱਖ ਮੁੱਦਿਆਂ ’ਤੇ ਅਸਹਿਮਤ ਹੋ ਸਕਦੇ ਹਨ ਪਰ ਅਰਥ-ਸ਼ਾਸਤਰ ਦੇ ਮੂਲ ਸਿਧਾਂਤਾਂ ’ਤੇ ਕੋਈ ਰਾਸ਼ਟਰੀ ਸਹਿਮਤੀ ਤਾਂ ਬਣਾਉਣੀ ਹੀ ਹੋਵੇਗੀ। ਦੇਸ਼ਵਾਸੀਆਂ ਨੂੰ ਵੀ ਚੁਣਾਵੀ ਰਾਜਨੀਤੀ ਨੂੰ ਵਿਕਾਸ-ਕੇਂਦਰਿਤ ਬਣਾਉਣ ਵਿਚ ਯੋਗਦਾਨ ਦੇਣਾ ਹੋਵੇਗਾ। ਸਾਲਾਂ ਤੋਂ ਚੱਲੀ ਆ ਰਹੀ ਨਾਬਰਾਬਰੀ ਦੂਰ ਕਰਨੀ ਸ਼ਾਨਦਾਰ ਵਿਚਾਰ ਹੈ। ਸਮਾਨਤਾ ਸੰਵਿਧਾਨਕ ਸਿਧਾਂਤ ਵੀ ਹੈ ਪਰ ਆਖ਼ਰ ਸਾਡਾ ਟੀਚਾ ਕੀ ਹੋਣਾ ਚਾਹੀਦਾ ਹੈ-ਬਰਾਬਰ ਆਮਦਨ ਜਾਂ ਬਰਾਬਰ ਮੌਕੇ? ਅਸੀਂ ਗ਼ਲਤੀ ਨਾਲ ਸਮਾਜਿਕ ਨਿਆਂ ਅਤੇ ਸਮਾਜਵਾਦ ਵਿਚ ਰੌਲਾ-ਘਚੌਲਾ ਕਰ ਦਿੰਦੇ ਹਾਂ।

ਇਕ ਉੱਚੀ ਸੋਚ ਦੇ ਰੂਪ ਵਿਚ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣਾ ਜਿੰਨਾ ਜ਼ਰੂਰੀ ਹੈ, ਓਨਾ ਹੀ ਜ਼ਰੂਰੀ ਹੈ ਸਮਾਜਵਾਦ ਨੂੰ ਖ਼ਾਰਜ ਕਰਨਾ। ਸਮੁੱਚਾ ਵਿਕਾਸ ਸਾਡਾ ਟੀਚਾ ਹੈ ਪਰ ਉੱਥੇ ਪਹੁੰਚਣ ਦਾ ਰਸਤਾ ਇਕ ਨਾਕਾਮ ਮਾਡਲ ਨਹੀਂ ਹੋ ਸਕਦਾ। ਇਹ ਭੁਲਾਇਆ ਨਾ ਜਾਵੇ ਕਿ ਜਿੱਥੇ ਪੂੰਜੀਵਾਦ ਉਤਪਾਦਨ ਅਤੇ ਸਿਰਜਣਾ ਕਰਦਾ ਹੈ, ਉੱਥੇ ਹੀ ਸਮਾਜਵਾਦ ਸਿਰਫ਼ ਗ਼ੈਰ-ਉਤਪਾਦਕਤਾ ਨੂੰ ਹੱਲਾਸ਼ੇਰੀ ਦਿੰਦਾ ਹੈ।

ਕੀ ਹੈ ‘ਵੱਡਾ ਬਾਜ਼ਾਰ’ ਬਣਨ ਦੀ ਅਸਲੀਅਤ?

ਰਾਜੀਵ ਸ਼ੁਕਲਾ

ਦੁਨੀਆ ਇਸ ਸਮੇਂ ਇੱਕ ਅਜੀਬੋ-ਗ਼ਰੀਬ ਦੌਰ ’ਚੋਂ ਗੁਜ਼ਰ ਰਹੀ ਹੈ। ਕਿਤੇ ਯੁੱਧ ਚੱਲ ਰਹੇ ਹਨ, ਕਿਤੇ ਯੁੱਧ ਦੀ ਤਿਆਰੀ ਹੋ ਰਹੀ ਹੈ ਅਤੇ ਕਿਤੇ ਬਿਨਾਂ ਜੰਗ ਦੇ ਵੀ ਸਭ ਕੁਝ ਪ੍ਰਭਾਵਿਤ ਹੋ ਰਿਹਾ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਜੇ ਬਾਜ਼ਾਰ ਖੁੱਲ੍ਹਾ ਰਹੇਗਾ ਤਾਂ ਅਰਥ-ਵਿਵਸਥਾ ਚੱਲਦੀ ਰਹੇਗੀ। ਹਾਲਾਂਕਿ ਹੁਣ ਇਹ ਭਰੋਸਾ ਕਮਜ਼ੋਰ ਹੋ ਰਿਹਾ ਹੈ, ਕਿਉਂਕਿ ਅੱਜ ਦਾ ਸੰਕਟ ਸਿਰਫ਼ ਵਪਾਰ ਦਾ ਨਹੀਂ ਹੈ ਸਗੋਂ ਸਪਲਾਈ, ਸੁਰੱਖਿਆ ਅਤੇ ਭਰੋਸੇ ਦਾ ਵੀ ਹੈ।

ਅਜਿਹੇ ਸਮੇਂ ਵਿੱਚ ਭਾਰਤ ਨੂੰ ਇਹ ਸਮਝਣਾ ਹੋਵੇਗਾ ਕਿ ਉਹ ਸਿਰਫ਼ ਇੱਕ ਵੱਡਾ ਬਾਜ਼ਾਰ ਬਣ ਕੇ ਅੱਗੇ ਨਹੀਂ ਵਧ ਸਕਦਾ। ਉਦੋਂ ਤਾਂ ਹੋਰ ਵੀ ਨਹੀਂ ਜਦੋਂ ਬਾਜ਼ਾਰ ਇੱਕ ਤਾਕਤ ਦੇ ਕਬਜ਼ੇ ਵਿਚ ਰਹੇ। ਇਸ ਨਾਲ ਅਰਥ-ਵਿਵਸਥਾ ਕਦੇ ਵੀ ਡਗਮਗਾ ਸਕਦੀ ਹੈ। ਭਾਰਤ ਸਿਰਫ਼ ਇੱਕ ਵੱਡਾ ਉਪਭੋਗਤਾ ਦੇਸ਼ ਬਣਦਾ ਜਾ ਰਿਹਾ ਹੈ। ਸਾਡੇ ਕੋਲ ਨੌਜਵਾਨ ਆਬਾਦੀ ਹੈ, ਤੇਜ਼ੀ ਨਾਲ ਵਧਦਾ ਡਿਜੀਟਲ ਅਰਥਚਾਰਾ ਹੈ ਅਤੇ ਦੁਨੀਆ ਦੀਆਂ ਵੱਡੀਆਂ ਕੰਪਨੀਆਂ ਲਈ ਇੱਕ ਵੱਡਾ ਬਾਜ਼ਾਰ ਹੈ, ਪਰ ਕੀ ਸਿਰਫ਼ ਉਪਭੋਗਤਾ ਬਣ ਕੇ ਕੋਈ ਦੇਸ਼ ਮਜ਼ਬੂਤ ਬਣ ਸਕਦਾ ਹੈ?

ਜੇਕਰ ਉਤਪਾਦਨ, ਤਕਨਾਲੋਜੀ, ਊਰਜਾ ਅਤੇ ਹੋਰ ਜ਼ਰੂਰੀ ਸਰੋਤਾਂ ਦੇ ਮਾਮਲੇ ਵਿੱਚ ਸਾਡੀ ਬਾਹਰਲੀ ਨਿਰਭਰਤਾ ਬਣੀ ਰਹੇਗੀ ਤਾਂ ਥੋੜ੍ਹੀ ਜਿਹੀ ਆਲਮੀ ਹਲਚਲ ਵੀ ਸਾਨੂੰ ਹਿਲਾ ਸਕਦੀ ਹੈ ਅਤੇ ਇਸ ਦੀ ਮਿਸਾਲ ਅੱਜ ਸਾਡੇ ਸਾਹਮਣੇ ਹੈ। ਜੰਗਾਂ ਦਾ ਸਭ ਤੋਂ ਪਹਿਲਾਂ ਅਸਰ ਊਰਜਾ ’ਤੇ ਪੈਂਦਾ ਹੈ। ਤੇਲ ਅਤੇ ਗੈਸ ਦੀ ਕੀਮਤਾਂ ਵਧਦੀਆਂ ਹਨ। ਸਪਲਾਈ ਵਿੱਚ ਰੁਕਾਵਟ ਆਉਂਦੀ ਹੈ। ਇਸ ਦਾ ਪ੍ਰਭਾਵ ਆਮ ਆਦਮੀ ਦੀ ਜੇਬ ’ਤੇ ਪੈਂਦਾ ਹੈ ਪਰ ਸੰਕਟ ਇੱਥੇ ਹੀ ਖ਼ਤਮ ਨਹੀਂ ਹੁੰਦਾ।

ਇੱਕ ਹੋਰ ਵੱਡਾ ਖ਼ਤਰਾ ਡਿਜੀਟਲ ਢਾਂਚੇ ਦਾ ਹੈ। ਅੱਜ ਸਾਡੀ ਜ਼ਿੰਦਗੀ ਦਾ ਵੱਡਾ ਹਿੱਸਾ ਇੰਟਰਨੈੱਟ, ਡਾਟਾ ਅਤੇ ਕਲਾਊਡ ’ਤੇ ਟਿਕਿਆ ਹੋਇਆ ਹੈ। ਬੈਂਕਿੰਗ ਤੋਂ ਲੈ ਕੇ ਸਰਕਾਰੀ ਸੇਵਾਵਾਂ, ਪੜ੍ਹਾਈ ਤੋਂ ਲੈ ਕੇ ਵਪਾਰ, ਸਭ ਕੁਝ ਡਿਜੀਟਲ ਹੋ ਚੁੱਕਾ ਹੈ। ਅਜਿਹੇ ਵਿਚ ਜੇਕਰ ਯੁੱਧ ਕਾਰਨ ਡਾਟਾ ਸੈਂਟਰ ਪ੍ਰਭਾਵਿਤ ਹੁੰਦੇ ਹਨ, ਇੰਟਰਨੈੱਟ ਦੇ ਰਸਤਿਆਂ ’ਚ ਰੁਕਾਵਟਾਂ ਆਉਂਦੀਆਂ ਹਨ ਜਾਂ ਸਾਈਬਰ ਹਮਲੇ ਵਧਦੇ ਹਨ ਤਾਂ ਪੂਰੀ ਪ੍ਰਣਾਲੀ ਠੱਪ ਹੋ ਸਕਦੀ ਹੈ।

ਸਿਹਤ ਸੇਵਾਵਾਂ ਵੀ ਇਸ ਤੋਂ ਅਣਛੋਹੀਆਂ ਨਹੀਂ ਰਹਿ ਸਕਦੀਆਂ। ਅਸੀਂ ਅਕਸਰ ਸੋਚਦੇ ਹਾਂ ਕਿ ਹਸਪਤਾਲ ਸਿਰਫ਼ ਡਾਕਟਰਾਂ ਅਤੇ ਦਵਾਈਆਂ ਨਾਲ ਚੱਲਦੇ ਹਨ ਪਰ ਸੱਚ ਇਹ ਹੈ ਕਿ ਉਹ ਵਿਸ਼ਵ ਸਪਲਾਈ ਚੇਨ ’ਤੇ ਨਿਰਭਰ ਹੁੰਦੇ ਹਨ। ਉਦਾਹਰਨ ਵਜੋਂ ਐੱਮ.ਆਰ.ਆਈ. ਮਸ਼ੀਨ ਵਿੱਚ ਵਰਤੀ ਜਾਣ ਵਾਲੀ ਹੀਲੀਅਮ ਗੈਸ ਇੱਕ ਅਜਿਹੀ ਵਿਸ਼ੇਸ਼ ਗੈਸ ਹੈ ਜੋ ਮਸ਼ੀਨ ਨੂੰ ਸਹੀ ਤਾਪਮਾਨ ’ਤੇ ਕੰਮ ਕਰਨ ਵਿੱਚ ਮਦਦ ਕਰਦੀ ਹੈ।

ਭਾਰਤ ਆਪਣੀ ਹੀਲੀਅਮ ਦੀ ਜ਼ਰੂਰਤ ਦਾ ਵੱਡਾ ਹਿੱਸਾ ਕਤਰ ਤੋਂ ਦਰਾਮਦ ਕਰਦਾ ਹੈ। ਇਹ ਦੇਸ਼ ਦੁਨੀਆ ਦੇ ਵੱਡੇ ਹੀਲੀਅਮ ਉਤਪਾਦਕਾਂ ਵਿੱਚੋਂ ਇੱਕ ਹੈ। ਜੇਕਰ ਯੁੱਧ ਕਾਰਨ ਉੱਥੋਂ ਦੀ ਸਪਲਾਈ ਰੁਕਦੀ ਹੈ ਤਾਂ ਇਸ ਦਾ ਅਸਰ ਸਿੱਧਾ ਸਾਡੇ ਹਸਪਤਾਲਾਂ ’ਤੇ ਪਵੇਗਾ। ਜਾਂਚ ਵਿੱਚ ਦੇਰੀ ਨਾਲ ਇਲਾਜ ਮਹਿੰਗਾ ਹੋ ਸਕਦਾ ਹੈ ਅਤੇ ਕਈ ਥਾਵਾਂ ’ਤੇ ਸੇਵਾਵਾਂ ਰੁਕ ਸਕਦੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਯੁੱਧ ਦਾ ਅਸਰ ਆਮ ਨਾਗਰਿਕਾਂ ਦੇ ਇਲਾਜ ’ਤੇ ਵੀ ਪੈਂਦਾ ਹੈ। ਇਹੀ ਉਹ ਸਥਿਤੀ ਹੈ ਜੋ ਸਾਨੂੰ ਇਹ ਸੋਚਣ ’ਤੇ ਮਜਬੂਰ ਕਰਦੀ ਹੈ ਕਿ ਵਿਕਾਸ ਦਾ ਮਤਲਬ ਸਿਰਫ਼ ਬਾਜ਼ਾਰ ਨਹੀਂ ਹੋ ਸਕਦਾ।

ਬਾਜ਼ਾਰ ਜ਼ਰੂਰੀ ਹੈ ਪਰ ਉਹ ਸਭ ਕੁਝ ਨਹੀਂ ਕਰ ਸਕਦਾ। ਬਾਜ਼ਾਰ ਉੱਥੇ ਜਾਂਦਾ ਹੈ, ਜਿੱਥੇ ਫ਼ਾਇਦਾ ਹੁੰਦਾ ਹੈ ਪਰ ਦੇਸ਼ ਨੂੰ ਉਨ੍ਹਾਂ ਥਾਵਾਂ ’ਤੇ ਵੀ ਕੰਮ ਕਰਨਾ ਪੈਂਦਾ ਹੈ ਜਿੱਥੇ ਫ਼ਾਇਦਾ ਤੁਰੰਤ ਨਹੀਂ ਦਿਖਾਈ ਦਿੰਦਾ ਪਰ ਉਨ੍ਹਾਂ ਖੇਤਰਾਂ ਦੀ ਮਹੱਤਤਾ ਘੱਟ ਨਹੀਂ ਹੁੰਦੀ। ਜਿਵੇਂ ਕਿ ਬੁਨਿਆਦੀ ਢਾਂਚਾ, ਸਿਹਤ, ਸਿੱਖਿਆ, ਊਰਜਾ ਅਤੇ ਰਿਸਰਚ। ਜੇਕਰ ਇਨ੍ਹਾਂ ਖੇਤਰਾਂ ਨੂੰ ਪੂਰੀ ਤਰ੍ਹਾਂ ਬਾਜ਼ਾਰ ਦੇ ਭਰੋਸੇ ਛੱਡ ਦਿੱਤਾ ਜਾਵੇ ਤਾਂ ਅਸਮਾਨਤਾ ਵਧੇਗੀ ਅਤੇ ਦੇਸ਼ ਕਮਜ਼ੋਰ ਹੋਵੇਗਾ। ਇਸੇ ਕਾਰਨ ਜਵਾਹਰਲਾਲ ਨਹਿਰੂ ਨੇ ਸਮਝਿਆ ਸੀ ਕਿ ਇੱਕ ਨਵੇਂ ਦੇਸ਼ ਨੂੰ ਆਪਣੇ-ਆਪ ਨੂੰ ਮਜ਼ਬੂਤ ਬਣਾਉਣ ਲਈ ਸਰਕਾਰ ਦੀ ਭੂਮਿਕਾ ਜ਼ਰੂਰੀ ਹੈ। ਉਨ੍ਹਾਂ ਨੇ ਉਦਯੋਗ, ਬਿਜਲੀ, ਵਿਗਿਆਨਕ ਸੰਸਥਾਵਾਂ ਅਤੇ ਜਨਤਕ ਖੇਤਰ ’ਤੇ ਜ਼ੋਰ ਦਿੱਤਾ ਤਾਂ ਜੋ ਦੇਸ਼ ਆਪਣੇ ਪੈਰਾਂ ’ਤੇ ਖੜ੍ਹਾ ਹੋ ਸਕੇ। ਉਨ੍ਹਾਂ ਦਾ ਟੀਚਾ ਸਿਰਫ਼ ਆਰਥਿਕ ਵਿਕਾਸ ਨਹੀਂ, ਸਗੋਂ ਅਜਿਹੀ ਵਿਵਸਥਾ ਬਣਾਉਣਾ ਸੀ ਜੋ ਸੰਕਟ ਦੇ ਸਮੇਂ ਵੀ ਟਿਕ ਸਕੇ।

ਬਾਹਰਲੀ ਦੁਨੀਆ ਨਾਲ ਤਾਲਮੇਲ ਦੀ ਕੜੀ ਮੰਨੀ ਜਾਣ ਵਾਲੀ ਵਿਦੇਸ਼ ਨੀਤੀ ਵਿਚ ਵੀ ਅੱਜ ਅਸੰਤੁਲਨ ਦਿਖਾਈ ਦਿੰਦਾ ਹੈ। ਇੱਕ ਪਾਸੇ ਅਸੀਂ ਸੁਤੰਤਰ ਨਿਰਣਿਆਂ ਦੀ ਗੱਲ ਕਰਦੇ ਹਾਂ ਪਰ ਕਈ ਵਾਰ ਵਿਵਹਾਰ ਵਿੱਚ ਝੁਕਾਅ ਜ਼ਿਆਦਾ ਸਪਸ਼ਟ ਦਿਖਾਈ ਦਿੰਦਾ ਹੈ। ਪੱਛਮੀ ਦੇਸ਼ਾਂ ਨਾਲ ਵਧਦੀ ਨਜ਼ਦੀਕੀ ਜ਼ਰੂਰੀ ਹੋ ਸਕਦੀ ਹੈ ਪਰ ਜੇਕਰ ਸੰਤੁਲਨ ਵਿਗੜਦਾ ਹੈ ਤਾਂ ਸਾਡੇ ਪਰੰਪਰਾਗਤ ਸਬੰਧ ਕਮਜ਼ੋਰ ਹੋ ਸਕਦੇ ਹਨ।

ਵਿਦੇਸ਼ ਨੀਤੀ ਦੀ ਤਾਕਤ ਇਸੇ ਵਿੱਚ ਹੁੰਦੀ ਹੈ ਕਿ ਉਹ ਸਾਰੀਆਂ ਧਿਰਾਂ ਨਾਲ ਸਬੰਧ ਬਣਾਈ ਰੱਖੇ। ਅਸੰਤੁਲਨ ਇਹ ਵੀ ਹੈ ਕਿ ਵਿਦੇਸ਼ ਨੀਤੀ ਅਤੇ ਆਰਥਿਕ ਨੀਤੀ ਵਿਚਕਾਰ ਹਮੇਸ਼ਾ ਸਪਸ਼ਟ ਤਾਲਮੇਲ ਨਹੀਂ ਦਿਖਾਈ ਦਿੰਦਾ। ਅਸੀਂ ਵਿਸ਼ਵ ਪੱਧਰੀ ਮੰਚਾਂ ’ਤੇ ਸੁਤੰਤਰ ਰੁਖ਼ ਦੀ ਗੱਲ ਕਰਦੇ ਹਾਂ ਪਰ ਵਪਾਰ ਅਤੇ ਤਕਨੀਕ ਦੇ ਮਾਮਲਿਆਂ ਵਿੱਚ ਕੁਝ ਖ਼ਾਸ ਦੇਸ਼ਾਂ ’ਤੇ ਨਿਰਭਰਤਾ ਵਧਦੀ ਜਾ ਰਹੀ ਹੈ। ਇਹ ਸਥਿਤੀ ਭਵਿੱਖ ਵਿਚ ਜੋਖ਼ਮ ਪੈਦਾ ਕਰ ਸਕਦੀ ਹੈ, ਖ਼ਾਸ ਕਰਕੇ ਉਦੋਂ ਜਦੋਂ ਦੁਨੀਆ ਪਹਿਲਾਂ ਹੀ ਬੇਯਕੀਨੀ ਨਾਲ ਭਰੀ ਹੋਵੇ। ਇੱਕ ਮਜ਼ਬੂਤ ਵਿਦੇਸ਼ ਨੀਤੀ ਉਹੀ ਹੁੰਦੀ ਹੈ ਜੋ ਹਰ ਸਥਿਤੀ ਵਿੱਚ ਦੇਸ਼ ਦੇ ਹਿੱਤਾਂ ਦੀ ਰੱਖਿਆ ਕਰੇ ਅਤੇ ਕਿਸੇ ਇੱਕ ਦਿਸ਼ਾ ’ਤੇ ਹੱਦੋਂ ਵੱਧ ਨਿਰਭਰਤਾ ਤੋਂ ਬਚੇ। ਅੱਜ ਦੁਨੀਆ ਕਈ ਖੇਮਿਆਂ ਵਿੱਚ ਵੰਡੀ ਹੋਈ ਹੈ।

ਵੱਡੇ ਦੇਸ਼ ਆਪਣੇ ਹਿਸਾਬ ਨਾਲ ਫ਼ੈਸਲੇ ਲੈ ਰਹੇ ਹਨ। ਅਜਿਹੇ ਵਿੱਚ ਭਾਰਤ ਨੂੰ ਸਾਵਧਾਨੀ ਨਾਲ ਚੱਲਣਾ ਹੋਵੇਗਾ। ਅਸੀਂ ਸਭਨਾਂ ਨਾਲ ਸਬੰਧ ਰੱਖਣੇ ਹਨ ਪਰ ਕਿਸੇ ਇਕ ’ਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਹੋਣਾ। ਇਹ ਸੰਤੁਲਨ ਸਾਡੀ ਤਾਕਤ ਹੋ ਸਕਦੀ ਹੈ। ਅੱਜ ਸਵੈ-ਨਿਰਭਰਤਾ ਦਾ ਮਤਲਬ ਸਿਰਫ਼ ਕਾਰਖਾਨੇ ਲਗਾਉਣਾ ਨਹੀਂ ਹੈ। ਇਸ ਦਾ ਅਰਥ ਹੈ ਕਿ ਅਸੀਂ ਜ਼ਰੂਰੀ ਚੀਜ਼ਾਂ ਲਈ ਪੂਰੀ ਤਰ੍ਹਾਂ ਵਿਦੇਸ਼ ’ਤੇ ਨਿਰਭਰ ਨਾ ਰਹੀਏ। ਸਾਨੂੰ ਊਰਜਾ ਦੇ ਵੱਖ-ਵੱਖ ਸਰੋਤਾਂ ਦੀ ਲੋੜ ਹੈ, ਡਿਜੀਟਲ ਢਾਂਚਾ ਆਪਣੇ ਨਿਯੰਤਰਣ ਵਿੱਚ ਚਾਹੀਦਾ ਹੈ, ਜ਼ਰੂਰੀ ਦਵਾਈਆਂ ਅਤੇ ਮੈਡੀਕਲ ਸਾਜ਼ੋ-ਸਾਮਾਨ ਦੇਸ਼ ਵਿੱਚ ਬਣਨੇ ਚਾਹੀਦੇ ਹਨ। ਸਾਨੂੰ ਤਕਨਾਲੋਜੀ ਵਿੱਚ ਵੀ ਸਮਰੱਥਾਵਾਂ ਵਧਾਉਣੀਆਂ ਹੋਣਗੀਆਂ। ਇਹ ਸਭ ਬਾਜ਼ਾਰ ਆਪਣੇ-ਆਪ ਨਹੀਂ ਕਰੇਗਾ। ਇਸ ਲਈ ਨੀਤੀ, ਨਿਵੇਸ਼ ਅਤੇ ਯੋਜਨਾ ਦੀ ਜ਼ਰੂਰਤ ਹੁੰਦੀ ਹੈ। ਇਸ ਰਾਹ ਵਿੱਚ ਇੱਕ ਚੁਣੌਤੀ ਇਹ ਵੀ ਹੈ ਕਿ ਵਿਕਾਸ ਦੀ ਚਾਹਤ ਵਿੱਚ ਆਪਣੀ ਸੁਰੱਖਿਆ ਅਤੇ ਸੁਤੰਤਰਤਾ ਨੂੰ ਕਮਜ਼ੋਰ ਨਾ ਹੋਣ ਦੇਈਏ। ਜੇਕਰ ਅਸੀਂ ਸਿਰਫ਼ ਬਾਜ਼ਾਰ ’ਤੇ ਭਰੋਸਾ ਕਰਾਂਗੇ ਤਾਂ ਸ਼ਾਇਦ ਕੁਝ ਸਮੇਂ ਲਈ ਤੇਜ਼ੀ ਦਿਖਾਈ ਦੇਵੇਗੀ ਪਰ ਲੰਬੇ ਸਮੇਂ ਵਿੱਚ ਜੋਖ਼ਮ ਵਧ ਜਾਵੇਗਾ।

(ਬਾਕੀ ਸਫ਼ਾ 27 ’ਤੇ)

ਮੌਸਮ ਬਚਾਉਣ ਲਈ ਹੋਵੇ ਵਿਸ਼ਵ ਅੰਦੋਲਨ

ਡਾ. ਅਰੁਣ ਮਿੱਤਰਾ



ਜਿਵੇਂ ਕਿ ਦੁਨੀਆ ਭਰ ਵਿੱਚ ਤਾਪਮਾਨ ਵਧ ਰਿਹਾ ਹੈ, ਗਲੇਸ਼ੀਅਰਾਂ ਦਾ ਪਿਘਲਣਾ, ਤੂਫ਼ਾਨਾਂ ਦੀ ਵਧਦੀ ਤੀਬਰਤਾ, ਅਨਿਯਮਿਤ ਅਤੇ ਬੇਮੌਸਮੀ ਬਾਰਿਸ਼ਾਂ ਅਤੇ ਸਮੁੰਦਰ ਦੇ ਪੱਧਰ ਵਿੱਚ ਵਾਧਾ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਹੇ ਹਨ। ਮੌਸਮੀ ਤਬਦੀਲੀ ਹੁਣ ਮੌਸਮੀ ਸੰਕਟ ਤੋਂ ਅੱਗੇ ਵਧ ਕੇ ਮੌਸਮੀ ਅਫਰਾਤਫਰੀ ਵਿੱਚ ਦਾਖਲ ਹੋ ਚੁੱਕੀ ਹੈ।

ਮੌਸਮੀ ਅਫਰਾ ਤਫਰੀ – ਹਿੰਸਾ ਇਸ ਨੂੰ ਕਿਵੇਂ ਵਧਾਉਂਦੀ ਹੈ ਅਤੇ ਤਬਦੀਲੀ ਦਾ ਰਾਹ ਦੇ ਲੇਖਕ ਹਸਨ ਅਬਦੁੱਲਾ ਨੇ ਮੌਜੂਦਾ ਹਾਲਾਤ ਨੂੰ ਸਿਰਫ ਮੌਸਮੀ ਸੰਕਟ ਨਹੀਂ, ਸਗੋਂ ਮੌਸਮੀ ਅਫਰਾ ਤਫਰੀ ਵਜੋਂ ਬਹੁਤ ਹੀ ਠੀਕ ਢੰਗ ਨਾਲ ਵਰਣਨ ਕੀਤਾ ਹੈ। 10 ਅਪ੍ਰੈਲ, 2026 ਨੂੰ ਪੁਸਤਕ ਜਾਰੀ ਕਰਨ ਸਮੇਂ ਉਨ੍ਹਾਂ ਨੇ ਇਸ ਮੁੱਦੇ ਦੇ ਦਾਰਸ਼ਨਿਕ ਪੱਖ ਨੂੰ ਸਮਝਾਇਆ ਅਤੇ ਹਥਿਆਰਾਂ ਦੀ ਦੌੜ ਨੂੰ ਗ੍ਰੀਨਹਾਊਸ ਗੈਸਾਂ ਦੇ ਉਤਸਰਜਨ ਦਾ ਵੱਡਾ ਕਾਰਕ ਦੱਸਿਆ।

ਮੌਸਮੀ ਅਫਰਾ ਤਫਰੀ ਉਹ ਹਕੀਕਤ ਹੈ ਜਿਸ ਵਿੱਚ ਅਸੀਂ ਅੱਜ ਜੀ ਰਹੇ ਹਾਂ। ਇਹ ਕੋਈ ਦੂਰ ਦੀ ਜਾਂ ਸਿਧਾਂਤਕ ਖ਼ਤਰਾ ਨਹੀਂ ਹੈ, ਸਗੋਂ ਤੀਬਰ ਮੌਸਮੀ ਘਟਨਾਵਾਂ, ਵਧਦੇ ਤਾਪਮਾਨ, ਵਾਤਾਵਰਨੀ ਤਬਾਹੀ ਅਤੇ ਵਧ ਰਹੀ ਅਸਮਾਨਤਾ ਦਾ ਸਿੱਧਾ ਅਨੁਭਵ ਹੈ। ਪਰ ਇਸ ਸੰਕਟ ਨੂੰ ਹੋਰ ਗੰਭੀਰ ਬਣਾਉਂਦਾ ਤੱਥ ਇਹ ਹੈ ਕਿ ਇਹ ਸਭ ਕੁਝ ਯੁੱਧਾਂ, ਸੈਨਿਕੀਕਰਨ ਅਤੇ ਵਿਸ਼ਵ ਪੱਧਰੀ ਹਥਿਆਰਾਂ ਦੀ ਦੌੜ ਨਾਲ ਇਕੱਠੇ ਚੱਲ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਇਸ ਪੱਖ ਨੂੰ ਵੱਖ-ਵੱਖ ਅੰਤਰਰਾਸ਼ਟਰੀ ਕਾਨਫਰੰਸਾਂ, ਸਮਝੌਤਿਆਂ ਅਤੇ ਵਿਚਾਰ-ਵਟਾਂਦਰਿਆਂ ਵਿੱਚ ਅਕਸਰ ਨਜ਼ਰਅੰਦਾਜ਼ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਮੌਸਮੀ ਤਬਦੀਲੀ ਫ੍ਰੇਮਵਰਕ ਕਨਵੈਨਸ਼ਨ ਅਤੇ ਪੈਰਿਸ ਸਮਝੌਤੇ ਵਰਗੇ ਮਹੱਤਵਪੂਰਨ ਸਮਝੌਤਿਆਂ ਨੇ ਮੌਸਮੀ ਕਾਰਵਾਈ ਵਿੱਚ ਅਹਿਮ ਭੂਮਿਕਾ ਨਿਭਾਈ ਹੈ, ਪਰ ਉਨ੍ਹਾਂ ਵਿੱਚ ਸੈਨਿਕ ਉਤਸਰਜਨ ਅਤੇ ਯੁੱਧਾਂ ਦੇ ਪਰਿਆਵਰਣੀ ਪ੍ਰਭਾਵ ਨੂੰ ਲਗਭਗ ਅਣਡਿੱਠਾ ਕੀਤਾ ਗਿਆ ਹੈ। ਨਵੰਬਰ 2026 ਵਿੱਚ ਤੁਰਕੀ ਦੇ ਅੰਤਾਲਿਆ ਵਿੱਚ ਹੋਣ ਵਾਲੀ ਵਾਤਾਵਰਨ ਦੇ ਮੁੱਦੇ ਤੇ ਅੰਤਰਰਾਸ਼ਟਰੀ ਕਾਨਫਰੰਸ ਨੂੰ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਛੋਟੇ ਹਥਿਆਰਾਂ ਦੇ ਫੈਲਾਅ ’ਤੇ ਰੋਕ ਅਤੇ ਪ੍ਰਮਾਣੂ ਹਥਿਆਰਾਂ ਦੇ ਪੂਰਨ ਖ਼ਾਤਮੇ ਦੀ ਲੋੜ ’ਤੇ ਜ਼ੋਰ ਦੇਣਾ ਚਾਹੀਦਾ ਹੈ।

ਕੁਦਰਤੀ ਸਰੋਤਾਂ ’ਤੇ ਕਬਜ਼ਾ ਕਰਨ ਦਾ ਲਾਲਚ ਅਤੇ ਐਸ਼ ਪ੍ਰਸਤੀ ਭਰੀ ਜ਼ਿੰਦਗੀ ਦੀ ਲਾਲਸਾ, ਬੇਸਮਝ ਖਪਤ ਅਤੇ ਵਧਦੇ ਕਾਰਬਨ ਫੁੱਟਪ੍ਰਿੰਟ ਦਾ ਕਾਰਨ ਬਣਦੀ ਹੈ। ਵਿਸ਼ਵ ਪੱਧਰ ’ਤੇ, ਭੂ-ਰਾਜਨੀਤਕ ਹਕੂਮਤਾਂ ਦੀ ਸਾਮਰਾਜਵਾਦੀ ਲਾਲਸਾ ਯੁੱਧਾਂ ਅਤੇ ਟਕਰਾਵਾਂ ਨੂੰ ਜਨਮ ਦਿੰਦੀ ਹੈ। ਸਮਾਜਕ ਸਮੱਸਿਆਵਾਂ ਲਈ ਧਰਮ, ਜਾਤੀ, ਭਾਸ਼ਾ ਜਾਂ ਕੌਮੀਅਤ ਦੇ ਆਧਾਰ ’ਤੇ ਕੁਝ ਸਮੂਹਾਂ ਨੂੰ ਦੋਸ਼ੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਸਾਨੂੰ ਸਾਂਝੀ ਮਨੁੱਖਤਾ ਤੋਂ ਦੂਰ ਕਰਦੀ ਹੈ ਅਤੇ ਟਕਰਾਵਾਂ ਨੂੰ ਵਧਾਉਂਦੀ ਹੈ। ਇਤਿਹਾਸ ਇਸ ਦੀਆਂ ਮਿਸਾਲਾਂ ਦਿੰਦਾ ਹੈ ਅਤੇ ਠੰਢੇ ਯੁੱਧ ਦੌਰਾਨ ਅਮਰੀਕਾ ਨੇ ਸੋਵੀਅਤ ਯੂਨੀਅਨ ਨੂੰ ਦੂਸਰੇ (ਭਾਵ ਕਿ ਇਹ ਆਪਣੇ ਨਹੀਂ) ਵਜੋਂ ਦੇਖਿਆ, ਅਤੇ ਬਾਅਦ ਵਿਚ ਨਵੇਂ ਮਨਘੜਤ ਦੁਸ਼ਮਣ ਤਿਆਰ ਕੀਤੇ ਗਏ, ਖ਼ਾਸ ਕਰਕੇ ਦੁਨੀਆ ਦੇ ਇਸਲਾਮੀ ਹਿੱਸਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਅੱਜ ਦੁਨੀਆ ਦੇ ਕਈ ਖੇਤਰਾਂ ਵਿਚ ਯੁੱਧ ਜਾਰੀ ਹਨ ਅਤੇ ਪੱਛਮੀ ਏਸ਼ੀਆ ਵਿਚ ਤਬਾਹੀ, ਲਿਬਨਾਨ ’ਤੇ ਹਮਲੇ, ਇਰਾਨ ਨਾਲ ਤਣਾਅ, ਯੂਕਰੇਨ ਵਿੱਚ ਲੰਮਾ ਯੁੱਧ ਅਤੇ ਸੁਡਾਨ, ਸੋਮਾਲੀਆ, ਕਾਂਗੋ ਅਤੇ ਸਾਹਲੀ ਖੇਤਰ ਵਿੱਚ ਅੰਦਰੂਨੀ ਸੰਘਰਸ਼ ਇਸ ਦੀਆਂ ਉਦਾਹਰਨਾਂ ਹਨ।

ਇਹ ਯੁੱਧ ਅਚਾਨਕ ਨਹੀਂ ਹੁੰਦੇ; ਇਹ ਭੂ-ਰਾਜਨੀਤਕ ਹਕੂਮਤ ਅਤੇ ਕੁਦਰਤੀ ਸਰੋਤਾਂ ’ਤੇ ਕਬਜ਼ੇ ਲਈ ਲੜਾਈਆਂ ਨਾਲ ਜੁੜੇ ਹੁੰਦੇ ਹਨ। ਇਸ ਦੇ ਨਤੀਜੇ ਆਮ ਲੋਕਾਂ, ਵਾਤਾਵਰਨ ਅਤੇ ਭਵਿੱਖੀ ਪੀੜ੍ਹੀਆਂ ਨੂੰ ਭੁਗਤਣੇ ਪੈਂਦੇ ਹਨ। ਜਿੱਥੇ ਅਸੀਂ ਯੁੱਧਾਂ ਦੇ ਮਨੁੱਖੀ ਨੁਕਸਾਨ ਅਤੇ ਮੌਤਾਂ, ਚੋਟਾਂ, ਬੇਘਰਤਾ ਅਤੇ ਮਨੋਵਿਗਿਆਨਕ ਸੰਕਟਾਂ ਬਾਰੇ ਚਿੰਤਤ ਹਾਂ, ਉੱਥੇ ਸਾਨੂੰ ਇਸ ਦੇ ਵਾਤਾਵਰਨੀ ਪ੍ਰਭਾਵ ਨੂੰ ਵੀ ਸਮਝਣਾ ਹੋਵੇਗਾ।

ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਸੈਨਿਕ ਕਾਰਵਾਈਆਂ ਮੌਸਮੀ ਤਬਦੀਲੀ ਵਿੱਚ ਵੱਡਾ ਯੋਗਦਾਨ ਪਾਉਂਦੀਆਂ ਹਨ। ਵਿਸ਼ਵ ਸੈਨਿਕ ਖੇਤਰ ਕੁੱਲ ਗ੍ਰੀਨਹਾਊਸ ਗੈਸ ਉਤਸਰਜਨ ਦਾ ਲਗਭਗ 56 ਫ਼ੀਸਦੀ ਹਿੱਸਾ ਹਨ। ਜੇ ਇਸ ਨੂੰ ਇੱਕ ਦੇਸ਼ ਮੰਨਿਆ ਜਾਵੇ, ਤਾਂ ਇਹ ਸਭ ਤੋਂ ਵੱਡੇ ਉਤਸਰਜਕਾਂ ਵਿੱਚ ਸ਼ਾਮਲ ਹੋਵੇਗਾ।

ਆਧੁਨਿਕ ਫ਼ੌਜਾਂ ਸਭ ਤੋਂ ਵੱਧ ਊਰਜਾ ਖਪਤ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਹਨ। ਲੜਾਕੂ ਜਹਾਜ਼, ਜੰਗੀ ਜਹਾਜ਼, ਟੈਂਕ ਅਤੇ ਵਾਹਨ ਵੱਡੀ ਮਾਤਰਾ ਵਿੱਚ ਜ਼ਮੀਨੀ ਈਂਧਨ (ਫੌਸਿਲ ਫਿਊਲ) ਵਰਤਦੇ ਹਨ। ਇਸ ਤੋਂ ਇਲਾਵਾ ਹਥਿਆਰਾਂ ਦੀ ਉਤਪਾਦਨ ਪ੍ਰਕਿਰਿਆ ਵੀ ਬਹੁਤ ਊਰਜਾ-ਖਪਤ ਵਾਲੀ ਹੈ ਅਤੇ ਪ੍ਰਦੂਸ਼ਣ ਪੈਦਾ ਕਰਦੀ ਹੈ। ਯੁੱਧ ਜੰਗਲਾਂ, ਖੇਤੀਬਾੜੀ ਜ਼ਮੀਨਾਂ ਅਤੇ ਪਾਣੀ ਦੇ ਸਰੋਤਾਂ ਨੂੰ ਤਬਾਹ ਕਰਦੇ ਹਨ। ਜੰਗਲ ਸੜਦੇ ਹਨ, ਖੇਤੀ ਪ੍ਰਣਾਲੀਆਂ ਤਬਾਹ ਹੋ ਜਾਂਦੀਆਂ ਹਨ, ਤੇਲ ਦੇ ਖੂਹਾਂ ਨੂੰ ਅੱਗ ਲਗਾਈ ਜਾਂਦੀ ਹੈ। ਜੰਗ ਖਤਮ ਹੋਣ ਤੋਂ ਬਾਅਦ ਵੀ ਤਬਾਹੀ ਜਾਰੀ ਰਹਿੰਦੀ ਹੈ, ਕਿਉਂਕਿ ਦੁਬਾਰਾ ਨਿਰਮਾਣ ਦੀ ਪ੍ਰਕਿਰਿਆ ਵੀ ਕਾਰਬਨ ਉਤਸਰਜਨ ਵਧਾਉਂਦੀ ਹੈ। ਇਸ ਤਰ੍ਹਾਂ ਸੈਨਿਕੀਕਰਨ ਕਈ ਤਰੀਕਿਆਂ ਨਾਲ ਮੌਸਮੀ ਤਬਦੀਲੀ ਨੂੰ ਵਧਾਉਂਦਾ ਹੈ ਅਸਿੱਧੇ ਉਤਸਰਜਨ, ਉਦਯੋਗਿਕ ਪ੍ਰਦੂਸ਼ਣ, ਵਾਤਾਵਰਨੀ ਤਬਾਹੀ ਅਤੇ ਦੁਬਾਰਾ ਨਿਰਮਾਣ ਸਾਰਿਆਂ ਵਿਚ ਊਰਜਾ ਦੀ ਖਪਤ ਹੁੰਦੀ ਹੈ। ਇਸ ਦੇ ਬਾਵਜੂਦ ਵਿਸ਼ਵ ਮੌਸਮੀ ਨੀਤੀਆਂ ਵਿਚ ਇਸ ਬਾਰੇ ਖ਼ਾਮੋਸ਼ੀ ਚਿੰਤਾਜਨਕ ਹੈ। ਰਾਸ਼ਟਰੀ ਸੁਰੱਖਿਆ ਦੇ ਨਾਂਅ ’ਤੇ ਸੈਨਿਕ ਉਤਸਰਜਨ ਨੂੰ ਰਿਪੋਰਟ ਕਰਨ ਤੋਂ ਛੂਟ ਮਿਲਣ ਲਈ ਬਹਾਨੇ ਕੀਤੇ ਜਾਂਦੇ ਹਨ।

2025 ਵਿੱਚ ਵਿਸ਼ਵ ਸੈਨਿਕ ਖਰਚਾ 2.6 ਟ੍ਰਿਲੀਅਨ ਡਾਲਰ ਸੀ, ਜਿਸ ਵਿਚੋਂ ਸਿਰਫ਼ ਅਮਰੀਕਾ ਨੇ ਹੀ 997 ਬਿਲੀਅਨ ਡਾਲਰ ਤੋਂ ਵੱਧ ਖਰਚ ਕੀਤਾ। ਜੇ ਇਸ ਦਾ ਥੋੜ੍ਹਾ ਹਿੱਸਾ ਵੀ ਸਾਫ਼ ਊਰਜਾ, ਸਿਹਤ ਅਤੇ ਮੌਸਮੀ ਕਾਰਵਾਈ ’ਤੇ ਲਗਾਇਆ ਜਾਵੇ, ਤਾਂ ਵੱਡਾ ਬਦਲਾਅ ਆ ਸਕਦਾ ਹੈ। ਇਸ ਦੀ ਬਜਾਏ, ਹਥਿਆਰਾਂ ਦੀ ਦੌੜ ਵਿੱਚ ਤੇਜ਼ੀ ਅਤੇ ਪਰਮਾਣੂ ਹਥਿਆਰਾਂ ਦੇ ਫੈਲਾਅ ਵਿਚ ਵਾਧਾ ਹੋ ਰਿਹਾ ਹੈ। ਇੱਕ ਸੀਮਿਤ ਪ੍ਰਮਾਣੂ ਯੁੱਧ ਵੀ ਵਿਸ਼ਵ ਪੱਧਰੀ ਭੁੱਖਮਰੀ ਅਤੇ ਮੌਸਮੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

ਨਿਊਕਲੀਅਰ ਵਿੰਟਰ (ਪ੍ਰਮਾਣੂ ਸਰਦੀ) ਹੁਣ ਸਿਰਫ ਸਿਧਾਂਤ ਨਹੀਂ ਰਹਿ ਗਿਆ ਸਗੋਂ ਇੱਕ ਹਕੀਕਤ ਹੈ। ਇਕ ਖੇਤਰੀ ਪਰਮਾਣੂ ਯੁੱਧ ਵੀ ਸੂਰਜ ਦੀ ਰੋਸ਼ਨੀ ਨੂੰ ਰੋਕ ਸਕਦਾ ਹੈ, ਤਾਪਮਾਨ ਘਟਾ ਸਕਦਾ ਹੈ ਅਤੇ ਖੇਤੀ ਪ੍ਰਣਾਲੀ ਨੂੰ ਨਸ਼ਟ ਕਰ ਸਕਦਾ ਹੈ, ਜਿਸ ਨਾਲ ਅਰਬਾਂ ਲੋਕ ਪ੍ਰਭਾਵਿਤ ਹੋ ਸਕਦੇ ਹਨ। ਇਸ ਲਈ ਪਰਮਾਣੂ ਹਥਿਆਰਾਂ ਦਾ ਸੰਪੂਰਨ ਖਾਤਮਾ ਸਿਰਫ ਸ਼ਾਂਤੀ ਦਾ ਨਹੀਂ, ਸਗੋਂ ਮੌਸਮ ਅਤੇ ਜਨਤਕ ਸਿਹਤ ਦਾ ਵੀ ਮੁੱਦਾ ਹੈ। ਜੇ ਅਸੀਂ ਮੌਸਮੀ ਤਬਦੀਲੀ ਨਾਲ ਗੰਭੀਰਤਾ ਨਾਲ ਨਿਪਟਣਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੀ ਸੋਚ ਨੂੰ ਵਿਸਤਾਰਨਾ ਪਵੇਗਾ। ਸਾਨੂੰ ਸੈਨਿਕੀਕਰਨ ਨੂੰ ਵੀ ਇਸ ਵਿਚ ਸ਼ਾਮਲ ਕਰਨਾ ਹੋਵੇਗਾ। ਅਸੀਂ ਮੌਸਮੀ ਨਿਆਂ, ਸੈਨਿਕੀਕਰਨ ਨੂੰ ਘਟਾਏ ਬਿਨਾਂ ਹਾਸਲ ਨਹੀਂ ਕਰ ਸਕਦੇ। ਇਸ ਲਈ ਨੀਤੀਗਤ ਬਦਲਾਅ ਦੀ ਲੋੜ ਹੈ। ਸੈਨਿਕੀ ਉਤਸਰਜਨ ਨੂੰ ਰਾਸ਼ਟਰੀ ਅਤੇ ਵਿਸ਼ਵ ਰਿਪੋਰਟਿੰਗ ਵਿੱਚ ਸ਼ਾਮਲ ਕੀਤਾ ਜਾਵੇ। ਰੱਖਿਆ ਖੇਤਰ ਵਿੱਚ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਵਧਾਈ ਜਾਵੇ। ਯੁੱਧ ਨੂੰ ਮੌਸਮੀ ਤਬਦੀਲੀ ਦੇ ਕਾਰਕ ਵਜੋਂ ਮੰਨਿਆ ਜਾਵੇ। ਸੈਨਿਕ ਖਰਚ ਘਟਾ ਕੇ ਸਰੋਤਾਂ ਨੂੰ ਜਨਹਿਤ ਅਤੇ ਮੌਸਮੀ ਕਾਰਵਾਈ ਵੱਲ ਮੋੜਿਆ ਜਾਵੇ। ਹਥਿਆਰਾਂ ਦੇ ਖਾਤਮੇ ਲਈ ਅੰਤਰਰਾਸ਼ਟਰੀ ਯਤਨਾਂ ਨੂੰ ਮਜ਼ਬੂਤ ਕੀਤਾ ਜਾਵੇ। ਸਾਨੂੰ ਇੱਕ ਐਸਾ ਵਿਸ਼ਵ ਅੰਦੋਲਨ ਬਣਾਉਣਾ ਹੋਵੇਗਾ ਜੋ ਸ਼ਾਂਤੀ, ਮੌਸਮੀ ਨਿਆਂ ਅਤੇ ਜਨਤਕ ਸਿਹਤ ਨੂੰ ਜੋੜੇ।

ਯੁੱਧ ਵਿੱਚ ਫਸਿਆ ਸੰਸਾਰ ਕੁਦਰਤ ਨਾਲ ਨਿਆਂ ਨਹੀਂ ਕਰ ਸਕਦਾ। ਤਬਾਹੀ ਵਿੱਚ ਨਿਵੇਸ਼ ਕਰਨ ਵਾਲਾ ਸੰਸਾਰ ਟਿਕਾਊ ਭਵਿੱਖ ਨਹੀਂ ਬਣਾ ਸਕਦਾ। ਮੌਸਮੀ ਸੰਕਟ ਸਿਰਫ ਵਿਗਿਆਨਕ ਨਹੀਂ, ਸਗੋਂ ਸਾਡੀ ਵਿਚਾਰਕ ਸੋਚ ਦਾ ਨਤੀਜਾ ਹੈ। ਜੇ ਅਸੀਂ ਸਹਿਯੋਗ, ਸ਼ਾਂਤੀ ਅਤੇ ਨਿਆਂ ਦੀ ਰਾਹ ਚੁਣੀਏ, ਤਾਂ ਅਸੀਂ ਅਜੇ ਵੀ ਇਕ ਟਿਕਾਊ ਭਵਿੱਖ ਬਣਾ ਸਕਦੇ ਹਾਂ। ਮੌਸਮੀ ਹੱਲ ਬਿਨਾਂ ਸ਼ਾਂਤੀ ਦੇ ਸੰਭਵ ਨਹੀਂ। ਟਿਕਾਊ ਭਵਿੱਖ ਬਿਨਾਂ ਹਥਿਆਰਾਂ ਦੇ ਖਾਤਮੇ ਦੇ ਸੰਭਵ ਨਹੀਂ। ਫੈਸਲਾ ਸਾਡੇ ਹੱਥ ਵਿਚ ਹੈ ਅਤੇ ਕਾਰਵਾਈ ਦਾ ਸਮਾਂ ਹੁਣ ਹੈ। ਸਾਨੂੰ ਵਿਸ਼ਵ ਦ੍ਰਿਸ਼ਟੀਕੋਣ ਅਤੇ ਸਥਾਨਕ ਜ਼ਿੰਮੇਵਾਰੀ ਵਿਕਸਤ ਕਰਨੀ ਹੋਵੇਗੀ। ਜਿੱਥੇ ਵੀ ਹਾਂ, ਆਪਣੀ ਆਵਾਜ਼ ਉਠਾਈਏ, ਅੰਦੋਲਨ ਬਣਾਈਏ ਅਤੇ ਸਮਾਜ ਨੂੰ ਜਾਗਰੂਕ ਕਰੀਏ।

ਗੰਭੀਰ ਹੋ ਰਹੀ ਹੈ ਬੇਰੁਜ਼ਗਾਰੀ ਦੀ ਸਮੱਸਿਆ

ਬਲਜਿੰਦਰ ਮਾਨ

ਕਿਸੇ ਦੇਸ਼ ਦੀ ਜਵਾਨੀ ਨੂੰ ਦੇਸ਼ ਕੌਮ ਦਾ ਕੀਮਤੀ ਸਰਮਾਇਆ ਮੰਨਿਆ ਜਾਂਦਾ ਹੈ ਕਿਉਂਕਿ ਦੇਸ਼ ਕੌਮ ਨੂੰ ਨਵੀਆਂ ਦਿਸ਼ਾਵਾਂ ਦੇਣ ਦੀ ਸਮਰੱਥਾ ਨੌਜਵਾਨਾਂ ਕੋਲ ਹੁੰਦੀ ਹੈ। ਭਾਰਤ ਦੀ 45% ਆਬਾਦੀ ਜਵਾਨਾਂ ਦੀ ਮੰਨੀ ਜਾਂਦੀ ਹੈ ਜਿਹੜੇ ਆਪੋ-ਆਪਣੀਆਂ ਕਲਾਵਾਂ ਨਾਲ ਦੇਸ਼ ਦੇ ਨਵ ਨਿਰਮਾਣ ਵਿੱਚ ਜੁਟੇ ਹੋਏ ਹਨ। ਇਹ ਜਵਾਨ ਹੀ ਹੁੰਦੇ ਹਨ ਜੋ ਦੇਸ਼-ਦੁਨੀਆ ਨੂੰ ਤਰੱਕੀ ਦੀਆਂ ਸਿਖ਼ਰਾਂ ਵੱਲ ਤੋਰਦੇ ਹਨ ਤੇ ਇਹ ਜਵਾਨ ਹੀ ਹੁੰਦੇ ਹਨ ਜੋ ਕੌਮਾਂ ਨੂੰ ਰਸਾਤਲ ਵੱਲ ਲੈ ਕੇ ਜਾਂਦੇ ਹਨ।

ਜੇਕਰ ਅਜੋਕੇ ਸਮੇਂ ਦੇ ਭਾਰਤ ’ਤੇ ਨਜ਼ਰ ਮਾਰੀਏ ਤਾਂ ਦੁਨੀਆ ਵਿੱਚ ਤਰੱਕੀ ਦੀਆਂ ਸਿਖ਼ਰਾਂ ਸਿਰਜਣ ਵਾਲਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਭਾਰਤ ਹੈ ਪ੍ਰੰਤੂ ਜਦੋਂ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ ਦੀ ਕਤਾਰ ਵਿੱਚ ਲੱਗਿਆਂ ਦੇਖਦੇ ਹਾਂ ਤਾਂ ਇਸ ਦੀ ਵੱਡੀ ਅਰਥ ਵਿਵਸਥਾ ’ਤੇ ਸ਼ੱਕ ਹੋਣ ਲੱਗਦਾ ਹੈ। ਇਹ ਸ਼ੱਕ ਉਸ ਵੇਲੇ ਸਾਫ਼ ਹੋ ਜਾਂਦਾ ਹੈ ਜਦੋਂ ਦੇਸ਼ ਦੇ 20 ਅਮੀਰ ਘਰਾਣੇ ਦੁਨੀਆ ਦੀ ਦੌਲਤ ਦਾ, ਖਾਸ ਕਰਕੇ ਭਾਰਤ ਦੀ ਦੌਲਤ ਦਾ 60 ਤੋਂ ਵੱਧ ਹਿੱਸਾ ਸਾਂਭੀ ਬੈਠੇ ਹਨ। ਉਨ੍ਹਾਂ ਕਰਕੇ ਹੀ ਭਾਰਤ ਦੁਨੀਆ ਦੀ ਵੱਡੀ ਅਰਥ ਵਿਵਸਥਾ ਬਣ ਚੁੱਕਾ ਹੈ ਪ੍ਰੰਤੂ ਭਾਰਤ ਵਾਸੀ ਅਜੇ ਵੀ ਗ਼ਰੀਬ ਹਨ।

ਜਵਾਨਾਂ ਬਾਰੇ ਹੁੰਦੀਆਂ ਖੋਜਾਂ ਦਰਸਾਉਂਦੀਆਂ ਹਨ ਕਿ ਵਿਹਲੇ ਹੱਥ ਕੁਝ ਨਾ ਕੁਝ ਤਾਂ ਕਰਨਗੇ ਹੀ ਭਾਵੇਂ ਉਹ ਚੰਗਾ ਹੋਵੇ ਜਾਂ ਮਾੜਾ। ਵਿਹਲੇ ਹੋਣ ਕਰਕੇ ਉਨ੍ਹਾਂ ਦੀ ਵਿਗੜੀ ਮਾਨਸਿਕਤਾ ਸਮਾਜ ਨੂੰ ਕੁਰੀਤੀਆਂ ਦਾ ਸ਼ਿਕਾਰ ਬਣਾ ਰਹੀ ਹੈ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਦੀ ਅੱਧੀ ਨਾਲੋਂ ਵੱਧ ਜਵਾਨੀ ਨਸ਼ਿਆਂ ਦੇ ਦਰਿਆ ਵਿਚ ਵਹਿ ਚੁੱਕੀ ਹੈ। ਉਸ ਨੂੰ ਬਚਾਉਣ ਵਾਸਤੇ ਕੀਤੇ ਜਾ ਰਹੇ ਉਪਰਾਲੇ ਵੀ ਕਾਰਗਰ ਸਿੱਧ ਨਹੀਂ ਹੋ ਰਹੇ। ਪੜ੍ਹੇ-ਲਿਖੇ ਵਿਹਲੜਾਂ ਦੀ ਫ਼ੌਜ ਇਧਰ-ਉਧਰ ਫਿਰਦੀ ਦੇਖ ਕੇ ਡਰ ਲੱਗਦਾ ਹੈ ਕਿ ਇਹ ਦੇਸ਼ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾਣਗੇ ? ਜਦੋਂ ਹਰ ਸ਼ਹਿਰ ਵਿੱਚ ਰੋਜ਼ ਗੋਲ਼ੀ ਚੱਲੇ ਤੇ ਕਿਤੇ ਲੁੱਟਮਾਰ ਹੋਵੇ ਤੇ ਉਸ ਦੇਸ਼ ਨੂੰ ਅਸੀਂ ਤਰੱਕੀ ਦੀਆਂ ਲੀਹਾਂ ’ਤੇ ਜਾਂਦਾ ਕਿਵੇਂ ਕਹਿ ਸਕਦੇ ਹਾਂ।

ਸਮਝ ਨਹੀਂ ਆ ਰਹੀ ਦੇਸ਼ ਦੀਆਂ ਵੱਖ-ਵੱਖ ਪਾਰਟੀਆਂ ਦੇਸ਼ ਨੂੰ ਤਰੱਕੀ ਦੀ ਲੀਹੇ ਪਾਉਣ ਦੀ ਬਜਾਏ ਮੁਫ਼ਤ ਰਿਓੜੀਆਂ ਵੰਡਣ ਵਿਚ ਲੱਗੀਆਂ ਹੋਈਆਂ ਹਨ। ਇਹ ਮੁਫ਼ਤ ਦੀਆਂ ਰਿਓੜੀਆਂ ਕਦੀ ਦੇਸ਼ ਨੂੰ ਨਰੋਆ ਨਹੀਂ ਬਣਾ ਸਕਦੀਆਂ, ਸਗੋਂ ਦੂਜਿਆਂ ਦੀ ਆਸ ’ਤੇ ਰਹਿਣ ਦੀ ਆਦਤ ਪੈਦਾ ਕਰਦੀਆਂ ਹਨ। ਜੇਕਰ ਸਰਕਾਰਾਂ ਸਹੀ ਢੰਗ ਦੀ ਰਾਜਨੀਤੀ ਕਰਨ ਤਾਂ ਇਸ ਦੇਸ਼ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਕਿਉਂਕਿ ਦੁਨੀਆ ਦੇ ਵੱਡੇ-ਵੱਡੇ ਹਮਲਾਵਰ ਅਤੇ ਯਾਤਰੀ ਇਸ ਦੇਸ਼ ਨੂੰ ਲੁੱਟਣ ਅਤੇ ਦੇਖਣ ਵਾਸਤੇ ਆਉਂਦੇਰਹੇ ਹਨ। ਕੁਦਰਤ ਨੇ ਇਸ ਦੇਸ਼ ਨੂੰ ਛੇ ਰੁੱਤਾਂ ਪ੍ਰਦਾਨ ਕਰ ਕੇ ਵੱਡੀ ਅਮੀਰੀ ਬਖ਼ਸ਼ੀ ਹੈ।ਇਸੇ ਕਰਕੇ ਕਿਹਾ ਜਾਂਦਾ ਹੈ ਕਿ ਭਾਰਤ ਇੱਕ ਅਮੀਰ ਦੇਸ਼ ਹੈ ਪਰ ਭਾਰਤ ਵਾਸੀ ਗ਼ਰੀਬ ਹਨ। ਭਾਰਤੀਆਂ ਦੀ ਗ਼ਰੀਬੀ ਦਾ ਕਾਰਨ ਸਹੀ ਢੰਗ ਨਾਲ ਕੁਦਰਤੀ ਸਾਧਨਾਂ ਦੀ ਵਰਤੋਂ ਦਾ ਨਾ ਹੋਣਾ ਅਤੇ ਆਮ ਜਨਤਾ ਤੱਕ ਸੁੱਖ-ਸਹੂਲਤਾਂ ਦਾ ਨਾ ਪੁੱਜਣਾ ਹੈ। ਇਥੋਂ ਇਹ ਸਿੱਧ ਹੁੰਦਾ ਹੈ ਕਿ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਾਰਨ ਆਮ ਜਨਤਾ ਤਰੱਕੀ ਦੀ ਬਜਾਏ ਗ਼ਰੀਬੀ ਅਤੇ ਬੇਰੁਜ਼ਗਾਰੀ ਵਿਚ ਪਿਸ ਰਹੀ ਹੈ। ਸਰਕਾਰ ਦੀ ਹਰ ਯੋਜਨਾ ਤਦ ਹੀ ਸਫ਼ਲ ਮੰਨੀ ਜਾ ਸਕਦੀ ਹੈ ਜੇਕਰ ਪਿੰਡ ਦੇ ਕੋਨੇ ਵਿਚ ਵਸਦੇ ਹਰ ਵਾਸੀ ਤੱਕ ਉਸ ਦਾ ਲਾਭ ਪੁੱਜ ਸਕੇ।

ਅਜੋਕੇ ਸਮੇਂ ਦਾ ਲੋਕਤੰਤਰ ਤਾਂ ਲੋਕਾਂ ਤੋਂ ਦੂਰ ਹੁੰਦਾ ਹੁੰਦਾ ਰਾਜਿਆਂ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਕਿਉਂਕਿ ਸਾਰਾ ਕੁਝ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਚਲੇ ਗਿਆ ਹੈ। ਆਮ ਜਨਤਾ ਉਨ੍ਹਾਂ ਦੇ ਮੂੰਹ ਵੱਲ ਦੇਖ ਰਹੀ ਹੈ। ਇੱਥੇ ਭਾਰਤ ਵਾਸੀਆਂ ਨੂੰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ ਕਿ ਉਹ ਮੁਫ਼ਤ ਦੀ ਆਸ ਦੀ ਬਜਾਏ ਰੁਜ਼ਗਾਰ ਮੰਗਣ ਤਾਂ ਕਿ ਉਹ ਆਪਣੀ ਅਣਖ ਵਾਲੀ ਜ਼ਿੰਦਗੀ ਜਿਊਣ ਦੇ ਕਾਬਲ ਬਣ ਸਕਣ। ਭਾਰਤ ਦੀ ਬੇਰੁਜ਼ਗਾਰੀ ’ਤੇ ਜਦੋਂ ਝਾਤ ਮਾਰਦੇ ਹਾਂ ਤਾਂ ਇਹ ਆਏ ਸਾਲ ਘਟਣ ਦੀ ਬਜਾਏ ਵਧਦੀ ਜਾ ਰਹੀ ਹੈ।

ਰਾਜਾਂ ਦੀਆਂ ਸਰਕਾਰਾਂ ਅਤੇ ਕੇਂਦਰ ਦੀ ਸਰਕਾਰ ਹਮੇਸ਼ਾ ਲੱਖਾਂ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਤਾਂ ਕਰਦੀਆਂ ਹਨ ਪਰ ਉਹ ਵਾਅਦੇ ਕਦੀ ਸਿਰੇ ਚੜ੍ਹਦੇ ਦਿਖਾਈ ਨਹੀਂ ਦਿੰਦੇ। 2023-24 ਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 6.7 ਫ਼ੀਸਦੀ ਸੀ। ਜਦਕਿ ਪੰਜਾਬ ਵਿਚ ਇਹ ਦਰ 7 ਫ਼ੀਸਦੀ ਸੀ। ਜੇਕਰ 15 ਤੋਂ 29 ਸਾਲ ਦੇ ਨੌਜਵਾਨਾਂ ਵਿਚ ਇਹ ਦਰ ਦੇਖੀਏ ਤਾਂ ਉਹ ਭਾਰਤ ਵਿੱਚ 10.2 ਫ਼ੀਸਦੀ ਅਤੇ ਪੰਜਾਬ ਵਿਚ 16.7 ਫ਼ੀਸਦੀ ਬਣਦੀ ਹੈ। ਇਹ ਤਾਂ ਸਰਕਾਰੀ ਅੰਕੜੇ ਹਨ। ਜੇਕਰ ਨਿੱਜੀ ਅਦਾਰਿਆਂ ਦੀ ਖੋਜ ਨੂੰ ਦੇਖੀਏ ਤਾਂ ਉਹ ਇਸ ਤੋਂ ਕਈ ਗੁਣਾ ਵੱਧ ਹੋ ਜਾਂਦੀ ਹੈ।ਜੇਕਰ ਪੜ੍ਹੇ-ਲਿਖੇ ਨੌਜਵਾਨ ਵਿਹਲੇ ਰਹਿਣਗੇ ਤਾਂ ਉਹ ਦੇਸ਼-ਕੌਮ ਲਈ ਹਮੇਸ਼ਾ ਖ਼ਤਰਾ ਬਣੇ ਰਹਿਣਗੇ ਕਿਉਂਕਿ ਉਨ੍ਹਾਂ ਕੋਲ ਜਿਹੜੀ ਕਲਾ ਹੈ, ਉਸ ਦਾ ਸਹੀ ਇਸਤੇਮਾਲ ਕਰਨ ਦੀ ਬਜਾਏ ਗ਼ਲਤ ਇਸਤੇਮਾਲ ਹੋਵੇਗਾ। ਅਸੀਂ ਸਾਰੇ ਜਾਣਦੇ ਹਾਂ ਕਿ ਅੱਜਕੱਲ੍ਹ ਸਾਈਬਰ ਕ੍ਰਾਈਮ ਕਿੰਨਾ ਵੱਧ ਗਿਆ ਹੈ।

ਉਸ ਦਾ ਮੁੱਖ ਕਾਰਨ ਇਹੀ ਹੈ ਕਿ ਨੌਜਵਾਨ ਤਕਨੀਕੀ ਜਾਣਕਾਰੀ ਹਾਸਲ ਕਰ ਕੇ ਵਿਹਲੇ ਬੈਠੇ ਹਨ ਤੇ ਉਸ ਜਾਣਕਾਰੀ ਦਾ ਸਹੀ ਉਪਯੋਗ ਕਰਨ ਦੀ ਬਜਾਏ ਗ਼ਲਤ ਉਪਯੋਗ ਕਰਨ ਵਿੱਚ ਜੁਟੇ ਹੋਏ ਹਨ, ਜੋ ਦੇਸ਼-ਕੌਮ ਲਈ ਵੱਡਾ ਖ਼ਤਰਾ ਹੈ। ਲੋੜ ਉਨ੍ਹਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨਾ ਹੈ, ਜਿਸ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਬੁਰੀ ਤਰ੍ਹਾਂ ਫੇਲ੍ਹ ਹੋ ਰਹੀਆਂ ਹਨ।

ਕਿਸੇ ਵੀ ਪੜ੍ਹੇ-ਲਿਖੇ ਯੋਗ ਨੌਜਵਾਨ ਨੂੰ ਉਸ ਦੀ ਯੋਗਤਾ ਅਨੁਸਾਰ ਕਿਤੇ ਰੁਜ਼ਗਾਰ ਨਹੀਂ ਮਿਲ ਰਿਹਾ ਹੈ। ਜੇਕਰ ਵੱਖੋ-ਵੱਖ ਮਹਿਕਮਿਆਂ ਵਿੱਚ ਝਾਤੀ ਮਾਰੀਏ ਤਾਂ ਮਾਸਟਰ ਡਿਗਰੀਆਂ ਵਾਲੇ ਦਰਜਾ ਚਾਰ ਕਰਮਚਾਰੀ ਲੱਗਣ ਲਈ ਤਿਆਰ ਖੜ੍ਹੇ ਦਿਖਾਈ ਦਿੰਦੇ ਹਨ। ਇਹ ਅਸਲ ਵਿੱਚ ਉਨ੍ਹਾਂ ਦੀ ਯੋਗਤਾ ਨਾਲ ਬੇਇਨਸਾਫ਼ੀ ਹੈ। ਦੇਸ਼ ਵੱਲੋਂ ਉਨ੍ਹਾਂ ਦੀ ਲਿਆਕਤ ਦਾ ਸਹੀ ਇਸਤੇਮਾਲ ਨਹੀਂ ਕੀਤਾ ਜਾ ਰਿਹਾ। ਜਦੋਂ ਅਸੀਂ ਤੁਲਨਾਤਮਕ ਅਧਿਐਨ ਕਰਦੇ ਹਾਂ ਤਾਂ ਦੁਨੀਆਂ ਦੇ ਵੱਖ-ਵੱਖ ਦੇਸ਼ ਆਪਣੀ ਸਿਆਣਪ ਦਾ ਆਪਣੇ ਦੇਸ਼ ਵਾਸਤੇ ਲਾਭ ਉਠਾਉਂਦੇਹਨ।

(ਬਾਕੀ ਸਫ਼ਾ 27 ’ਤੇ)

ਦਰਵਾਜ਼-ਏ-ਹਰਫ

ਜਗਮੋਹਨ ਸਿੰਘ 'ਲੱਕੀ'
9463819174

1947 ਤੋਂ ਲੈ ਕੇ ਹੁਣ ਤੱਕ ਪੰਜਾਬ ਨੂੰ ਉਜਾੜਨ ਦੇ ਅਨੇਕਾਂ ਵਾਰ ਬਾਹਰੀ ਅਤੇ ਘਰੇਲੂ ਯਤਨ ਹੋਏ, ਪਰ ਹਰ ਵਾਰ ਪੰਜਾਬ ਪਹਿਲਾਂ ਨਾਲੋਂ ਵੀ ਤਗੜਾ ਹੋ ਕੇ ਉਭਰਦਾ ਰਿਹਾ। ਪੰਜਾਬ ਨੂੰ ਉਜਾੜਨ ਦਾ ਯਤਨ ਕਰਨ ਵਾਲੇ ਇਹ ਭੁੱਲ ਜਾਂਦੇ ਹਨ ਕਿ ਪੰਜਾਬ ਤਾਂ ਗੁਰਾਂ ਦੇ ਨਾਂਅ 'ਤੇ ਵਸਦਾ ਹੈ, ਇਸੇ ਕਾਰਨ ਪੰਜਾਬ ਵੱਲੋਂ ਹਰ ਬਿਪਤਾ ਦਾ ਡਟ ਕੇ ਮੁਕਾਬਲਾ ਕੀਤਾ ਜਾਂਦਾ ਹੈ ਅਤੇ ਪੰਜਾਬ ਉਜੜਦਾ ਉਜੜਦਾ ਮੁੜ ਉਭਰ ਕੇ ਸਾਹਮਣੇ ਆ ਜਾਂਦਾ ਹੈ ਅਤੇ ਪਹਿਲਾਂ ਨਾਲੋਂ ਵੀ ਤਗੜਾ ਹੋ ਕੇ ਵਿਚਰਦਾ ਹੈ। ਹੱਦ ਤਾਂ ਉਦੋਂ ਹੋ ਗਈ, ਜਦੋਂ ਪੰਜਾਬ ਦੇ ਜੰਮੇ ਜਾਏ ਕਈ ਪੁੱਤਰ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਅਤੇ ਪੰਜਾਬ ਦੇ ਅਨੇਕਾਂ ਸਿਆਸੀ ਆਗੂ ਮਿੱਠਾ ਜ਼ਹਿਰ ਬਣ ਕੇ ਪੰਜਾਬ ਨੂੰ ਚੁੰਬੜੇ ਰਹੇ। ਇਹਨਾਂ ਸਿਆਸੀ ਆਗੂਆਂ ਦੀ ਨਾਂਹ ਪੱਖੀ ਭੂਮਿਕਾ ਨੇ ਵੀ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਪਰ ਪੰਜਾਬ ਮੁੜ ਪੈਰਾਂ ਸਿਰ ਖਲੋਂਦਾ ਰਿਹਾ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸ ਦੇ ਧੀਆਂ ਪੁੱਤਰ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਗਏ ਹੋਣ ਪਰ ਪੰਜਾਬ ਉਨ੍ਹਾਂ ਦੇ ਦਿਲਾਂ 'ਚ ਵਸਦਾ ਹੈ। ਪੰਜਾਬ ਨਾਲ ਇੱਥੇ ਰਹਿੰਦੇ ਪੰਜਾਬੀਆਂ ਦੇ ਨਾਲ ਨਾਲ ਪ੍ਰਦੇਸੀ ਪੰਜਾਬੀਆਂ ਦਾ ਵੀ ਏਨਾ ਮੋਹ ਹੈ ਕਿ ਵਿਦੇਸ਼ਾਂ ਦੇ ਬਰਫ਼ੀਲੇ ਮੌਸਮ ਵਿੱਚ ਵੀ ਉਹ ਪੰਜਾਬ ਦੀ ਬਸੰਤ- ਬਹਾਰ ਰੁੱਤ ਦਾ ਆਨੰਦ ਸੁਪਨਈ ਅਵਸਥਾ ਵਿੱਚ ਮਾਣ ਲੈਂਦੇ ਹਨ। ਵਿਸ਼ਵ ਦੇ ਵੱਖ- ਵੱਖ ਦੇਸ਼ਾਂ 'ਚ ਰਹਿੰਦੇ ਪੰਜਾਬੀ ਅਕਸਰ ਇਹ ਦਾਅਵਾ ਕਰਦੇ ਹਨ ਕਿ ਵਿਦੇਸ਼ 'ਚ ਆ ਕੇ ਉਨ੍ਹਾਂ ਨੇ ਤਰੱਕੀ ਵੀ ਬਹੁਤ ਕਰ ਲਈ ਅਤੇ ਡਾਲਰ ਤੇ ਪੌਂਡ ਵੀ ਬਹੁਤ ਕਮਾ ਲਏ ਪਰ ਪੰਜਾਬ ਵਰਗਾ ਮੋਹ ਪਿਆਰ ਉਨ੍ਹਾਂ ਨੂੰ ਕਿਤੇ ਵੀ ਨਹੀਂ ਮਿਲਿਆ ਤੇ ਨਾ ਹੀ ਪੰਜਾਬ ਵਾਂਗ ਛੇ ਰੁੱਤਾਂ ਵਾਲਾ ਮੌਸਮ ਵਿਸ਼ਵ ਦੇ ਹੋਰ ਕਿਸੇ ਵੀ ਇਲਾਕੇ ਵਿੱਚ ਮਿਲਿਆ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦਈ ਪੰਜਾਬ ਦੇ ਵੱਡੀ ਗਿਣਤੀ ਵਸਨੀਕ ਪੰਜਾਬ ਦੀ ਭਲਾਈ ਚਾਹੁੰਦੇ ਹਨ। ਭਾਵੇਂ ਕਿ ਬਹੁਤ ਸਾਰੇ ਪੰਜਾਬੀ ਪਰਵਾਸ ਕਰਕੇ ਵਿਦੇਸ਼ਾਂ 'ਚ ਚਲੇ ਗਏ ਹਨ ਅਤੇ ਵੱਡੀ ਗਿਣਤੀ ਪੰਜਾਬੀ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਰਹਿੰਦੇ ਹਨ ਪਰ ਪੰਜਾਬ ਵਿੱਚ ਵੀ ਪੰਜਾਬੀ ਬਹੁਤ ਵੱਡੀ ਗਿਣਤੀ ਵਿੱਚ ਹਨ। ਜੇ ਪਰਵਾਸੀ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬ ਜਿਉਂਦਾ ਹੈ ਤਾਂ ਪੰਜਾਬ ਵਿੱਚ ਰਹਿੰਦੇ ਪੰਜਾਬੀਆਂ ਦੇ ਦਿਲਾਂ ਵਿੱਚ ਵੀ ਪੰਜਾਬ ਹੀ ਹੈ। ਪੰਜਾਬ ਵਿੱਚ ਅਜਿਹੇ ਨੌਜਵਾਨ ਵੀ ਹਨ, ਜੋ ਕਿ ਵਿਦੇਸ਼ ਜਾਣ ਦੀ ਥਾਂ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਭਲਾਈ ਲਈ ਕੰਮ ਕਰ ਰਹੇ ਹਨ ਅਤੇ ਆਪਣਾ ਰੁਜ਼ਗਾਰ ਚਲਾ ਰਹੇ ਹਨ, ਇਹਨਾਂ ਪੰਜਾਬੀ ਨੌਜਵਾਨਾਂ ਦਾ ਪੰਜਾਬ ਨਾਲ ਮੋਹ ਏਨਾ ਹੈ ਕਿ ਇਹ ਪੰਜਾਬ ਨੂੰ ਛੱਡ ਕੇ ਜਾਣ ਬਾਰੇ ਸੋਚਦੇ ਵੀ ਨਹੀਂ, ਇਹ ਵੱਖਰੀ ਗੱਲ ਹੈ ਕਿ ਘੁੰਮਣ ਫਿਰਨ ਲਈ ਇਹ ਪੰਜਾਬੀ ਨੌਜਵਾਨ ਪੰਜਾਬ ਤੋਂ ਬਾਹਰ ਵੀ ਜਾ ਚੁੱਕੇ ਹਨ ਪਰ ਮੁੜ ਕੇ ਫਿਰ ਪੰਜਾਬ ਆ ਜਾਂਦੇ ਹਨ। ਅਜਿਹੇ ਨੌਜਵਾਨ ਕਰਕੇ ਹੀ ਪੰਜਾਬ ਅੱਜ ਵੀ ਹੱਸਦਾ ਤੇ ਵੱਸਦਾ ਹੈ।

ਇਹ ਠੀਕ ਹੈ ਕਿ ਸਮੇਂ ਅਨੁਸਾਰ ਪੰਜਾਬੀਆਂ ਦੀ ਜੀਵਨ ਸ਼ੈਲੀ ਵਿੱਚ ਅੰਤਰ ਆ ਗਿਆ ਹੈ। ਹੁਣ ਥੋੜੇ ਦਰਵਾਜ਼ਿਆਂ ਵਾਲੇ ਘਰਾਂ ਦੀ ਥਾਂ ਆਲੀਸ਼ਾਨ ਕੋਠੀਆਂ ਅਤੇ ਵੱਡੇ ਮਕਾਨ ਬਣ ਗਏ ਹਨ। ਇਸ ਤੋਂ ਇਲਾਵਾ ਖੇਤਾਂ ਵਿੱਚ ਵੀ ਬਹੁਮੰਜ਼ਿਲੀ ਇਮਾਰਤਾਂ ਉੱਸਰ ਚੁੱਕੀਆਂ ਹਨ। ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਦਾ ਘੇਰਾ ਵਧਦਾ ਜਾ ਰਿਹਾ ਹੈ ਅਤੇ ਸ਼ਹਿਰਾਂ ਨੇੜਲੇ ਅਨੇਕਾਂ ਪਿੰਡ ਸ਼ਹਿਰ ਦੀਆਂ ਕਾਲੋਨੀਆਂ ਬਣ ਗਏ ਹਨ। ਇਸ ਤਰ੍ਹਾਂ ਹੋ

ਰਿਹਾ ਸ਼ਹਿਰੀਕਰਨ ਪਿੰਡਾਂ ਦੀ ਅਨਮੋਲ ਵਿਰਾਸਤ ਨੂੰ ਖਾ ਰਿਹਾ ਹੈ। ਪੰਜਾਬੀਆਂ ਦੇ ਰਹਿਣ ਸਹਿਣ ਵਿੱਚ ਕਾਫ਼ੀ ਅੰਤਰ ਆ ਗਿਆ ਹੈ। ਦੁੱਧ ਲੱਸੀ ਪੀਣ ਵਾਲੇ ਪੰਜਾਬੀ ਹੁਣ ਬਰਗਰ, ਕੁਲਚੇ ਖਾਣ ਲੱਗ ਪਏ ਹਨ। ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਅਤੇ ਦੁੱਧ ਦੀ ਪੈਦਾਵਾਰ ਘੱਟ ਰਹੀ ਹੈ ਪਰ ਦੁੱਧ ਦੀ ਖਪਤ ਲਗਾਤਾਰ ਵਧ ਰਹੀ ਹੈ। ਇਹ ਉਹ ਪੰਜਾਬ ਹੈ, ਜਿਥੇ ਤੇਜ਼ ਗਰਮੀ ਦੇ ਦੌਰਾਨ ਪੰਜਾਬੀਆਂ ਵੱਲੋਂ ਠੰਡੇ ਅਤੇ ਮਿੱਠੇ ਪਾਣੀ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ ਅਤੇ ਰਾਹਗੀਰਾਂ ਨੂੰ ਬੇਨਤੀਆਂ ਕਰਕੇ ਠੰਡਾ ਅਤੇ ਮਿੱਠਾ ਪਾਣੀ ਪਿਲਾਇਆ ਜਾਂਦਾ ਹੈ। ਇਸੇ ਤਰਾਂ ਵੱਖ- ਵੱਖ ਧਾਰਮਿਕ ਦਿਹਾੜਿਆਂ 'ਤੇ ਪੰਜਾਬ ਵਿੱਚ ਵੱਖ- ਵੱਖ ਥਾਂਵਾਂ 'ਤੇ ਲੰਗਰ ਵੀ ਲਗਾਏ ਜਾਂਦੇ ਹਨ। ਪੰਜਾਬੀਆਂ ਨੇ ਤਾਂ ਹੁਣ ਧਾਰਮਿਕ ਦਿਹਾੜਿਆਂ 'ਤੇ ਵਿਦੇਸ਼ਾਂ ਵਿੱਚ ਵੀ ਲੰਗਰ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਜਿਹੜੇ ਪੰਜਾਬੀਆਂ ਨੇ ਪੰਜਾਬ ਤੋਂ ਬਾਹਰ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਸਫ਼ਰ ਕੀਤਾ ਹੈ, ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਾਰਤ ਦੇ ਇਹਨਾਂ ਸੂਬਿਆਂ ਵਿੱਚ ਪਾਣੀ ਕਿੰਨੇ ਪੈਸਿਆਂ ਦਾ ਮਿਲਦਾ ਹੈ।ਪੰਜਾਬੀ ਚਾਹੇ ਵਿਦੇਸ਼ਾਂ ਵਿੱਚ ਵਸਦੇ ਹੋਣ, ਜਾਂ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਵਸਦੇ ਹੋਣ ਜਾਂ ਪੰਜਾਬ ਵਿੱਚ ਹੀ ਰਹਿੰਦੇ ਹੋਣ, ਉਹ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਭਲਾਈ ਚਾਹੁੰਦੇ ਹਨ ਅਤੇ ਚਾਹੁੰਦੇ ਹਨ ਕਿ ਪੰਜਾਬ ਦਿਨ ਰਾਤ ਪੂਰੀ ਤਰੱਕੀ ਕਰੇ। ਪੰਜਾਬੀ ਕਦੇ ਕਿਸੇ ਦਾ ਮਾੜਾ ਨਹੀਂ ਕਰਦੇ, ਸਗੋਂ ਉਹ ਤਾਂ ਰੱਬ ਕੋਲੋਂ ਸਭ ਦਾ ਭਲਾ ਮੰਗਦੇ ਹਨ। ਲੋੜ ਤਾਂ ਇਸ ਗੱਲ ਦੀ ਹੈ ਕਿ ਸਾਰੇ ਪੰਜਾਬੀਆਂ ਨੂੰ ਏਕੇ ਦੇ ਸੂਤਰ ਵਿੱਚ ਪਰੋਇਆ ਜਾਵੇ ਅਤੇ ਪੰਜਾਬੀਆਂ ਨੂੰ ਦਰਪੇਸ਼ ਮਸਲੇ ਤੇ ਸਮੱਸਿਆਵਾਂ ਖੁਦ ਪੰਜਾਬੀ ਹੀ ਅੱਗੇ ਹੋ ਕੇ ਹੱਲ ਕਰਨ ਦਾ ਉਪਰਾਲਾ ਕਰਨ। ਪੰਜਾਬ ਜੁਗਾਂ- ਜੁਗਾਂਤਰਾਂ ਤੋਂ ਵਸਦਾ ਤੇ ਹੱਸਦਾ ਆਇਆ ਹੈ ਅਤੇ ਆਉਣ ਵਾਲੀਆਂ ਸਦੀਆਂ ਦੌਰਾਨ ਵੀ ਹੱਸਦਾ ਤੇ ਵਸਦਾ ਰਹੇਗਾ।

ਪੰਜਾਬ ਪੂਰੀ ਦੁਨੀਆਂ ਦਾ ਇੱਕੋ ਇੱਕ ਅਜਿਹਾ ਇਲਾਕਾ ਮੰਨਿਆ ਜਾਂਦਾ ਹੈ, ਜਿਥੇ ਇੱਕ ਸਾਲ ਵਿੱਚ 6 ਰੁੱਤਾਂ ਬਸੰਤ ਰੁੱਤ, ਗਰਮੀ ਦੀ ਰੁੱਤ, ਵਰਖਾ ਰੁੱਤ, ਸਰਦ ਰੁੱਤ, ਪੱਤਝੜ ਰੁੱਤ ਤੇ ਸੀਤ ਰੁੱਤ ਆਉਂਦੀਆਂ ਹਨ। ਕੁਦਰਤ ਦੇ ਅਸੂਲਾਂ ਅਨੁਸਾਰ ਪੰਜਾਬ 'ਚ ਹਰ ਰੁੱਤ ਵਾਰੋ ਵਾਰੀ ਆ ਕੇ ਆਪਣਾ ਅਸਰ ਦਿਖਾਉਂਦੀ ਹੈ ਅਤੇ ਹਰ ਪਾਸੇ ਡੂੰਘਾ ਪ੍ਰਭਾਵ ਪਾਉਂਦੀ ਹੈ। ਹਰ ਰੁੱਤ ਦੇ ਆਪਣੇ ਨਿਯਮ, ਅਸੂਲ ਅਤੇ ਕਈ ਲਾਭ ਹਨ। 6 ਰੁੱਤਾਂ ਕਾਰਨ ਹੀ ਪੰਜਾਬ ਨੂੰ '6 ਰੁੱਤਾਂ ਦਾ ਰਾਜਾ' ਕਿਹਾ ਜਾਂਦਾ ਹੈ। ਇਹਨਾਂ ਰੁੱਤਾਂ ਕਾਰਨ ਪੰਜਾਬ ਦੀ ਕੁਦਰਤੀ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਂਦੇ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE

FLEET/ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਨਾਵਲਕਾਰ ਜੌਨ ਬੁਆਇਨ ਦੇ ਬਹਾਨੇ ਇੱਕ ਸੰਵਾਦ

ਸਾਹਿਤ ਦੀ 'ਪ੍ਰਧਾਨਗੀ' ਅਤੇ ਅਣਗੌਲੀ ਸਾਹਿਤਕਾਰ ਔਰਤ

ਸਾਹਿਤ ਵਿੱਚ ਔਰਤ ਮਰਦ ਸਾਹਿਤਕਾਰ ਦੀ ਦ੍ਰਿਸ਼ਟੀ ਵਿੱਚ ਵਿਚਾਰੀ ਕਿਉਂ ?

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਸਾਹਿਤਕ ਜਗਤ ਵਿੱਚ ਅਕਸਰ ਇਹ ਬਹਿਸ ਛਿੜਦੀ ਹੈ ਕਿ ਲਿਖਤ ਦਾ ਕੋਈ ਲਿੰਗ ਨਹੀਂ ਹੁੰਦਾ, ਪਰ ਜਦੋਂ ਅਸੀਂ ਸਾਹਿਤ ਦੇ ਇਤਿਹਾਸ ਅਤੇ ਵਰਤਮਾਨ ਪੜਤਾਲ ਕਰਦੇ ਹਾਂ, ਤਾਂ 'ਮਰਦਾਨਾ ਹੰਕਾਰ' ਅਤੇ 'ਪ੍ਰਧਾਨਗੀ' ਦੀਆਂ ਪਰਤਾਂ ਸਾਫ਼ ਦਿਖਾਈ ਦਿੰਦੀਆਂ ਹਨ।

ਕੁਝ ਸਮਾਂ ਪਹਿਲਾਂ ਯੂਕੇ ਦੇ ਪ੍ਰਸਿੱਧ ਅਖ਼ਬਾਰ 'ਗਾਰਡੀਅਨ' ਵਿੱਚ ਆਇਰਿਸ਼ ਨਾਵਲਕਾਰ ਜੌਨ ਬੁਆਇਨ ਦਾ ਇੱਕ ਲੇਖ ਪ੍ਰਕਾਸ਼ਿਤ ਹੋਇਆ ਸੀ, ਜਿਸ ਦਾ ਸਿਰਲੇਖ ਸੀ— (ਔਰਤਾਂ ਮਰਦਾਂ ਨਾਲੋਂ ਬਿਹਤਰ ਲੇਖਿਕਾ ਹਨ)। ਦਸੰਬਰ 2017 ਵਿੱਚ ਛਪੇ ਇਸ ਲੇਖ ਨੇ ਸਾਹਿਤਕ ਜਗਤ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਸੀ। ਬੁਆਇਨ ਨੇ ਬੜੀ ਬੇਬਾਕੀ ਨਾਲ ਇਹ ਬਿਰਤਾਂਤ ਸਿਰਜਿਆ ਕਿ ਕਿਵੇਂ ਸਾਹਿਤਕ ਇਤਿਹਾਸ ਅਤੇ ਮੌਜੂਦਾ ਦੌਰ ਵਿੱਚ ਮਰਦ ਲੇਖਕਾਂ ਨੂੰ 'ਮਹਾਨਤਾ' ਦੇ ਲੇਬਲ ਹੇਠ ਸੁਰੱਖਿਅਤ ਰੱਖਿਆ ਜਾਂਦਾ ਹੈ, ਜਦਕਿ ਔਰਤਾਂ ਦੀ ਲੇਖਣੀ ਨੂੰ ਅਕਸਰ ਹਾਸ਼ੀਏ 'ਤੇ ਧੱਕ ਦਿੱਤਾ ਜਾਂਦਾ ਹੈ।

ਬੁਆਇਨ ਦਾ ਤਰਕ ਹੈ ਕਿ ਔਰਤਾਂ ਮਨੁੱਖੀ ਸੁਭਾਅ ਦੀਆਂ ਪਰਤਾਂ ਅਤੇ ਜਟਿਲਤਾਵਾਂ ਨੂੰ ਸਮਝਣ ਵਿੱਚ ਵਧੇਰੇ ਸੰਵੇਦਨਸ਼ੀਲ ਹੁੰਦੀਆਂ ਹਨ, ਜਿਸ ਕਾਰਨ ਉਨ੍ਹਾਂ ਦੇ ਨਾਵਲ ਜੀਵਨ ਦੇ ਵਧੇਰੇ ਨੇੜੇ ਹੁੰਦੇ ਹਨ। ਪਰ ਦੁਖਾਂਤ ਇਹ ਹੈ ਕਿ ਪ੍ਰਕਾਸ਼ਕ ਅਤੇ ਆਲੋਚਕ ਅਕਸਰ ਔਰਤਾਂ ਦੀਆਂ ਲਿਖਤਾਂ ਨੂੰ 'ਹਲਕਾ-ਫੁਲਕਾ' ਜਾਂ ਕੇਵਲ 'ਘਰੇਲੂ' ਮੰਨ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਮਰਦਾਨਾ ਲੇਖਣੀ ਨੂੰ 'ਮਿਆਰੀ ਸਾਹਿਤ' ਅਤੇ ਔਰਤਾਂ ਦੀ ਲੇਖਣੀ ਨੂੰ ਇੱਕ 'ਉਪ-ਸ਼੍ਰੇਣੀ' ਵਜੋਂ ਦੇਖਿਆ ਜਾਂਦਾ ਹੈ।

?ਲੇਖਕ ਅਨੁਸਾਰ, ਮਰਦ ਲੇਖਕ ਅਕਸਰ ਆਪਣੇ ਆਪ ਨੂੰ 'ਮਹਾਨ' ਸਾਬਤ ਕਰਨ ਦੀ ਬੌਧਿਕ ਦੌੜ ਅਤੇ ਇਨਾਮਾਂ ਦੀ ਚਿੰਤਾ ਵਿੱਚ ਗ੍ਰਸੇ ਰਹਿੰਦੇ ਹਨ। ਇਸ ਦੇ ਉਲਟ, ਔਰਤ ਲੇਖਕਾਂ ਦਾ ਵਧੇਰੇ ਧਿਆਨ ਸਿਰਜਣਾਤਮਕ ਗੁਣਵੱਤਾ ਅਤੇ ਪਾਠਕਾਂ ਨਾਲ ਡੂੰਘਾ ਸੰਵਾਦ ਰਚਾਉਣ 'ਤੇ ਹੁੰਦਾ ਹੈ। ਬੁਆਇਨ ਨੇ ਇਹ ਵੀ ਨਿਸ਼ਾਨਦੇਹੀ ਕੀਤੀ ਕਿ ਮਰਦ ਲੇਖਕ ਅਕਸਰ ਔਰਤ ਪਾਤਰਾਂ ਦੇ ਚਿਤਰਣ ਤੇ ਇਨਸਾਫ ਕਰਨ ਵਿੱਚ ਅਸਫਲ ਰਹਿੰਦੇ ਹਨ, ਜਦਕਿ ਔਰਤਾਂ ਮਨੁੱਖੀ ਮਨ ਦੇ ਡੂੰਘੇ ਕੋਨਿਆਂ ਨੂੰ ਬਿਹਤਰ ਢੰਗ ਨਾਲ ਫਰੋਲਦੀਆਂ ਹਨ।

ਜੇਕਰ ਇਸ ਨਾਵਲਕਾਰ ਦੇ ਵਿਚਾਰਾਂ ਦੇ ਪਰਿਪੇਖ ਵਿੱਚ ਪੰਜਾਬੀ ਸਾਹਿਤ ਜਗਤ ਨੂੰ ਪਰਖੀਏ, ਤਾਂ ਇੱਥੇ ਵੀ ਲੰਮੇ ਸਮੇਂ ਤੋਂ ਮਰਦ ਸਾਹਿਤਕਾਰਾਂ ਦਾ ਗਲਬਾ ਰਿਹਾ ਹੈ।

ਪੰਜਾਬੀ ਸਾਹਿਤਕ ਹਲਕਿਆਂ ਵਿੱਚ ਇਹ ਦੁਖਾਂਤ ਰਿਹਾ ਹੈ ਕਿ ਮਰਦ ਸਾਹਿਤਕਾਰ ਆਪਣੀ ਲਿਖਤ ਨੂੰ 'ਬ੍ਰਹਿਮੰਡੀ' ਸੱਚ ਸਾਬਤ ਕਰਨ ਦੀ ਦੌੜ ਵਿੱਚ ਔਰਤ ਦੇ ਅਨੁਭਵ ਨੂੰ 'ਰਸੋਈ ਦੀ ਲਿਖਤ' ਤੱਕ ਸੀਮਤ ਕਰ ਦਿੰਦੇ ਹਨ। ਜਦੋਂ ਕੋਈ ਮਰਦ ਦਰਦ ਲਿਖਦਾ ਹੈ, ਤਾਂ ਉਹ 'ਫਲਸਫਾ' ਬਣ ਜਾਂਦਾ ਹੈ, ਪਰ ਜਦੋਂ ਔਰਤ ਆਪਣੇ ਹੰਢਾਏ ਹੋਏ ਸੱਚ ਨੂੰ ਬਿਆਨਦੀ ਹੈ, ਤਾਂ ਉਸ ਨੂੰ 'ਭਾਵੁਕਤਾ' ਦਾ ਨਾਂ ਦੇ ਦਿੱਤਾ ਜਾਂਦਾ ਹੈ। ਇਹ ਮਨੋਵਿਗਿਆਨਕ ਵਖਰੇਵਾਂ ਸਾਹਿਤਕ ਨਿਰਪੱਖਤਾ ਦੇ ਰਾਹ ਵਿੱਚ ਸਭ ਤੋਂ ਵੱਡਾ ਰੋੜਾ ਹੈ। ਔਰਤ ਕੋਲ 'ਦੂਹਰੀ ਦ੍ਰਿਸ਼ਟੀ' ਹੈ—ਉਸ ਨੇ ਮਰਦ-ਪ੍ਰਧਾਨ ਸੰਸਾਰ ਨੂੰ ਵੀ ਦੇਖਿਆ ਹੈ ਅਤੇ ਆਪਣੇ ਅੰਦਰਲੇ ਅਸੀਮ ਜਗਤ ਨੂੰ ਵੀ। ਉਸ ਦੀ ਕਲਮ 'ਉਪਦੇਸ਼' ਨਹੀਂ, ਸਗੋਂ 'ਸੰਵਾਦ' ਰਚਾਉਂਦੀ ਹੈ।

ਹਾਲਾਂਕਿ ਅੰਮ੍ਰਿਤਾ ਪ੍ਰੀਤਮ,ਅਜੀਤ ਕੌਰ, ਦਲੀਪ ਕੌਰ ਟਿਵਾਣਾ ,ਪ੍ਰਭਜੋਤ ਕੌਰ ,ਸੁਖਵਿੰਦਰ ਅੰਮ੍ਰਿਤ ਆਦਿ ਨੇ ਉਤਮ ਸਾਹਿਤ ਦੀ ਰਚਨਾ ਕੀਤੀ ਹੈ। ਹੁਣ ਆਧੁਨਿਕ ਦੌਰ ਵਿੱਚ ਔਰਤ ਸਾਹਿਤਕਾਰ ਵਧੀਆ ਲਿਖ ਰਹੀਆਂ ਹਨ। ਔਰਤਾਂ ਦੀ ਲੇਖਣੀ ਇਸ ਲਈ ਉੱਤਮ ਹੈ ਕਿਉਂਕਿ ਉਨ੍ਹਾਂ ਕੋਲ 'ਦੂਹਰੀ ਦ੍ਰਿਸ਼ਟੀ' ਹੈ। ਉਨ੍ਹਾਂ ਨੇ ਮਰਦ ਜਗਤ ਨੂੰ ਵੀ ਦੇਖਿਆ ਅਤੇ ਆਪਣੇ ਅੰਦਰਲੇ ਜਗਤ ਨੂੰ ਵੀ। ਮਰਦ ਲੇਖਕ ਅਕਸਰ ਔਰਤ ਦੇ ਅਨੁਭਵ ਨੂੰ ਸਿਰਫ਼ 'ਕਲਪਨਾ' ਰਾਹੀਂ ਲਿਖਦੇ ਰਹੇ, ਪਰ ਔਰਤਾਂ ਨੇ ਉਸ ਨੂੰ 'ਹੰਢਾਇਆ' ਅਤੇ ਫਿਰ ਲਿਖਿਆ।

ਪੰਜਾਬੀ ਮਰਦ ਲੇਖਕਾਂ ਦਾ ਸੁਭਾਅ ਅਕਸਰ ਉਨ੍ਹਾਂ ਦੀਆਂ 'ਸਾਹਿਤਕ ਮਹਿਫ਼ਲਾਂ' ਵਿੱਚੋਂ ਉਪਜਦਾ ਹੈ। ਸ਼ਾਮ ਦੀਆਂ ਬੈਠਕਾਂ, ਅਕਾਦਮੀਆਂ ਦੇ ਗੇੜੇ ਅਤੇ ਗੋਸ਼ਟੀਆਂ ਵਿੱਚ ਮਰਦਾਂ ਦੀ ਬਹੁਤਾਤ ਹੁੰਦੀ ਹੈ। ਇਨ੍ਹਾਂ ਸੱਥਾਂ ਵਿੱਚ ਇੱਕ-ਦੂਜੇ ਦੀ ਪ੍ਰਸ਼ੰਸਾ ਕਰਨ ਦਾ ਜੋ 'ਕਲੱਬ ਕਲਚਰ' ਵਿਕਸਿਤ ਹੋਇਆ ਹੈ, ਉਹ ਔਰਤ ਲੇਖਕਾਂ ਨੂੰ ਮੁੱਖ ਧਾਰਾ ਤੋਂ ਬਾਹਰ ਰੱਖਣ ਦਾ ਮੁਖ ਕਾਰਨ ਬਣਦਾ ਹੈ। ਇੱਕ ਔਰਤ ਲੇਖਕ ਲਈ ਇਨ੍ਹਾਂ ਮਰਦਾਨਾ ਮਹਿਫ਼ਲਾਂ ਦਾ ਹਿੱਸਾ ਬਣਨਾ ਨਾ ਸਿਰਫ਼ ਸਮਾਜਿਕ ਬੰਧਨਾਂ, ਘਰੇਲੂ ਜ਼ਿੰਮੇਵਾਰੀਆਂ ਕਾਰਨ ਔਖਾ ਹੈ, ਸਗੋਂ ਉੱਥੇ ਮੌਜੂਦ 'ਬੌਧਿਕ ਮਰਦਾਨਾ ਹੰਕਾਰ' ਵੀ ਉਸ ਨੂੰ ਰੁਕਾਵਟ ਮਹਿਸੂਸ ਹੁੰਦਾ ਹੈ।

ਪੰਜਾਬੀ ਸਾਹਿਤ ਵਿੱਚ ਮਰਦ ਲੇਖਕਾਂ ਨੇ ਅਕਸਰ ਔਰਤ ਨੂੰ ਦੋ ਸਿਰਿਆਂ 'ਤੇ ਹੀ ਪੇਸ਼ ਕੀਤਾ ਹੈ—ਜਾਂ ਤਾਂ ਉਹ 'ਪਵਿੱਤਰ ਦੇਵੀ' ਹੈ ਜਾਂ ਫਿਰ 'ਨਿਆਸਰੀ ਪੀੜਤ'। ਔਰਤ ਦੀ ਆਪਣੀ ਸੁਤੰਤਰ ਹੋਂਦ, ਉਸ ਦੇ ਸੰਘਰਸ਼ੀ ਰੂਪ ਅਤੇ ਉਸ ਦੀਆਂ ਗੁੰਝਲਦਾਰ ਮਾਨਸਿਕ ਇੱਛਾਵਾਂ ਨੂੰ ਬਹੁਤ ਘੱਟ ਲੇਖਕਾਂ ਨੇ ਚਿਤਰਿਆ ਹੈ। ਹਾਲਾਂ ਕਿ 'ਜੁਝਾਰੂ' ਅਤੇ 'ਚਿੰਤਕ' ਔਰਤ ਦਾ ਰੂਪ ਅਜੇ ਵੀ ਪੰਜਾਬੀ ਸਾਹਿਤਕ ਕੈਨਵਸ 'ਤੇ ਉੱਭਰਨਾ ਬਾਕੀ ਹੈ।

ਸਿੱਖ ਇਤਿਹਾਸ ਅਤੇ ਸਾਹਿਤ ਇਸ ਪੱਖਪਾਤੀ ਧਾਰਨਾ ਨੂੰ ਮੁੱਢੋਂ ਰੱਦ ਕਰਦੇ ਹਨ। ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚ ਸਿੱਖ ਔਰਤਾਂ ਨੂੰ 'ਯੋਧਾ' ਵਜੋਂ ਚਿਤਰਿਆ ਹੈ। ਮਾਈ ਭਾਗੋ ਜੀ ਦਾ ਕਿਰਦਾਰ ਅਤੇ ਮੀਰ ਮੰਨੂ ਦੀਆਂ ਜੇਲ੍ਹਾਂ ਵਿੱਚ ਸਿਦਕ ਨਿਭਾਉਣ ਵਾਲੀਆਂ ਸਿੰਘਣੀਆਂ ਦਾ ਜ਼ਿਕਰ ਇਹ ਸਾਬਤ ਕਰਦਾ ਹੈ ਕਿ ਸਿੱਖ ਲਹਿਰ ਦੀ ਔਰਤ ਕਦੇ ਵੀ 'ਨਿਆਸਰੀ ਪੀੜਤ' ਨਹੀਂ ਰਹੀ।

ਇਸੇ ਤਰ੍ਹਾਂ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ 'ਹੁਕਮਨਾਮੇ' ਵਿੱਚ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੀ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਅਗਵਾਈ ਦੇ ਪ੍ਰਮਾਣ ਮਿਲਦੇ ਹਨ। ਇਹ ਦਸਤਾਵੇਜ਼ ਦੱਸਦੇ ਹਨ ਕਿ ਔਰਤ ਸਿਰਫ਼ ਸੇਵਾ ਦੀ ਮੂਰਤ ਨਹੀਂ, ਸਗੋਂ 'ਹੁਕਮ' ਦੇਣ ਵਾਲੀ ਕੇਂਦਰੀ ਸ਼ਕਤੀ ਸੀ।

ਆਲੋਚਨਾਤਮਕ ਪੱਖੋਂ ਦੇਖੀਏ ਤਾਂ ਇਹ ਹੁਕਮਨਾਮੇ ਉਨ੍ਹਾਂ ਸਾਹਿਤਕਾਰਾਂ ਉਪਰ ਵਿਅੰਗ ਹਨ ਜੋ ਔਰਤਾਂ ਨੂੰ ਕੇਵਲ 'ਘਰੇਲੂ' ਤੇ ਤਰਸਮਈ ਪਾਤਰ ਚਿਤਰਦੇ ਹਨ। ਜੌਨ ਬੁਆਇਨ ਨੇ ਜਿਸ 'ਮਰਦਾਨਾ ਗਲਬੇ' ਦੀ ਗੱਲ ਕੀਤੀ ਹੈ, ਡਾ. ਗੰਡਾ ਸਿੰਘ ਦੁਆਰਾ ਪੇਸ਼ ਕੀਤੇ ਇਹ ਹੁਕਮਨਾਮੇ ਉਸ ਦਾ ਤੋੜ ਹਨ। ਇਹ ਦਰਸਾਉਂਦੇ ਹਨ ਕਿ ਸਿੱਖ ਇਤਿਹਾਸ ਵਿੱਚ ਔਰਤ ਸਿਰਫ਼ 'ਸੇਵਾ' ਦੀ ਮੂਰਤ ਨਹੀਂ ਸੀ, ਸਗੋਂ ਉਹ 'ਫੈਸਲੇ ਲੈਣ ਵਾਲੀ' ਅਤੇ 'ਹੁਕਮ ਦੇਣ ਵਾਲੀ' ਸਮਰਥ ਸ਼ਕਤੀ ਸੀ।

ਇਹੀ ਕਾਰਣ ਹੈ ਕਿ ਸਿੱਖ ਸਾਹਿਤ ਵਿਚ ਔਰਤ ਸਾਹਿਤਕਾਰ ਸੁਤੰਤਰ ਰੂਪ ਵਿੱਚ ਉਭਰੀਆਂ ਹਨ। ਇਸ ਪਿੱਛੇ ਸਿੰਘ ਸਭਾ ਲਹਿਰ ਦਾ ਇਤਿਹਾਸਕ ਰੋਲ ਸੀ। 19ਵੀਂ ਸਦੀ ਦੀ ਸਿੰਘ ਸਭਾ ਲਹਿਰ ਨੇ ਬੀਬੀ ਹਰਨਾਮ ਕੌਰ (ਨਾਭਾ) ਵਰਗੀਆਂ ਸ਼ਖ਼ਸੀਅਤਾਂ ਰਾਹੀਂ ਔਰਤਾਂ ਨੂੰ ਸਾਹਿਤਕ ਅਤੇ ਬੌਧਿਕ ਪਛਾਣ ਦਿੱਤੀ। ਉਨ੍ਹਾਂ ਨੇ ਆਪਣੇ ਪਤੀ ਭਾਈ ਤਖ਼ਤ ਸਿੰਘ ਨਾਲ ਮਿਲ ਕੇ ਫ਼ਿਰੋਜ਼ਪੁਰ ਵਿੱਚ 'ਸਿੱਖ ਕੰਨਿਆ ਮਹਾਂਵਿਦਿਆਲਾ' ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਔਰਤਾਂ ਦੀ ਸਿੱਖਿਆ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਬਹੁਤ ਸਾਰੇ ਲੇਖ ਲਿਖੇ। ਉਨ੍ਹਾਂ ਦੀ ਲੇਖਣੀ ਨੇ ਪਹਿਲੀ ਵਾਰ ਔਰਤਾਂ ਨੂੰ ਦੱਸਿਆ ਕਿ ਉਹ ਸਿਰਫ਼ ਘਰੇਲੂ ਕੰਮਾਂ ਲਈ ਨਹੀਂ, ਸਗੋਂ ਕੌਮ ਤੇ ਸਮਾਜ ਦੀ ਸਿਰਜਣਾ ਲਈ ਹਨ।

ਬੀਬੀ ਕਿਸ਼ਨ ਕੌਰ ਨੇ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਸਾਹਿਤ ਸਿਰਜਿਆ। ਉਨ੍ਹਾਂ ਨੇ ਉਸ ਸਮੇਂ ਦੇ ਪੰਜਾਬੀ ਰਸਾਲਿਆਂ ਵਿੱਚ ਬੇਬਾਕੀ ਨਾਲ ਲਿਖਿਆ ਅਤੇ ਸਿੱਖੀ ਜੀਵਨ-ਜਾਚ ਦਾ ਪ੍ਰਚਾਰ ਕੀਤਾ। ਬੀਬੀ ਅਮਰ ਕੌਰ ਨੇ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਅਜਿਹੀਆਂ ਕਵਿਤਾਵਾਂ ਅਤੇ ਵਾਰਤਕ ਲਿਖੀ ਜੋ ਸਿੱਖ ਬੱਚੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੀ ਸੀ। ਉਨ੍ਹਾਂ ਦਾ ਮੁੱਖ ਜ਼ੋਰ ਸਿੱਖ ਇਤਿਹਾਸ ਦੀਆਂ ਮਹਾਨ ਔਰਤਾਂ (ਜਿਵੇਂ ਮਾਈ ਭਾਗੋ, ਮਾਤਾ ਸਾਹਿਬ ਕੌਰ) ਦੇ ਜੀਵਨ ਨੂੰ ਮੁੜ ਪਾਠਕਾਂ ਦੇ ਸਾਹਮਣੇ ਲਿਆਉਣਾ ਸੀ।

ਅੱਜ ਦੇ ਦੌਰ ਵਿੱਚ ਵੀ ਗੁਰਚਰਨ ਕੌਰ ਕੋਚਰ, ਡਾ. ਅੰਮ੍ਰਿਤ ਕੌਰ ਸਾਹਿਤਕ ਚਿੰਤਨ ਵਿੱਚ ਉਘਾ ਯੋਗਦਾਨ ਪਾ ਰਹੇ ਹਨ। ਨਿੱਕੀ-ਗੁਨਿੰਦਰ ਕੌਰ ਸਿੰਘ ਹਾਲਾਂਕਿ ਇਹ ਵਿਦੇਸ਼ (ਅਮਰੀਕਾ) ਵਿੱਚ ਰਹਿੰਦੇ ਹਨ, ਪਰ ਸਿੱਖ ਸਾਹਿਤਕ ਚਿੰਤਨ ਵਿੱਚ ਇਨ੍ਹਾਂ ਦਾ ਕੰਮ ਵਿਸ਼ਵ ਪੱਧਰੀ ਹੈ। ਉਨ੍ਹਾਂ ਨੇ ਵਰਗੀਆਂ ਕਿਤਾਬਾਂ ਰਾਹੀਂ ਸਿੱਖ ਧਰਮ ਵਿੱਚ ਔਰਤ ਦੇ ਬਿੰਬ ਨੂੰ ਇੱਕ ਨਵਾਂ ਦਾਰਸ਼ਨਿਕ ਰੂਪ ਦਿੱਤਾ ਹੈ। ਪਰ ਫਿਰ ਵੀ, ਸਾਹਿਤਕ ਮੇਲਿਆਂ ਅਤੇ ਅਕਾਦਮੀਆਂ ਵਿੱਚ 'ਪ੍ਰਧਾਨਗੀ' ਦੀ ਕੁਰਸੀ ਅਜੇ ਵੀ ਅਕਸਰ ਮਰਦਾਨਾ ਹੰਕਾਰ ਦੇ ਕਬਜ਼ੇ ਵਿੱਚ ਦਿਖਾਈ ਦਿੰਦੀ ਹੈ।

ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਜੇਕਰ ਕੋਈ ਔਰਤ ਬੇਬਾਕੀ ਨਾਲ ਲਿਖਦੀ ਹੈ, ਤਾਂ ਉਸ ਦੀ ਕਲਾ ਦੀ ਬਜਾਏ ਉਸ ਦੇ ਨਿੱਜੀ ਜੀਵਨ ਜਾਂ ਚਰਿੱਤਰ ਬਾਰੇ ਚਰਚਾਵਾਂ ਛੇੜ ਦਿੱਤੀਆਂ ਜਾਂਦੀਆਂ ਹਨ। ਮਰਦ ਲੇਖਕਾਂ ਨੂੰ ਸਮਾਜਿਕ ਤੌਰ 'ਤੇ ਇਹ 'ਛੋਟ' ਮਿਲੀ ਹੁੰਦੀ ਹੈ ਕਿ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਉਨ੍ਹਾਂ ਦੀ ਲਿਖਤ ਤੋਂ ਵੱਖ ਰੱਖਿਆ ਜਾਵੇ, ਪਰ ਔਰਤ ਲਈ ਇਹ ਮਿਆਰ ਬਦਲ ਜਾਂਦੇ ਹਨ।

ਇਸ ਤੋਂ ਇਲਾਵਾ, ਮਰਦ ਲੇਖਕ ਕੋਲ ਅਕਸਰ ਇਹ 'ਸਿਰਜਣਾਤਮਕ ਲਗਜ਼ਰੀ' ਹੁੰਦੀ ਹੈ ਕਿ ਉਹ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਘੰਟਿਆਂ ਬੱਧੀ ਲਿਖ ਸਕਦਾ ਹੈ। ਉਹ ਘਰ ਦੀ ਸ਼ਾਂਤੀ ਨੂੰ ਆਪਣਾ ਹੱਕ ਸਮਝਦਾ ਹੈ, ਪਰ ਉਹ ਸ਼ਾਇਦ ਹੀ ਕਦੇ ਇਹ ਮਹਿਸੂਸ ਕਰਦਾ ਹੈ ਕਿ ਉਸ ਦੇ ਘਰ ਵਿੱਚ ਮੌਜੂਦ ਔਰਤ ਨੂੰ ਵੀ ਸਿਰਜਣਾ ਲਈ ਉਸੇ ਤਰ੍ਹਾਂ ਦੇ ਇਕਾਂਤ ਅਤੇ ਮਾਨਸਿਕ ਸਕੂਨ ਦੀ ਲੋੜ ਹੈ।ਹਾਲਾਂਕਿ, ਨਵੀਂ ਪੀੜ੍ਹੀ ਦੇ ਲੇਖਕਾਂ ਵਿੱਚ ਇਸ ਪੱਖਪਾਤ ਵਿਰੁੱਧ ਇੱਕ ਚੇਤਨਾ ਜਾਗੀ ਹੈ ਅਤੇ ਬਦਲਾਅ ਆ ਰਿਹਾ ਹੈ। ਪਰ ਫਿਰ ਵੀ, ਸਾਹਿਤਕ 'ਪ੍ਰਧਾਨਗੀ' ਵਾਲੀ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਲੰਮੇ ਸਫ਼ਰ ਦੀ ਲੋੜ ਹੈ।

ਸਾਹਿਤ ਨੂੰ ਜੈਂਡਰ ਦੀਆਂ ਬੇੜੀਆਂ ਤੋਂ ਮੁਕਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਕਿਸੇ ਰਚਨਾ ਦਾ ਮੁੱਲ ਇਸ ਗੱਲ ਤੋਂ ਨਹੀਂ ਪੈਣਾ ਚਾਹੀਦਾ ਕਿ ਉਸ ਨੂੰ ਲਿਖਣ ਵਾਲਾ ਮਰਦ ਹੈ ਜਾਂ ਔਰਤ, ਸਗੋਂ ਇਸ ਗੱਲ ਤੋਂ ਪੈਣਾ ਚਾਹੀਦਾ ਹੈ ਕਿ ਉਹ 'ਸੱਚ' ਦੇ ਕਿੰਨਾ ਨੇੜੇ ਹੈ। ਔਰਤ ਲੇਖਕਾਂ ਨੂੰ ਸਿਰਫ਼ 'ਇਸਤਰੀ ਸਰੋਕਾਰਾਂ' ਤੱਕ ਸੀਮਤ ਕਰਨਾ ਉਨ੍ਹਾਂ ਦੇ ਬੌਧਿਕ ਕੱਦ ਨੂੰ ਛੋਟਾ ਕਰਨਾ ਹੈ। ਜਦੋਂ ਅਸੀਂ ਲੇਖਕ ਦੀ ਨਿੱਜੀ ਜ਼ਿੰਦਗੀ ਨੂੰ ਪਾਸੇ ਰੱਖ ਕੇ ਉਸ ਦੀ 'ਗੁਣਵੱਤਾ' ਨੂੰ ਪੜ੍ਹਾਂਗੇ, ਉਦੋਂ ਹੀ ਸੱਚੇ ਅਰਥਾਂ ਵਿੱਚ ਇੱਕ ਸਿਹਤਮੰਦ ਸਾਹਿਤਕ ਸਮਾਜ ਦੀ ਸਿਰਜਣਾ ਹੋਵੇਗੀ।





ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਈ ਨੰਦ ਲਾਲ ਗੋਯਾ
(52 ਕਵੀਆਂ ਵਿਚੋਂ)

ਭਾਈ ਨੰਦ ਲਾਲ ਗੋਯਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬੜੇ ਸ਼ਰਧਾਵਾਨ ਸ਼ਰਧਾਲੂ ਸਨ। ਉਹ ਪੰਜਾਬ ਖੇਤਰ ਵਿੱਚ ਸਤਾਰਵੀਂ ਸਦੀ ਦੇ ਇੱਕ ਪੰਜਾਬੀ, ਫ਼ਾਰਸੀ ਅਤੇ ਅਰਬੀ ਦੇ ਕਵੀ ਸਨ। ਉਹਨਾਂ ਆਪਣੇ ਪਿਤਾ ਪਾਸੋਂ ਇਹ ਭਾਸ਼ਾਵਾਂ ਸਿੱਖ ਲਈਆਂ ਸਨ। ਉਹਨਾਂ 12 ਸਾਲ ਦੀ ਉਮਰ ਵਿੱਚ ਗੋਯਾ ਤਖਲਸ ਹੇਠ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਗੁਰੂ ਸਾਹਿਬ ਜੀ ਦੀ ਸਿੱਖਿਆ ਅਤੇ ਸਿਧਾਂਤ ਦੇ ਖੋਜ਼ੀ ਸਨ। ਉਸ ਦੀ ਕਵਿਤਾ 'ਜੋਤ ਵਿਗਾਸ' ਪੰਜਾਬੀ ਵਿੱਚ ਹੈ ਤੇ ਪ੍ਰਵਾਨਿਤ ਸਿੱਖ ਸਿਧਾਂਤ ਦਾ ਹਿੱਸਾ ਹੈ ਅਤੇ ਸਿੱਖ ਧਾਰਮਿਕ ਦੀਵਾਨਾਂ ਵਿੱਚ ਸ਼ਾਸ਼ਤਰੀ ਬਾਣੀ ਨਾਲ ਸੁਣਾਈ ਜਾ ਸਕਦੀ ਹੈ। ਉਹਨਾਂ ਦੀ ਰਚਨਾ ਵਿੱਚ ਸੰਗੀਤਕ ਪੇਸ਼ਕਾਰੀ ਵੀ ਹੈ। ਬਾਕੀ ਦੀ ਕਵਿਤਾ ਫਾਰਸੀ ਵਿੱਚ ਹੈ।

ਗੋਯਾ ਦਾ ਜਨਮ 1633 ਈਸਵੀ ਵਿੱਚ ਅਫ਼ਗਾਨਿਸਤਾਨ ਦੇ ਗਜ਼ਨੀ ਕਸਬੇ ਵਿੱਚ ਖੱਤਰੀ ਪ੍ਰਵਾਰ ਵਿੱਚ ਹੋਇਆ। ਇਹਨਾਂ ਦਾ ਵਰਗ ਮੁਗਲ ਕਾਲ ਵਿੱਚ ਫ਼ਾਰਸੀ, ਜੋ ਕਿ ਸਰਕਾਰੀ ਭਾਸ਼ਾ ਸੀ, ਨੂੰ ਸਿੱਖਣ ਵਿੱਚ ਵਿਵਹਾਰਕ ਮੁਹਾਰਤ ਰੱਖਣ ਲਈ ਵੱਖਰਾ ਸੀ। ਉਹਨਾਂ ਦੇ ਪਿਤਾ ਛੱਜੂ ਮੱਲ ਜੀ ਗਜ਼ਨੀ ਦੇ ਨਵਾਬ ਕੋਲ ਮੀਰ ਮੁਨਸ਼ੀ ਸਨ। ਨਵਾਬ ਉਨ੍ਹਾਂ 'ਤੇ ਬੜਾ ਵਿਸ਼ਵਾਸ ਕਰਦਾ ਸੀ। ਇਸ ਲਈ ਕਈ ਮਹੱਤਵਪੂਰਨ ਮਹਿਕਮੇ ਜਿਵੇਂ ਲੋਕ ਸੇਵਾ, ਰਾਜ ਸੇਵਾ, ਸੈਨਾ, ਆਬਕਾਰੀ ਆਦਿ ਮਿਲੇ ਹੋਏ ਸਨ। ਉਸ ਦੀ 50 ਸਾਲ ਦੀ ਉਮਰ ਤੱਕ ਕੋਈ ਔਲਾਦ ਨਹੀਂ ਸੀ ਕਿਉਂਕਿ ਹਰ ਬੱਚਾ 2-3 ਸਾਲ ਦੀ ਉਮਰ ਵਿੱਚ ਮਰ ਜਾਂਦਾ ਸੀ। ਤਦ 51 ਸਾਲ ਦੀ ਉਮਰ ਵਿੱਚ ਪੁੱਤਰ ਨੰਦ ਲਲ ਪੈਦਾ ਹੋਇਆ ਪਰ ਕੋਈ ਖੁਸ਼ੀ ਦੀ ਰਸਮ ਨਾ ਕੀਤੀ ਗਈ ਕਿਉਂਕਿ ਪੁੱਤਰ ਦੇ ਬੱਚਣ ਦੀ ਕੋਈ ਉਮੀਦ ਨਹੀਂ ਸੀ।

ਜਦੋਂ ਨੰਦ ਲਾਲ 6 ਸਾਲ ਹੋਇਆ ਤਾਂ ਮੌਲਵੀ ਕੋਲੋਂ ਫਾਰਸੀ ਪੜਨੀ ਸ਼ੁਰੂ ਕੀਤੀ, ਜੋ ਸਰਕਾਰੀ ਭਾਸ਼ਾ ਸੀ। ਉਸ ਨੇ ਅਰਬੀ ਵੀ ਸਿੱਖ ਲਈ, ਉਹ ਬਚਪਣ ਤੋਂ ਹੀ ਇੱਕ ਹੁਸ਼ਿਆਰ ਚਿੰਤਕ ਸੀ। ਦੀਵਾਨ ਛੱਜੂ ਰਾਮ ਬੈਰਾਗੀ ਮੱਤ ਦੇ ਬਾਨੀ ਗੋਸੈਨ ਰਾਮਾਨੰਦ ਦੇ ਸ਼ਰਧਾਲੂ ਸੀ। ਜਦੋਂ ਨੰਦ ਲਾਲ 12 ਸਾਲ ਦਾ ਹੋਇਆ ਤਾਂ ਪਿਤਾ ਨੇ ਕੈਂਠੀ ਦੀ ਰਸਮ ਅਦਾ ਕਰਨ ਲਈ ਆਪਣੇ ਗੁਰੂ ਨੂੰ ਬੁਲਾਇਆ ਅਤੇ ਭੰਡਾਰਾ ਚਲਾਇਆ। ਗੁਰੂ ਜੀ ਨੇ ਕੈਂਠੀ ਦੀ ਰਸਮ ਲਈ ਨੰਦ ਲਾਲ ਨੂੰ ਕੈਂਠੀ ਪਾਉਣ ਲਈ ਕਿਹਾ। ਨੰਦ ਲਾਲ ਨੇ ਨਾਂਹ ਕਰ ਦਿੱਤੀ ਕਿ ਇਹ ਤਾਂ ਲਕੜੀ ਉਤੇ ਵਲੇਟੇ ਧਾਗੇ ਦੀ ਬਣੀ ਹੈ ਕਦੇ ਵੀ ਟੁੱਟ ਸਕਦੀ ਹੈ। ਮੈਨੂੰ ਤਾਂ ਰੱਬ ਦੇ ਨਾਮ ਦੀ ਮਾਲਾ ਚਾਹੀਦੀ ਹੈ, ਜੋ ਮੇਰੇ ਨਾਲ ਨਿਭੇ। ਪਿਤਾ ਬੜੇ ਨਾਰਾਜ਼ ਹੋਏ ਤੇ ਮੁੜ ਵਿਚਾਰ ਕਰਨ ਲਈ ਕਿਹਾ।

ਤਿੰਨ ਦਿਨਾਂ ਬਾਅਦ ਫਿਰ ਪਿਤਾ ਗੁਰੂ ਕੋਲ ਗਿਆ ਕਿ ਮੇਰੇ ਪੁੱਤਰ ਨੂੰ ਕੈਂਠੀ ਪਾਓ। ਗੁਰੂ ਨੇ ਕਿਹਾ ਕਿ ਨੰਦ ਲਾਲ ਨੂੰ ਆਜ਼ਾਦ ਰਹਿਣ ਦਿਓ। ਪਿਤਾ ਨੇ ਇਹ ਕੈਂਠੀ ਪਾਉਣ ਦਾ ਖ਼ਿਆਲ ਹਮੇਸ਼ਾ ਲਈ ਛੱਡ ਦਿੱਤਾ। ਨੰਦ ਲਾਲ ਹੁਣ ਤੱਕ ਇੱਕ ਵਿਦਵਾਨ ਬਣ ਚੁੱਕਾ ਸੀ। ਉਸ ਦੀ ਕਵਿਤਾ ਦੀ ਮਹਿਕ ਦੂਰ ਦੂਰ ਤੱਕ ਫੈਲ ਗਈ। ਉਸ ਦੇ ਚਰਚੇ ਹੋਣ ਲੱਗੇ। ਜਦੋਂ ਉਹ 17 ਸਾਲ ਦਾ ਸੀ, ਮਾਤਾ ਦਾ ਦੇਹਾਂਤ ਹੋ ਗਿਆ। ਫਿਰ ਜਦ 19 ਸਾਲ ਦਾ ਹੋਇਆ ਤਾਂ ਪਿਤਾ ਦਾ ਵੀ ਦੇਹਾਂਤ ਹੋ ਗਿਆ।

ਆਪਣੇ ਪਿਤਾ ਦੀਆਂ ਅੰਤਮ ਰਸਮਾਂ ਨਿਭਾਉਣ ਤੋਂ ਬਾਅਦ ਉਹ ਨਵਾਬ ਕੋਲ ਗਿਆ ਕਿ ਮੈਨੂੰ ਮੇਰੇ ਪਿਤਾ ਦੀ ਨੌਕਰੀ 'ਤੇ ਰੱਖ ਲਓ। ਨਵਾਬ ਨੇ ਕਿਹਾ ਕਿ ਤੇਰੇ ਪਿਤਾ ਕੋਲ ਤਜਰਬਾ ਸੀ, ਤੇਰੇ ਕੋਲ ਅਜੇ ਉਹ ਤਜਰਬਾ ਨਹੀਂ ਹੈ। ਇਸ ਲਈ ਤੂੰ ਹੇਠਲੇ ਦਰਜੇ ਦੀ ਨੌਕਰੀ ਕਰ ਲੈ। ਨੰਦ ਲਾਲ ਨੇ ਨੌਕਰੀ ਤੋਂ ਨਾਂਹ ਕਰ ਦਿੱਤੀ। ਉਸ ਨੇ ਗਜ਼ਨੀ ਨੂੰ ਛੱਡਣ ਦਾ ਇਰਾਦਾ ਬਣਾ ਲਿਆ। ਦੀਵਾਨ ਛੱਜੂ ਰਾਮ ਨੇ ਆਪਣੀ ਜਾਇਦਾਦ ਬਣਾਈ ਹੋਈ ਸੀ। ਗੋਯਾ ਨੇ ਸਾਰੀ ਜਾਇਦਾਦ ਦਾ ਮੁੱਲ ਵੱਟ ਲਿਆ। ਉਸ ਨੇ ਦੋ ਨੌਕਰ ਰੱਖ ਲਏ। ਤਦ ਪਠਾਣਾ ਦਾ ਇੱਕ ਕਾਫ਼ਲਾ ਵੀ ਮੁਲਤਾਨ ਛੱਡਣ ਦੀ ਤਿਆਰੀ ਕਰ ਰਿਹਾ ਸੀ। ਉਸ ਦਾ ਪਿਤਾ ਗੋਯਾ ਦੇ ਪਿਤਾ ਦਾ ਦੋਸਤ ਸੀ। ਉਸ ਨੇ ਕਿਹਾ ਕਿ ਉਹ ਤੈਨੂੰ ਆਪਣੇ ਨਾਲ ਮੁਲਤਾਨ ਲੈ ਜਾਵੇਗਾ।

ਇੱਕ ਮਹੀਨੇ ਬਾਅਦ ਕਾਫ਼ਲਾ ਤੁਰਨ ਲਈ ਤਿਆਰ ਸੀ। ਮੁਲਤਾਨ ਜਾਣ ਲਈ ਗੋਯਾ ਨੇ ਦੋ ਖੱਚਰਾਂ ਲੈ ਲਈਆਂ। ਇੱਕ 'ਤੇ ਆਪਣਾ ਸਮਾਨ ਅਤੇ ਦੂਸਰੀ 'ਤੇ ਨੌਕਰਾਂ ਦਾ ਸਮਾਨ ਲੱਦ ਲਿਆ। ਯਾਤਰਾ ਤੋਂ ਬਾਅਦ ਗੋਯਾ ਮੁਲਤਾਨ ਪਹੁੰਚ ਗਿਆ। ਉਹ ਮੁਲਤਾਨ ਕਸਬੇ ਵਿੱਚ ਆਪਣੇ ਨੌਕਰਾਂ ਸਮੇਤ ਰਹਿਣ ਲੱਗਾ ਪਰ ਕਸਬਾ ਸੰਘਣੀ ਆਬਾਦੀ ਦਾ ਸੀ। ਉਸ ਨੂੰ ਜਗ੍ਹਾ ਪਸੰਦ ਨਲ ਆਈ। ਇੱਕ ਦਿਨ ਉਹ ਘੁੰਮਣ ਲਈ ਨਿਕਲਿਆ ਤਾਂ ਦਿੱਲੀ ਗੇਟ ਦੇ ਇਲਾਕੇ ਵਿੱਚ ਪਹੁੰਚ ਗਿਆ। ਨੇੜੇ ਹੀ ਉਸ ਨੇ ਖੂਹ ਵੇਖਿਆ ਉਥੇ 2-3 ਖੱਤਰੀਆਂ ਦੇ ਘਰ ਸਨ। ਉਹ ਉਹਨਾਂ ਨੂੰ ਮਿਲਿਆ। ਉਥੇ ਰਹਿਣ ਦਾ ਮਨ ਬਣਾ ਲਿਆ। ਉਸ ਨੇ ਕੁਝ ਜ਼ਮੀਨ ਖਰੀਦ ਕੇ ਆਪਣੇ ਰਹਿਣ ਲਈ ਇੱਕ ਸੁੰਦਰ ਮਕਾਨ ਬਣਾ ਲਿਆ। ਉਸ ਨੇ ਹੋਰ ਲੋਕਾਂ ਨੂੰ ਵੀ ਉਥੇ ਆ ਕੇ ਵੱਸਣ ਲਈ ਪ੍ਰੇਰਿਆ। ਲੋੜਵੰਦਾਂ ਨੂੰ ਮਕਾਨ ਬਣਾਉਣ ਲਈ ਕਰਜ਼ਾ ਵੀ ਦਿੱਤਾ। ਇਸ ਤਰਾਂ ਕਈ ਹਿੰਦੂ ਅਤੇ ਮੁਸਲਮਾਨਾਂ ਨੇ ਉਥੇ ਘਰ ਬਣਾ ਲਏ। ਜਦੋਂ ਆਬਾਦੀ ਵੱਧ ਗਈ ਤਾਂ ਜਗ੍ਹਾ ਦਾ ਨਾਓਂ ਉਸ ਨੇ ਆਗਾਪੁਰ ਰੱਖ ਦਿੱਤਾ। ਉਸ ਦੇ ਨੌਕਰ ਉਸ ਨੂੰ ਆਗਾ ਬੁਲਾਉਂਦੇ ਸਨ।

ਉਥੇ ਦਾ ਇੱਕ ਖੱਤਰੀ ਵੇਖ ਰਿਹਾ ਸੀ ਕਿ ਇਹ ਨੌਜਵਾਨ ਚੰਗਾ ਹੈ, ਪੜਿਆ ਲਿਖਿਆ ਹੈ, ਪੈਸੇ ਵਾਲਾ ਵੀ ਹੈ। ਉਸ ਨੇ ਆਪਣੀ ਧੀ ਦਾ ਵਿਆਹ ਗੋਯਾ ਨਾਲ ਕਰ ਦਿੱਤਾ। ਉਸ ਦੀ ਘਰਵਾਲੀ ਚੰਗੀ ਘਰੇਲੂ ਸੁਆਣੀ ਸੀ।

ਆਪਣੀ 21 ਸਾਲ ਦੀ ਉਮਰ ਤੱਕ ਗੋਯਾ ਕਿਸੇ ਧਰਮ ਦਾ ਸ਼ਰਧਾਲੂ ਨਹੀਂ ਸੀ ਪਰ ਉਸ ਦੀ ਘਰ ਵਾਲੀ ਗੁਰੂ ਨਾਨਕ ਦੀ ਬਾਣੀ ਵਿੱਚ ਵਿਸ਼ਵਾਸ ਰੱਖਣ ਵਾਲੇ ਪ੍ਰਵਾਰ ਵਿਚੋਂ ਸੀ। ਉਹ ਸਾਰੇ ਗੁਰਬਾਣੀ ਗਾਉਂਦੇ ਸਨ। ਨੇੜੇ ਹੀ ਬੇਦੀ ਸਿੱਖਾਂ ਦਾ ਗੁਰਦੁਆਰਾ ਸੀ। ਜਿਸਦਾ ਨਾਉਂ ਬਾਅਦ ਵਿੱਚ ਧਰਮਸ਼ਾਲਾ ਬਾਵਾ ਕਾਹਨਪੱਤ ਹੋ ਗਿਆ। ਉਹ ਵੀ ਪ੍ਰਵਾਰ ਨਾਲ ਗੁਰਦੁਆਰੇ ਜਾਣ ਲੱਗੇ। ਗੁਰਮੁੱਖੀ ਵੀ ਸਿੱਖ ਲਈ ਤੇ ਬਹੁਤ ਸਾਰੀ ਗੁਰਬਾਣੀ ਹਿਰਦੇ ਵਿੱਚ ਵਸਾ ਲਈ।

ਉਹ ਉਸ ਸਮੇਂ ਸਾਹਿਤ ਨਾਲ ਜੁੜ ਗਿਆ ਤੇ ਫਾਰਸੀ ਵਿੱਚ ਪੁਸਤਕਾਂ ਲਿਖੀਆਂ। ਬਹੁਤ ਸਾਰੇ ਲੋਕਾਂ ਨੇ ਉਸ ਦੀਆਂ ਪੁਸਤਕਾਂ ਪੜ ਕੇ ਗਿਆਨ ਪ੍ਰਾਪਤ ਕੀਤਾ। ਉਸ ਦੀਆਂ ਪੁਸਤਕਾਂ ਮਸ਼ਹੂਰ ਹੋ ਗਈਆਂ ਤੇ ਲੋਕ ਉਸ ਕੋਲ ਫਾਰਸੀ ਸਿੱਖਣ ਆਉਣ ਲੱਗੇ। ਉਸ ਦੇ ਬਾਅਦ ਵੀ ਉਸ ਦੇ ਉਤਰਾਧਿਕਾਰੀਆਂ ਨੇ ਫਾਰਸੀ ਪੜਾਉਣੀ ਜਾਰੀ ਰਖੀ। ਹਿੰਦੂਆਂ ਨੇ ਵੀ ਸਿੱਖਿਆ ਪ੍ਰਾਪਤ ਕੀਤੀ। ਜਿਥੇ ਉਹ ਪੜਾਇਆ ਕਰਦੇ ਸਨ ਲੋਕ ਉਸ ਜਗਾ 'ਤੇ ਸਿਰ ਝੁਕਾਉਂਦੇ ਸਨ।

ਉਹਨਾਂ ਦਿਨਾਂ ਵਿੱਚ ਮੁਲਤਾਨ ਕਾਬਲ ਦਾ ਹਿੱਸਾ ਸੀ ਤੇ ਇੱਕ ਰਾਜਪਾਲ ਨਿਯੁਕਤ ਸੀ। ਜਦੋਂ ਰਾਜਪਾਲ ਨੇ ਗੋਯਾ ਬਾਰੇ ਸੁਣਿਆ ਤੇ ਉਸ ਨੂੰ ਬੁਲਾਇਆ ਅਤੇ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਜਿਵੇਂ ਕਿ ਗੋਯਾ ਇੱਕ ਸਿਖਿਅਤ ਦਾਰਸ਼ਨਿਕ ਸੀ ਤਾਂ ਰਾਜਪਾਲ ਉਸਦੇ ਕੰਮ ਤੋਂ ਬਹੁਤ ਖੁਸ਼ ਸੀ। ਉਹ ਗੋਯਾ ਦਾ ਬੜਾ ਸਤਿਕਾਰ ਕਰਦਾ ਸੀ। ਇਹ ਵੇਖ ਕੇ ਦੂਸਰੇ ਅਹਿਲਕਾਰ ਗੋਯਾ ਨਾਲ ਈਰਖਾ ਕਰਨ ਲੱਗੇ। ਉਸ ਬਾਰੇ ਝੂਠੀਆਂ ਸ਼ਿਕਾਇਤਾਂ ਕਰਨ ਲੱਗੇ ਤਾਂ ਗੋਯਾ ਨੇ 6 ਕੁ ਸਾਲ ਦੀ ਨੌਕਰੀ ਛੱਡ ਦਿੱਤੀ।

40 ਸਾਲ ਦੀ ਉਮਰ ਵਿੱਚ ਉਸ ਦੇ ਘਰ ਪੁੱਤਰ ਪੈਦਾ ਹੋਇਆ। ਜਿਸ ਦਾ ਨਾਉਂ ਲੱਖਪੱਤ ਰਾਏ ਰੁਖਿਆ। ਦੋ ਸਾਲ ਬਾਅਦ ਦੂਸਰਾ ਪੁੱਤਰ ਜਨਮਿਆ, ਉਸ ਦਾ ਨਾਉਂ ਲੀਲਾ ਰਾਮ ਰੱਖਿਆ। ਜਦੋਂ ਵੱਡਾ ਪੁੱਤਰ 5 ਸਾਲ ਅਤੇ ਛੋਟਾ ਤਿੰਨ ਸਾਲ ਦਾ ਹੋਇਆ ਤਾਂ ਉਸ ਨੇ ਆਪਣੇ ਪ੍ਰਵਾਰ ਨੂੰ ਆਪਣੇ ਸਹੁਰੇ ਭੇਜ ਦਿੱਤਾ। ਉਹਨਾਂ ਨੂੰ ਕਾਫੀ ਜਾਇਦਾਦ ਦੇ ਕੇ ਆਪਣਾ ਮੁਲਤਾਨ ਛੱਡ ਦਿੱਤਾ। ਇੱਕ ਨੌਕਰ ਆਪਣੇ ਪ੍ਰਵਾਰ ਨੂੰ ਦੇ ਆਇਆ, ਇੱਕ ਨਾਲ ਰੱਖ ਲਿਆ। ਉਹ ਲਾਹੌਰ ਪਹੁੰਚ ਗਿਆ, ਕੁਝ ਦਿਨ ਉਥੇ ਰਿਹਾ। ਅੰਮ੍ਰਿਤਸਰ ਅਤੇ ਕੁਝ ਹੋਰ ਸ਼ਹਿਰਾਂ ਵਿਚੋਂ ਹੁੰਦਾ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਨੂੰ ਚੱਲ ਪਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਆਗਰਾ ਚਲਾ ਗਿਆ।

ਉਹਨਾਂ ਦਿਨਾਂ ਵਿੱਚ ਔਰੰਗਜੇਬ ਦਾ ਵੱਡਾ ਪੁੱਤਰ ਬਹਾਦਰ ਸ਼ਾਹ ਆਗਰਾ ਦਾ ਰਾਜਪਾਲ ਸੀ। ਗੋਯਾ ਨੇ ਬਾਦਸ਼ਾਹ ਦੀ ਸਿਫ਼ਤ ਵਿੱਚ ਇੱਕ ਲੰਬੀ ਕਵਿਤਾ ਦਰਬਾਰ ਵਿੱਚ ਸੁਣਾਈ। ਬਹਾਦਰ ਸ਼ਾਹ ਸ਼ਹਿਜਾਦਾ ਬਹੁਤ ਪ੍ਰਸੰਨ ਹੋਇਆ। ਉਸ ਨੇ ਗੋਯਾ ਨੂੰ ਅਗਲੇ ਦਿਨ ਬੁਲਾ ਕੇ ਬੜੇ ਸਤਿਕਾਰ ਨਾਲ ਬਿਠਾਇਆ। ਸੰਖੇਪ ਗੱਲਬਾਤ ਕਰਨ ਤੋਂ ਬਾਅਦ ਸ਼ਹਿਜ਼ਾਦੇ ਨੇ ਗੋਯਾ ਨੂੰ ਮੀਰ ਮੁਨਸ਼ੀ ਨਿਯੁਕਤ ਕਰ ਲਿਆ।

ਉਸ ਨੇ ਬੜੀ ਮਿਹਨਤ ਅਤੇ ਲਗਨ ਨਾਲ ਆਪਣੀ ਜਿੰਮੇਵਾਰੀ ਨਿਭਾਈ ਕਿ ਉਸ ਦੇ ਕੰਮ ਦੇ ਚਰਚੇ ਦਿੱਲੀ ਤੱਕ ਹੋਣ ਲੱਗੇ। ਇੱਕ ਵਾਰ ਮੁਗਲ ਬਾਦਸ਼ਾਹ ਔਰੰਗਜੇਬ ਨੇ ਆਗਰਾ ਦਾ ਦੌਰਾ ਕੀਤਾ। ਸ਼ਾਹੀ ਦਰਬਾਰ ਸਜਿਆ ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਵਿਚਾਰ ਰੱਖੇ। ਹਰ ਇੱਕ ਨੇ ਧਾਰਮਿਕ ਤੌਰ 'ਤੇ ਬਾਦਸ਼ਾਹ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਸ਼ਾਹ ਕੁਰਾਨ ਦੀ ਇੱਕ ਆਇਤ ਦੇ ਢੁੱਕਵੇਂ ਅਰਥ ਜਾਨਣਾ ਚਾਹੁੰਦਾ ਸੀ। ਉਸ ਨੇ ਬਹੁਤ ਸਾਰੇ ਵਿਦਵਾਨਾਂ ਨਾਲ ਮਸਵਰਾਂ ਕੀਤਾ, ਪਰ ਤਸੱਲੀ ਬਖਸ਼ ਜੁਆਬ ਨਾ ਮਿਲਿਆ। ਉਸ ਨੇ ਆਪਣੇ ਸ਼ਹਿਜਾਦੇ ਬਹਾਦਰ ਸ਼ਾਹ ਨੂੰ ਵੀ ਪੁਛਿਆ। ਬਹਾਦਰ ਸ਼ਾਹ ਨੇ ਕੁਝ ਸਮਾਂ ਮੰਗਿਆ, ਬਾਦਸ਼ਾਹ ਨੇ 8 ਦਿਨਾਂ ਦਾ ਸਮਾਂ ਦਿੱਤਾ।

ਬਹਾਦਰ ਸ਼ਾਹ ਨੇ ਆਇਤ 'ਤੇ ਖੋਜ ਕੀਤੀ ਪਰ ਸਫਲ ਨਾ ਹੋਇਆ। ਕਾਜੀ ਮੁੱਲਾਂ ਦੀ ਵੀ ਸਲਾਹ ਲਈ ਪਰ ਗੱਲ ਨਾ ਬਣੀ। ਉਸ ਨੇ ਗੋਯਾ ਨਾਲ ਗੱਲ ਕੀਤੀ। ਗੋਯਾ ਨੇ ਚੰਗੇ ਤਰੀਕੇ ਨਾਲ ਆਇਤ ਦੇ ਅਰਥ ਕਰ ਦਿੱਤੇ। ਬਹਾਦਰ ਸ਼ਾਹ ਦਰਬਾਰ ਹਾਜ਼ਰ ਹੋਇਆ। ਬਹੁਤ ਸਾਰੇ ਵਿਦਵਾਨ ਬੈਠੇ ਸਨ। ਬਹਾਦਰ ਸ਼ਾਹ ਨੇ ਅਰਥ ਦਸੇ। ਬਾਦਸ਼ਾਹ ਦੀ ਤਸੱਲੀ ਹੋ ਗਈ। ਬਾਦਸ਼ਾਹ ਨੇ ਪੁਛਿਆ ਕਿ ਇਹ ਅਰਥ ਤੇਰੇ ਕੀਤੇ ਹਨ ਤਾਂ ਬਹਾਦਰ ਸ਼ਾਹ ਨੇ ਕਿਹਾ ਕਿ ਇਸ ਦਾ ਸਿਹਰਾ ਗੋਯਾ ਮੀਰ ਮੁਨਸ਼ੀ ਨੂੰ ਜਾਂਦਾ ਹੈ। ਬਾਦਸ਼ਾਹ ਨੇ ਗੋਯਾ ਨੂੰ 500 ਰੁਪਏ ਦਾ ਇਨਾਮ ਦਿੱਤਾ ਪਰ ਨਾਲ ਹੀ ਆਪਣੇ ਪੁੱਤਰ ਨੂੰ ਕਿਹਾ ਕਿ ਇਹ ਵਿਦਵਾਨ ਹਿੰਦੂ ਧਰਮ ਵਿੱਚ ਨਹੀਂ ਰਹਿਣਾ ਚਾਹੀਦਾ। ਇਸ ਨੂੰ ਤੁਰੰਤ ਇਸਲਾਮ ਵਿੱਚ ਲਿਆਓ।

ਬਹਾਦਰ ਸ਼ਾਹ ਨੇ ਆਪਣੀ ਕੋਸ਼ਿਸ ਵਿੱਚ ਗੋਯਾ ਨੂੰ ਲਾਲਚ ਦੇਣ ਦੇ ਇਰਾਦੇ ਵਿੱਚ ਉਸਦੀ ਤਨਖਾਹ ਵਧਾ ਦਿੱਤੀ ਤੇ ਹੋਰ ਵੀ ਇੱਜਤ ਮਾਣ ਦੇਣ ਲੱਗਿਆ। ਕੁਝ ਦਿਨਾਂ ਵਿੱਚ ਭੇਦ ਖੁਲ੍ਹਿਆ ਕਿ ਬਾਦਸ਼ਾਹ ਤੈਨੂੰ ਤੁਰੰਤ ਇਸਲਾਮ ਵਿੱਚ ਲਿਆਉਣਾ ਚਾਹੁੰਦਾ ਹੈ। ਗੋਯਾ ਹੈਰਾਨ ਸੀ ਤੇ ਚੁੱਪ ਰਿਹਾ। ਫਿਰ ਕਿਹਾ ਕਿ ਕੁਝ ਦਿਨ ਦਾ ਸਮਾਂ ਚਾਹੀਦਾ ਹੈ।

ਪ੍ਰੇਸ਼ਾਨ ਹੋਏ ਗੋਯਾ ਨੇ ਇਹ ਗੱਲ ਕੋਤਵਾਲ ਗਿਆਸ ਓ ਦੀਨ ਨਾਲ ਸਾਂਝੀ ਕੀਤੀ ਕਿ ਉਹ ਇਸਲਾਮ ਕਬੂਲ ਨਹੀਂ ਕਰਨਾ ਚਾਹੁੰਦਾ। ਗਿਆਸ ਓ ਦੀਨ ਨੇ ਕਿਹਾ ਕਿ ਮੈਂ ਤੈਨੂੰ ਇਥੋਂ ਜਾਣ ਵਿੱਚ ਪੂਰੀ ਮਦਦ ਕਰਾਂਗਾ। ਆਪਾਂ ਦੋਵੇਂ ਇੱਥੋਂ ਨਿਕਲ ਜਾਵਾਂਗੇ। ਗੋਯਾ ਨੇ ਕਿਹਾ ਕਿ ਜੇ ਦੋਵੇਂ ਇਕੱਠੇ ਨਿਕਲੇ ਤਾਂ ਫੜੇ ਜਾਵਾਂਗੇ। ਮੈਂ ਪਹਿਲਾਂ ਨਿਕਲਦਾ ਹਾਂ ਤੂੰ ਕੁਝ ਦਿਨ ਬਾਅਦ ਮੇਰੀ ਮਦਦ ਲਈ ਆ ਜਾਂਵੀਂ ਆਪਾਂ ਲਾਹੌਰ ਵਿੱਚ ਮਿਲਾਂਗੇ ਪਰ ਤੂੰ ਛੁੱਟੀ ਲੈ ਕੇ ਆਵੀਂ।

ਇਸ ਤਰਾਂ ਗੋਯਾ ਇੱਕ ਰਾਤ ਬਚ ਨਿਕਲਿਆ। ਲਾਹੌਰ ਪਹੁੰਚ ਗਿਆ। ਇੱਕ ਸਰਾਂ ਵਿੱਚ ਠਹਿਰ ਗਿਆ। ਉਧਰ ਸ਼ਹਿਜ਼ਾਦੇ ਨੂੰ ਪਤਾ ਲੱਗਾ ਕਿ ਗੋਯਾ ਗਾਇਬ ਹੈ। ਉਸ ਨੇ ਗੋਯਾ ਦੀ ਤਲਾਸ਼ ਕੀਤੀ। ਕੁਝ ਦਿਨਾਂ ਬਾਅਦ ਗਿਆਸ ਓ ਦੀਨ ਵੀ ਇੱਕ ਮਹੀਨੇ ਦੀ ਛੁੱਟੀ ਲੈ ਕੇ ਲਾਹੌਰ ਗੋਯਾ ਨੂੰ ਜਾ ਮਿਲਿਆ। ਉਹ ਦੋਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿੱਚ 29 ਮਾਰਚ 1682 ਵਿਸਾਖੀ ਵਾਲੇ ਦਿਨ ਆ ਗਏ। ਗੁਰੂ ਸਾਹਿਬ ਨੇ ਉਹਨਾਂ ਦੀ ਰਿਹਾਇਸ਼ ਦਾ ਚੰਗਾ ਪ੍ਰਬੰਧ ਕੀਤਾ ਅਤੇ ਉਹਨਾਂ ਨੂੰ ਸੰਗਤਾਂ ਅਤੇ ਦਰਬਾਰ ਦੀ ਸੇਵਾ ਵਿੱਚ ਜੁੱਟ ਜਾਣ ਲਈ ਕਿਹਾ। ਗਿਆਸ ਓ ਦੀਨ ਇੱਕ ਮਹੀਨਾ ਰਹਿ ਕੇ ਆਗਰਾ ਪਰਤ ਗਿਆ। ਗੋਯਾ ਸੇਵਾ ਕਰਨ ਦਾ ਆਦੀ ਹੋ ਗਿਆ ਅਤੇ ਗੁਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਲੱਗਾ।

ਨੰਦ ਲਾਲ ਗੋਯਾ ਨੇ ਗੁਰੂ ਸਾਹਿਬ ਜੀ ਨੂੰ ਆਪਣੀਆਂ ਕਵਿਤਾਵਾਂ ਦਾ ਸੰਗ੍ਰਹਿ 'ਬੰਦਗੀ ਨਾਮਾ' ਪੇਸ਼ ਕੀਤਾ। ਗੁਰੂ ਸਾਹਿਬ ਜੀ ਨੇ ਇਸ ਦਾ ਨਾਮ 'ਬੰਦਗੀਨਾਮਾ' ਤੋਂ ਬਦਲ ਕੇ 'ਜਿੰਦਗੀ ਨਾਮਾ' ਕਰਦਿਆਂ ਜਵਾਬ ਫਾਰਸੀ ਆਇਤ ਵਿੱਚ ਦਿੱਤਾ।

ਆਬ ਏ ਹੈਵਨਪੂਰ ਸੂਦ ਚੁਨ ਜਮ ਏਉ
ਜਿੰਦਗੀ ਨਾਮ ਸ਼ਦ ਬੰਦਗੀ ਨਾਮਾ ਉਂ

(ਜਦੋਂ ਉਸਦਾ ਗਮਲਾ ਜੀਵਨ ਦੇ ਪਾਣੀ ਨਾਲ ਭਰ ਗਿਆ ਤਾਂ ਉਸ ਦਾ ਬੰਦਗੀ ਨਾਮ ਜਿੰਦਗੀ ਨਾਮਾ ਬਣ ਗਿਆ) ਗੋਯਾ ਨੇ ਗੁਰੂ ਸਾਹਿਬ ਜੀ ਨਾਲ ਰਹੱਸਵਾਦੀ ਚਿੰਤਨ ਵਿੱਚ ਆਪਣੇ ਦਿਨ ਬਿਤਾਏ। ਕਵਿਤਾ ਦੀ ਰਚਨਾ ਕੀਤੀ। ਜਿਸ ਵਿੱਚ ਉਸਦਾ ਅਧਿਆਤਮਕ ਅਨੁਭਵ ਪ੍ਰਮੁੱਖ ਤੱਤ ਹੈ। ਇਸ ਸਮੇਂ ਦੀ ਉਸ ਦੀ ਫਾਰਸੀ ਕਵਿਤਾ ਸਿੱਖ ਪਰੰਪਰਾ ਵਿੱਚ ਬੜੇ ਸਤਿਕਾਰ ਨਾਲ ਗਾਈ ਜਾਂਦੀ ਹੈ। ਉਦੋਂ ਹੋਰ ਕਵੀਆਂ ਨੇ ਵੀ ਗੁਰਾਂ ਦੀ ਸੰਗਤ ਕੀਤੀ। ਜਿਨ੍ਹਾਂ ਨੇ ਬ੍ਰਿਜ ਭਾਸ਼ਾ ਵਿੱਚ ਲਿਖਿਆ, ਜਿਸ ਨੂੰ ਸ਼ਾਸਤਰੀ ਮਾਧਿਆਮ ਦਾ ਦਰਜ਼ਾ ਪ੍ਰਾਪਤ ਸੀ। ਨੰਦ ਲਾਲ ਗੁਰੂ ਸਾਹਿਬ ਦਾ ਫਾਰਸੀ ਕਵੀ ਵਜੋਂ ਉਭਰਿਆ। ਭਾਈ ਨੰਦ ਲਾਲ ਗੋਯਾ ਦੀਆਂ ਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

1. ਜਿੰਦਗੀ ਨਾਮਾ : ਇਸ ਦਾ ਵਿਸ਼ਵਾ ਪਰਮਾਤਮਾ ਨਾਲ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਹੈ। ਇਯ ਵਿੱਚ 519 ਛੰਦ ਹਨ॥

2. ਦੀਵਾਨ ਏ ਗੋਯਾ : ਇਏ 63 ਗ਼ਜ਼ਲਾਂ, 18 ਕਵਿਤਾਵਾਂ ਅਤੇ 126 ਬਾਤਾਂ ਦਾ ਸੰਗ੍ਰਹਿ ਹੈ।

3. ਤੌਸੀਫ ਓ ਸਾਨਾ : ਇਹ ਵਾਰਤਿਕ ਵਿੱਚ ਹੈ ਪਰ ਅੰਤ ਵਿੱਚ ਕੁਝ ਛੰਦ ਸ਼ਾਮਲ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤੱਤ ਵਿੱਚ ਹੈ। ਇਸ ਵਿੱਚ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਹਨ।

4. ਗੰਜ ਨਾਮਾ : ਇਹ ਸਾਰੇ ਦਸ ਗੁਰੂਆਂ 'ਤੇ ਵਿਅਕਤੀਗਤ ਤੌਰ ਤੇ ਵਿਅੰਗਮਈ ਹੈ। ਇਹ ਵਾਰਤਿਕ ਅਤੇ ਕਵਿਤਾ ਦੋਵਾਂ ਵਿੱਚ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਪ੍ਰਤੀ ਪਿਆਰ ਨਾਲ ਭਰਪੂਰ ਹੈ।

5. ਜੋਤ ਵਿਗਾਸ : ਇਹ ਹਿੰਦੀ ਵਿੱਚ ਹੈ, ਇਸ ਵਿੱਚ 43 ਦੋਹੇ ਹਨ। ਇਹ ਮੁੱਖ ਤੌਰ 'ਤੇ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਜੈਤਸਰੀ ਕੀ ਵਾਰ ਦੀ ਵਿਆਖਿਆ ਕਰਨ ਲਈ ਸਮਰਪਿਤ ਹੈ। ਖਾਸ ਤੌਰ ਤੇ ਦਸ ਗੁਰੂਆਂ ਦੇ ਕੇਵਲ ਇੱਕ ਆਤਮਾ ਅਤੇ ਇੱਕ ਪ੍ਰਕਾਸ਼ ਹਨ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸਖਸੀਅਤ ਦਾ ਪਿਆਰਾ ਪ੍ਰਗਟਾਵਾ ਹੈ। ਇਹ ਰਚਨਾ ਹਿੰਦੀ ਅਤੇ ਪੰਜਾਬੀ ਦੋਵਾਂ ਵਿੱਚ ਹੈ।

6. ਜੋਤ ਵਿਗਾਸ : ਇਹ ਫ਼ਾਰਸੀ ਵਿੱਚ ਹੈ। ਇਹ 179 ਫ਼ਾਰਸੀ ਦੇ ਦੋਹੇ ਵਿੱਚ 43 ਹਿੰਦੀ ਦੋਹੜਿਆਂ ਦੀ ਵਿਆਖਿਆ ਹੈ।

7. ਰਹਿਤਨਾਮਾ : ਇਹ ਪੰਜਾਬੀ ਵਿੱਚ ਦਸੰਬਰ 1695 ਵਿੱਚ ਆਨੰਦਪੁਰ ਵਿਖੇ ਲਿਖਿਆ ਗਿਆ ਸੀ। ਇਹ ਪੂਰਣ ਖ਼ਾਲਸਾ ਸਿੱਖਾਂ ਲਈ ਰਹਿਤ ਮਰਯਾਦਾ ਹੈ। ਖ਼ਾਲਸੇ ਦੇ ਆਚਰਣ ਨਿਯਮਾਂ ਬਾਰੇ ਸੰਵਾਦ ਹੈ।

8. ਤਨਖਾਹਨਾਮਾ : ਇਹ ਖ਼ਾਲਸੇ ਦੀ ਸਿਰਜਣਾ ਤੋਂ ਬਾਅਦ ਪੰਜਾਬੀ ਵਿੱਚ ਲਿਖਿਆ ਗਿਆ ਸੀ। ਇਸ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਉਹਨਾਂ ਦੇ ਖ਼ਾਲਸੇ ਦੇ ਅਨੇਕ ਹਵਾਲੇ ਦਿੱਤੇ ਗਏ ਹਨ। ਜੋ ਖ਼ਾਲਸੇ ਲਈ ਅਨੁਸਾਸਨ ਦੀ ਇੱਕ ਨਿਯਮਾਂਵਲੀ ਵਜੋਂ ਕੰਮ ਕਰਦਾ ਹੈ।

9. ਦਸਤੂਰ ਉਲ ਇੰਸ਼ਾਂ : ਇਹ ਉਸਦੇ ਦੋਸਤਾਂ, ਰਿਸ਼ਤੇਦਾਰਾਂ ਨੂੰ ਫ਼ਾਰਸੀ ਵਾਰਤਿਕ ਚਿੱਠੀਆਂ ਦਾ ਸੰਗ੍ਰਹਿ ਹੈ। ਉਹ ਪੱਤਰ ਲਿਖਣ ਦੇ ਨਮੂਨੇ ਵਜੋਂ ਕੰਮ ਕਰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਦੀਆਂ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਸਥਿਤੀਆਂ ਬਾਰੇ ਕੀਮਤੀ ਇਤਿਹਾਸਿਕ ਜਾਣਕਾਰੀ ਹੈ।

10. ਅਰਜ ਉਲ ਐਫ਼ਜ਼ : ਇਹ ਫ਼ਾਰਸੀ ਕਵਿਤਾ ਵਿੱਚ ਹੈ। ਇਸ ਵਿੱਚ ਪਰਮਾਤਮਾ ਅਤੇ ਸਿੱਖ ਗੁਰੂਆਂ ਦੀ ਉਸਤੱਤ ਅਤੇ ਕਈ ਧਾਰਮਿਕ ਫਲਸਫੇ ਸ਼ਾਮਲ ਹਨ। ਉਹ ਸਿੱਖ ਸਿਧਾਂਤਾਂ ਦੀ ਆਪਣੀ ਵਿਆਖਿਆ ਦਸਦਾ ਹੈ। ਗੋਯਾ ਦੀ ਕੋਮਲ ਕਵਿਤਾ ਪ੍ਰੇਰਨਾਦਾਇਕ ਹੈ। ਸ਼ਪਸ਼ਟ ਬਿਆਨਬਾਜੀ ਹੈ। ਇਸ ਦੀ ਕਲਪਨਾ ਦਿਲ ਨੂੰ ਲੱਗਦੀ ਹੈ। ਉਸ ਦੀ ਰਚਨਾ ਵਿੱਚ ਤਿੱਖੀ ਬੁੱਧੀ ਅਤੇ ਡੂੰਘੇ ਵਿਚਾਰ ਦਿਖਾਈ ਦਿੰਦੇ ਹਨ। ਗੁਰੂ ਵਾਸਤੇ ਪੂਰਨ ਸਮਰਪਣ ਹੈ।

ਗੋਯਾ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਏਨਾ ਮਗਨ ਹੋ ਗਿਆ ਕਿ ਉਸ ਨੇ ਮੁੜ ਕੇ ਆਪਣਾ ਪ੍ਰਵਾਰ ਤੱਕ ਵੀ ਨਾ ਵੇਖਿਆ। ਗੁਰੂ ਸਾਹਿਬ ਨੇ ਕਿਹਾ ਕਿ ਤੇਰੇ ਪ੍ਰਵਾਰ ਦੀ ਮਦਦ ਲਈ ਸਿੱਖਾਂ ਨੂੰ ਕਹਿ ਦਿੰਦੇ ਹਾਂ। ਗੋਯਾ ਨੇ ਕਿਹਾ ਕਿ ਅਸੀਂ ਨੌਕਰੀਪੇਸ਼ਾ ਹਾਂ, ਕਮਾ ਲੈਂਦੇ ਹਾਂ। ਸਾਨੂੰ ਸਿਰਫ਼ ਆਪ ਜੀ ਦੀ ਮਿਹਰ ਚਾਹੀਦੀ ਹੈ। ਆਨੰਦਪੁਰ ਵਿਖੇ ਚਲਦੇ ਲੰਗਰਾਂ ਵਿੱਚ ਗੋਯਾ ਨੇ ਇੱਕ ਮਿਸਾਲੀ ਸੇਵਾ ਨਿਭਾਈ।

ਗੋਯਾ ਦਸੰਬਰ 1704 ਤਕ ਗੁਰੂ ਸਾਹਿਬ ਜੀ ਦੀ ਸੇਵਾ ਵਿੱਚ ਸੀ। ਸਰਸਾ ਨਦੀ ਦੀ ਜੰਗ ਵਿੱਚ ਗੁਰੂ ਸਾਹਿਬ ਦਾ ਪ੍ਰਵਾਰ ਉਹਨਾਂ ਤੋਂ ਵੱਖ ਹੋ ਗਿਆ। **(ਬਾਕੀ ਸਫ਼ਾ 27 'ਤੇ)**

ਇੱਕ ਬੂਟਾ ਅੰਬੀ ਦਾ.......

ਜਸਵੰਤ ਸਿੰਘ ਗੰਡਮ

ਸਾਲ 1959 ਦੀ ਪੰਜਾਬੀ ਫਿਲਮ 'ਭੰਗੜਾ' ਵਿੱਚ ਸ਼ਮਸ਼ਾਦ ਬੇਗਮ ਦਾ ਗਾਇਆ ਇੱਕ ਗੀਤ ਹੈ;

ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀਂ
ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀਂ।

ਅੱਜਕੱਲ੍ਹ ਅੰਬੀਆਂ ਦੇ ਬੂਟਿਆਂ ਨੂੰ ਬੂਰ ਪੈ ਗਿਆ ਹੈ ਤੇ ਸਾਨੂੰ ਇਹ ਗੀਤ ਸ਼ਿੱਦਤ ਨਾਲ ਫਿਰ ਯਾਦ ਆ ਗਿਆ ਹੈ। ਬੂਰ ਪੈਣਾ ਹੀ ਅੰਬ ਦੇ ਫ਼ਲ ਲੱਗਣ ਦਾ ਸੁਨੇਹਾ ਹੁੰਦੈ। ਇਹ ਬਹਾਰ ਦੀ ਆਮਦ ਦਾ ਸੰਦੇਸ਼ ਵੀ ਹੈ। ਬਲਕਿ ਅੰਬ ਬਹਾਰ ਦੀ ਰੁੱਤ ਦੇ ਮਗਰ ਮਗਰ ਹੀ ਆ ਜਾਂਦੈ ਤੇ ਅੰਬ ਦੇ ਮਗਰ ਮਗਰ ਕੋਇਲ ਆ ਜਾਂਦੀ ਹੈ। ਇਨ੍ਹਾਂ ਤਿੰਨਾਂ ਨੂੰ ਤੱਕ ਕੇ ਪ੍ਰੇਮ ਪਰੁੱਚੇ ਦਿਲ 'ਚ ਪੀਆ ਮਿਲਣ ਦੀ ਤੜਫ਼ ਹੋਰ ਪ੍ਰਬਲ ਹੋਣ ਲੱਗਦੀ ਹੈ। ਬਹਾਰ ਅਤੇ ਅੰਬ ਰੁਮਾਂਚਕਾਰੀ ਭਾਵ ਪੈਦਾ ਕਰਦੇ ਹਨ, ਪਰ ਕੋਇਲ ਦਾ ਪਰਵਾਸ ਹਰ ਪ੍ਰੀਤ ਪੀੜਤ ਰੂਹ ਅੰਦਰ ਪਰਦੇਸੀ ਨੂੰ ਮਿਲਣ ਦੀ ਤਾਂਘ ਪ੍ਰਚੰਡ ਕਰਦਾ ਹੈ। ਕੋਇਲ ਦੀ ਕੂ ਕੂ ਹਿਰਦੇ ਵਿੱਚ ਧੁਰ ਤੀਕ ਧੂਹ ਪਾਉਂਦੀ ਹੈ। ਵਿਆਕੁਲ ਪ੍ਰੇਮਿਕਾ ਪੁਕਾਰ ਉੱਠਦੀ ਹੈ;

ਕੋਇਲਾਂ ਕੂਕਦੀਆਂ, ਪ੍ਰਦੇਸੀਆ ਘਰ ਆ।

ਅੰਬ ਸਾਡਾ ਸਭ ਤੋਂ ਮਨਪਸੰਦ ਫ਼ਲ ਹੈ। ਸਾਡਾ ਹੀ ਕਿਉਂ, ਤੁਹਾਡਾ ਵੀ ਤੇ ਹੋਰ ਸਭ ਦਾ ਵੀ ਮਨਭਾਉਂਦਾ ਫ਼ਲ ਹੋਵੇਗਾ। ਮੇਰੀ ਉਮਰ ਦੇ ਪੇਂਡੂਆਂ ਦਾ ਬਚਪਨ ਗਰਮੀਆਂ ਨੂੰ ਕੱਚੀਆਂ ਅੰਬੀਆਂ 'ਤੇ ਲੂਣ-ਮਸਾਲਾ ਭੁੱਕ ਕੇ ਚਟਖਾਰੇ ਲੈ ਲੈ ਖਾਣ ਅਤੇ ਟਪਕੇ ਅੰਬਾਂ ਨੂੰ ਹੱਥ-ਮੂੰਹ ਲਬੇੜ ਕੇ ਸੁਆਦ ਨਾਲ ਹੁਲਾਰੇ ਲੈ ਲੈ ਕੇ ਚੂਪਣ ਵਿੱਚ ਗੁਜ਼ਰਿਐ। ਹੋ ਸਕਦੈ ਛੋਟੇ ਸ਼ਹਿਰਾਂ/ਕਸਬਿਆਂ ਵਾਲਿਆਂ ਨੇ ਵੀ ਇਹ ਸਵਰਗੀ ਹੁਲਾਰੇ ਲਏ ਹੋਣ।

ਉਨ੍ਹੀਂ ਦਿਨੀਂ ਯਾਨੀ 30-35 ਸਾਲ ਪਹਿਲਾਂ ਖੂਹਾਂ, ਖੇਤਾਂ, ਤੌੜਾਂ ਅਤੇ ਘਰਾਂ ਦੇ ਵਿਹੜਿਆਂ 'ਚ ਅੰਬਾਂ ਦੇ ਬੂਟੇ ਲੱਗੇ ਹੋਣਾ ਆਮ ਗੱਲ ਸੀ। ਦੁਆਬਾ ਤਾਂ ਅੰਬਾਂ ਦਾ ਘਰ ਹੁੰਦਾ ਸੀ। ਇਸ ਲਈ ਹੀ ਤਾਂ ਮਸ਼ਹੂਰ ਲੋਕ ਬੋਲੀ ਹੈ;

ਨੀਂ ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ।

ਪੰਜਾਬੀ ਕਵੀ ਵਰਿੰਦਰ ਨਿਮਾਣਾ ਨੇ 'ਅੰਬਾਂ ਦੇ ਦੇਸ ਦੁਆਬਾ' ਦੀ ਇਸ ਤਰ੍ਹਾਂ ਮਹਿਮਾ ਕੀਤੀ ਹੈ;

ਜਦੋਂ ਅੰਬ ਸੰਧੂਰੀ ਪੱਕ ਜਾਣ ਦੇਸ ਦੁਆਬੇ ਦੇ
ਰੱਬ ਆਪ ਬਹਿਸ਼ਤੋਂ ਉਤਰ ਕੇ ਆਇਆ ਲੱਗਦਾ ਏ।

ਖੈਰ, ਉਸ ਵੇਲੇ ਦੇ ਬਚਪਨ ਦਾ ਇੱਕ ਹੋਰ ਆਮ ਵਰਤਾਰਾ ਸੀ। ਬੱਚੇ ਅੰਬੀਆਂ ਤੂੜੀ ਦੇ ਕੁੱਪਾਂ/ਮੂਸਲਾਂ ਜਾਂ ਤੂੜੀ ਵਿੱਚ ਤੁੰਨ ਕੇ ਰੱਖ ਦਿੰਦੇ ਸਨ। ਇਹ ਅੰਬਾਂ ਦੀ ਪੈਲ ਪਾਉਣ ਦਾ ਇੱਕ ਕਿਸਮ ਦਾ ਦੇਸੀ ਢੰਗ ਸੀ। ਹਰ ਰੋਜ਼ ਦੇਖਦੇ ਰਹੀਦਾ ਸੀ ਕਿ ਅੰਬ ਪੱਕਿਆ ਕਿ ਨਹੀਂ। ਨਾਲੇ ਇਸ ਬਹਾਨੇ ਪਹਿਰਾ ਵੀ ਦਿੱਤਾ ਜਾਂਦਾ ਸੀ ਕਿ ਕਿਧਰੇ ਕੋਈ ਦੂਸਰਾ ਹੀ ਦਾਅ ਨਾ ਲਾ ਗਿਆ ਹੋਵੇ। ਜਦ ਕੁਝ ਦਿਨਾਂ ਬਾਅਦ ਅੰਬ ਪੱਕ ਜਾਂਦਾ ਸੀ ਤਾਂ ਬੜੇ ਮਜ਼ੇ ਲੈ ਲੈ ਚੂਪੀਦਾ ਸੀ। ਹਾਂ, ਇਸ ਤਰ੍ਹਾਂ ਕੱਚੇ ਅੰਬ ਨੂੰ ਦੇਸੀ ਪੈਲ ਨਾਲ ਪਕਾਉਣ ਉਪਰੰਤ ਚੂਪਣ ਤੋਂ ਪਹਿਲਾਂ ਉਸ ਦਾ ਚੰਗੀ ਤਰ੍ਹਾਂ ਡੋਕ ਕੱਢੀਦਾ ਸੀ ਤਾਂ ਕਿ ਇਸ ਤੇਜ਼ਾਬੀ ਜਿਹੇ ਮਾਦੇ ਨਾਲ ਮੂੰਹ ਨਾ ਛਿੱਲਿਆ ਜਾਵੇ ਜਾਂ ਚਮੜੀ ਉੱਪਰ ਚਟਾਕ ਨਾ ਪੈ ਜਾਣ। ਆਪਣੀ ਮਿਹਨਤ ਨਾਲ ਪਕਾਏ ਇਨ੍ਹਾਂ ਅੰਬਾਂ ਨੂੰ ਮਾਣਨ ਦਾ ਮਜ਼ਾ ਹੀ ਹੋਰ ਹੁੰਦਾ ਸੀ।

ਬਚਪਨ 'ਚ ਇੱਲਤੀ ਬੱਚੇ ਇੱਕ ਗੱਲ ਹੋਰ ਕਰਦੇ ਸਨ। ਇਹ ਇੱਲਤ ਸੀ ਦੂਸਰੇ ਦੇ ਅੰਬਾਂ ਤੋਂ ਚੋਰੀਂ ਅੰਬ ਤੋੜਨੇ ਅਤੇ ਡੰਡਾ ਲੈ ਕੇ ਮਗਰ ਭੱਜਦੇ ਬਾਗ਼ ਦੇ ਰਾਖੇ ਨੂੰ ਡਾਹ ਨਾ ਦੇਣਾ। ਨਿਆਣੇ ਹੁੰਦੇ ਅੰਬ ਚੂਪਣ ਦਾ ਅਸਲੀ ਸੁਆਦ ਅੰਬ ਦੀ ਗਿਟਕ/ਗੁਠਲੀ ਚੂਸ ਕੇ ਆਉਂਦਾ ਸੀ। ਕਈ ਵਾਰ ਤਾਂ ਗਿਟਕ ਕਿਸ ਨੂੰ ਮਿਲੇਗੀ, ਇਸ ਗੱਲ ਉੱਪਰ ਹੀ ਝਗੜਾ ਹੋ ਜਾਂਦਾ ਸੀ। ਗੁਠਲੀ ਅੰਬ ਦਾ ਦਿਲ ਹੈ। ਜਿੰਨਾ ਚਿਰ ਇਸ ਵਿੱਚ ਦੰਦ ਗੱਡ ਗੱਡ, ਆਪਣਾ ਮੂੰਹ-ਸਿਰ ਅਤੇ ਕੱਪੜੇ ਨਾ ਲਿੱਬੜਨ ਤਾਂ ਫਿਰ ਕੀ ਚੂਪੇ ਅੰਬ? ਅੱਜਕੱਲ੍ਹ ਦੀ ਪੀੜ੍ਹੀ ਨੂੰ ਤਾਂ ਇਹ ਪਤਾ ਵੀ ਨਹੀਂ ਹੋਣਾ ਕਿ ਗੁਠਲੀ ਸਾਡੇ ਬਚਪਨ ਵੇਲੇ ਸੰਗੀਤ ਦਾ ਦੇਸੀ ਜੁਗਾੜ ਹੁੰਦੀ ਸੀ। ਉਨ੍ਹੀਂ ਦਿਨੀਂ ਟਪਕਾ ਅੰਬ ਬਹੁਤ ਚੂਪੀਦਾ ਸੀ ਅਤੇ ਗਿਟਕਾਂ ਢੇਰ/ਰੂੜੀ ਉੱਪਰ ਸੁੱਟ ਦਈਦੀਆਂ ਸਨ। ਬਰਸਾਤ ਵਿੱਚ ਇਨ੍ਹਾਂ ਗਿਟਕਾਂ 'ਚੋਂ ਅਨੇਕਾਂ ਅੰਬਾਂ ਦੇ ਪੌਦੇ ਪੈਦਾ ਹੋ ਜਾਂਦੇ ਸਨ। ਅਸੀਂ ਪੌਦਾ ਪੁੱਟ ਕੇ ਉਸ ਹੇਠੋਂ ਗਿਟਕ ਕੱਢ ਲਈਦੀ ਸੀ। ਗਿਟਕ ਦਾ ਉੱਪਰਲਾ ਖੋਲ ਲਾਹ ਕੇ ਬਾਕੀ ਗਿਟਕ ਨੂੰ ਇੱਟ ਜਾਂ ਪੱਥਰ ਉੱਪਰ ਰਗੜ ਕੇ ਪੀਪਨੀ ਬਣਾ ਲਈਦੀ ਸੀ ਜੋ ਬਹੁਤ ਸੁੰਦਰ ਵੱਜਦੀ ਸੀ। ਇਸੇ ਲਈ ਇੱਕ ਲੋਕ ਬੋਲੀ ਹੈ;

ਮਿੱਤਰਾ ਅੰਬ ਦੀ ਗਿਟਕ ਲਿਆ ਦੇ ਵੇ
ਰੱਜ ਕੇ ਵਜਾਊਂਗੀ ਪੀਪਨੀ।

ਕਈ ਤਾਂ ਅੰਬ ਦਾ ਅਚਾਰ ਪਾਉਣ ਵੇਲੇ ਗੁਠਲੀ ਨਾਲ ਹੀ ਰੱਖਦੇ ਹਨ। ਭਾਵ, ਕੱਚੇ ਅੰਬ ਨੂੰ ਦੋ ਜਾਂ ਚਾਰ ਭਾਗਾਂ ਵਿੱਚ ਕੱਟਣ ਵੇਲੇ ਨਾਲ ਹੀ ਗੁਠਲੀ ਕੱਟ ਲੈਂਦੇ ਹਨ ਅਤੇ ਅਚਾਰ ਪੈ ਜਾਣ ਉਪਰੰਤ ਇਹ ਮਸਾਲੇਦਾਰ ਗੁਠਲੀ ਬੜੀ

ਮਜ਼ੇਦਾਰ ਲੱਗਦੀ ਹੈ, ਪਰ ਕਈ ਗੁਠਲੀ ਤੋਂ ਬਿਨਾਂ ਅਚਾਰ ਪਾਉਂਦੇ ਹਨ।

ਅੰਬ ਫ਼ਲਾਂ ਦਾ ਰਾਜਾ ਹੈ। ਸਾਡਾ ਰਾਸ਼ਟਰੀ ਫ਼ਲ ਹੈ। ਇਸ ਨੂੰ ਤਪਸ਼ੀ ਖੇਤਰਾਂ ਦਾ ਸੇਬ ਅਤੇ ਦੇਵਤਿਆਂ ਦਾ ਫ਼ਲ ਵੀ ਕਿਹਾ ਜਾਂਦੈ। ਇਹ ਆਪਣੀ ਸੁਗੰਧ, ਸੁਆਦ ਅਤੇ ਲੱਜ਼ਤ ਨਾਲ ਇੱਕ ਵਿਲੱਖਣ ਫ਼ਲ ਹੈ। ਸਾਨੂੰ ਅੰਬਾਂ ਦੇ ਬੂਟੇ ਉੱਪਰ ਪੱਕੇ ਹੋਏ ਅੰਬ ਦੇਖ ਕੇ ਇੱਕ ਰੁਮਾਂਚਕਾਰੀ ਅਹਿਸਾਸ ਹੁੰਦੈ, ਇੱਕ ਅਨੂਠੇ ਵਿਸਮਾਦ ਦਾ ਸੁਖਧ ਅਨੁਭਵ। ਇਸ ਵਾਰ ਦੇਸੀ ਅੰਬਾਂ ਨੂੰ ਬਹੁਤ ਬੂਰ/ਪੋਰ ਪਿਐ।

ਕਿਹਾ ਜਾਂਦੈ ਕਿ ਅੰਬ ਉੱਤਰ-ਪੂਰਬੀ ਭਾਰਤ-ਬਰਮਾ ਦੇ ਇਲਾਕੇ ਵਿੱਚ ਪੈਦਾ ਹੋਇਆ ਤੇ ਫਿਰ ਪੂਰੇ ਵਿਸ਼ਵ ਵਿੱਚ ਫੈਲ ਗਿਆ। ਸ਼ਬਦ ਵਿਗਿਆਨ ਅਨੁਸਾਰ ਅੰਗਰੇਜ਼ੀ ਦਾ ਸ਼ਬਦ 'ਮੈਂਗੋ' ਦਰਾਵੜੀਅਨ/ ਮਲਿਆਲਮ ਮੂਲ ਦੇ 'ਮੱਨਾ' ਤੋਂ ਉਤਪੰਨ ਹੋਇਆ ਜਿਸ ਨੂੰ ਪੁਰਤਗਾਲੀਆਂ ਨੇ ਜੋ 1498 ਵਿੱਚ ਕੇਰਲਾ 'ਚ ਮਸਾਲਿਆਂ ਦਾ ਵਪਾਰ ਕਰਨ ਆਏ ਸਨ, ਪਹਿਲਾਂ 'ਮੰਗਾ' ਅਤੇ ਸੋਹਲਵੀਂ ਸਦੀ ਦੇ ਪਿਛਲੇ ਪਹਿਰ 'ਮੈਂਗੋ' ਦੇ ਰੂਪ ਵਿੱਚ ਆਪਣਾ ਲਿਆ। ਤਮਿਲ 'ਚ ਇਸ ਨੂੰ 'ਮੰਗਕੇ' ਜਾਂ 'ਮੰਗੇ', ਸੰਸਕ੍ਰਿਤ 'ਚ 'ਅਮਰਾ' ਅਤੇ ਹਿੰਦੀ/ਬੰਗਾਲੀ 'ਚ 'ਆਮ' ਕਿਹਾ ਜਾਂਦੈ। ਅਮਰਫਲ ਇਸ ਦਾ ਪੁਰਾਣਾ ਨਾਮ ਹੈ ਅਤੇ ਵੈਦਿਕ ਸਾਹਿਤ ਵਿੱਚ ਇਸ ਨੂੰ 'ਰਸਾਲਾ' ਤੇ 'ਸ਼ਾਹਕਾਰਾ' ਕਿਹਾ ਜਾਂਦੈ।

ਅੰਬ ਦਾ ਵਿਗਿਆਨਕ ਨਾਮ 'ਮੈਂਗੀਫਰਾ ਇੰਡੀਕਾ' ਹੈ ਅਤੇ ਇਹ 'ਐਨਾਕਾਰਡੀਸੀ' ਪਰਿਵਾਰ ਨਾਲ ਸਬੰਧਤ ਹੈ। ਭਾਰਤੀ ਅੰਬ ਦਾ ਆਗਮਨ 5000 ਸਾਲ ਪੁਰਾਣਾ ਮੰਨਿਆਂ ਜਾਂਦੈ, ਪਰ ਕਈ ਸਰੋਤਾਂ ਵਿੱਚ ਫਾਸਿਲ ਪ੍ਰਮਾਣਾਂ ਨੂੰ ਆਧਾਰ ਮੰਨ ਕੇ ਭਾਰਤ ਹੁਣ ਦੇ ਬੰਗਲਾਦੇਸ਼ ਅਤੇ ਮਿਆਂਮਾਰ ਵਿੱਚ ਅੰਬ ਦੀ ਹੋਂਦ ਦੇ ਹਵਾਲੇ 25-30 ਮਿਲੀਅਨ ਸਾਲ ਪਹਿਲਾਂ ਦੇ ਦੱਸੇ ਜਾਂਦੇ ਹਨ। ਵੈਦਿਕ ਧਾਰਮਿਕ ਗਰੰਥਾਂ ਅਤੇ ਪੁਰਾਣਾਂ 'ਚ ਵੀ ਹਵਾਲੇ ਮਿਲਦੇ ਹਨ। ਮਹਾਤਮਾ ਬੁੱਧ ਦੁਆਰਾ ਵੀ ਇੱਕ ਅੰਬਾਂ ਦੇ ਉਪਵਣ 'ਚ ਭਗਤੀ ਕਰਨ ਦੀ ਗੱਲ ਕਹੀ ਜਾਂਦੀ ਹੈ। ਇਸ ਕਰਕੇ ਹੀ ਬੋਧ ਭਿਕਸ਼ੂਆਂ ਨੇ ਅੰਬਾਂ ਦੇ ਪੌਦਿਆਂ ਦਾ ਪਾਸਾਰ ਕੀਤਾ। ਕ੍ਰਮਵਾਰ ਯੂਨਾਨੀ/ਚੀਨੀ ਯਾਤਰੀ ਅਤੇ ਇਤਿਹਾਸਕਾਰ ਮੈਗਥਨੀਜ਼ ਅਤੇ ਹਿਯੂਨ ਸਾਂਗ ਨੇ ਵੀ ਅੰਬਾਂ ਦਾ ਜ਼ਿਕਰ ਕੀਤੈ ਅਤੇ ਮੌਰੀਆਂ ਵੰਸ਼ ਦੇ ਰਾਜਿਆਂ ਵੱਲੋਂ ਆਪਣੀ ਖ਼ੁਸ਼ਹਾਲੀ ਦੇ ਪ੍ਰਗਟਾ ਲਈ ਸੜਕਾਂ ਦੇ ਦੋਵੇਂ ਪਾਸੇ ਇਨ੍ਹਾਂ ਦੇ ਲਗਵਾਏ ਜਾਣ ਬਾਰੇ ਲਿਖਿਐ। ਮੁਗ਼ਲਾਂ ਨੇ ਵੀ ਬੜੇ ਬਾਗ਼ ਲਗਵਾਏ। ਅਕਬਰ ਨੇ ਤਾਂ ਦਰਭੰਗਾ ਦੇ ਨੇੜੇ 'ਲੱਖਾ ਬਾਗ਼' ਲਗਵਾਇਆ ਜਿਸ ਵਿੱਚ ਅੰਬਾਂ ਦੇ ਇੱਕ ਲੱਖ ਪੌਦੇ ਲਗਵਾਏ। ਮਰਾਠਾ ਪੇਸ਼ਵਾ ਰਘੂਨਾਥ ਪੇਸ਼ਵਾ ਨੇ ਮਰਾਠਿਆਂ ਦੀ ਸ੍ਰੇਸ਼ਟਤਾ ਦਰਸਾਉਣ ਲਈ ਇੱਕ ਕਰੋੜ ਅੰਬ ਬਿਜਵਾਏ। ਲੋਕਯਾਨ ਅਨੁਸਾਰ ਕੌਮਾਂਤਰੀ ਪੱਧਰ 'ਤੇ ਮਸ਼ਹੂਰ 'ਅਲਫੌਂਸੋ' ਇਨ੍ਹਾਂ ਅੰਬਾਂ ਵਿੱਚੋਂ ਹੀ ਵਿਕਸਤ ਹੋਇਆ ਦੱਸਿਆ ਜਾਂਦੈ। ਵੱਖ ਵੱਖ ਸਰੋਤਾਂ ਅਨੁਸਾਰ ਬਾਗ਼ਾਂ ਵਿੱਚ ਲਗਾਏ ਗਏ ਅੰਬਾਂ ਦੀਆਂ 1500 ਕਿਸਮਾਂ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਤੋਂ ਇਲਾਵਾ ਕਈ ਜੰਗਲੀ ਤੇ ਦਾਬ ਨਾਲ ਲੱਗਣ ਵਾਲੀਆਂ ਕਿਸਮਾਂ ਵੀ ਹਨ।

ਅੰਬ ਸਾਡੇ ਸੱਭਿਆਚਾਰ, ਲੋਕਧਾਰਾ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ। ਇਸ ਦੀ ਧਾਰਮਿਕ, ਅਧਿਆਤਮਕ ਅਤੇ ਸਿਹਤ ਸਬੰਧੀ ਬੜੀ ਮਹਾਨਤਾ ਅਤੇ ਮਹੱਤਤਾ ਹੈ। ਕਿਹਾ ਜਾਂਦਾ ਹੈ ਕਿ ਵਰਿਸ਼ਕਾ, ਲਕਸ਼ਮੀ, ਗੋਵਰਧਨ ਅਤੇ ਜਣਨ ਸ਼ਕਤੀ ਦਾ ਦੇਵਤਾ 'ਆਮ' ਵਿੱਚ ਨਿਵਾਸ ਕਰਦੇ ਹਨ। ਸ਼ਗਨਾਂ ਵੇਲੇ ਅੰਬ ਦੇ ਪੱਤੇ ਘਰ ਦੇ ਪ੍ਰਵੇਸ਼ ਦੁਆਰ ਉੱਪਰ ਬੰਨ੍ਹੇ ਜਾਂਦੇ ਹਨ। ਵਰਖਾ ਦੇ ਦੇਵਤਾ ਵਰੁਨ ਦੀ ਪੂਜਾ ਵੇਲੇ ਇਸ ਦੀ ਵਰਤੋਂ ਹੁੰਦੀ ਹੈ। 'ਹੋਮਾ ਕੁੰਡਮ' (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਪਵਿੱਤਰ ਅਗਨੀ ਵਿੱਚ ਅੰਬਾਂ ਦੇ ਪੱਤਿਆਂ ਰਾਹੀਂ ਘੀ ਪਾਉਣ ਦੀ ਰਸਮ ਅਦਾ ਕਰਨਾ ਹੈ) ਤੇ ਸਰਸਵਤੀ ਪੂਜਾ ਵੇਲੇ ਵੀ ਪੱਤੇ ਵਰਤੇ ਜਾਂਦੇ ਹਨ।

ਅੰਬ ਸਿਹਤ ਵਰਧਕ ਵੀ ਹੈ। ਇਹ ਵਿਟਾਮਿਨ ਏ, ਸੀ ਅਤੇ ਡੀ ਦਾ ਬਹੁਤ ਹੀ ਵਧੀਆ ਸਰੋਤ ਹੈ। ਅੰਬਾਂ ਦੇ ਪੱਤੇ ਸੜਨ ਨਾਲ ਹੋਏ ਜ਼ਖ਼ਮਾਂ ਜਾਂ ਉੱਬਲਦੇ ਪਾਣੀ ਵਿੱਚ ਝੁਲਸਣ ਕਾਰਨ ਹੋਏ ਜ਼ਖ਼ਮਾਂ ਅਤੇ ਡਾਇਬਿਟੀਜ਼ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਹਾਜ਼ਮੇਦਾਰ, ਕਬਜ਼ਕੁਸ਼ਾ ਅਤੇ ਤਾਕਤ ਦੇਣ ਵਾਲਾ ਹੁੰਦੈ। ਇਸ ਵਿੱਚ ਫਾਈਬਰ ਅਤੇ ਐਂਟੀਆਕਸੀਡੈਂਟ ਹੁੰਦੇ ਹਨ। ਇਹ ਅੱਖਾਂ ਅਤੇ ਰੋਗ ਨਿਰੋਧਕ ਸ਼ਕਤੀ ਲਈ ਵੀ ਲਾਭਦਾਇਕ ਹੈ। ਅੰਬ ਦਾ ਅਕਸ ਚਿੱਤਰਕਲਾ/ਕੋਮਲ

ਕਲਾਵਾਂ ਵਿੱਚ ਆਧਾਰੀ ਗੁਣ ਵਜੋਂ ਸ਼ਾਮਲ ਕੀਤਾ ਜਾਂਦੈ, ਇਸ ਨੂੰ ਬੁਣਾਈ, ਕਢਾਈ, ਮਹਿੰਦੀ, ਰੰਗੋਲੀ ਦੇ ਡਿਜ਼ਾਇਨਾਂ ਵਿੱਚ ਵਰਤਿਆ ਜਾਂਦੈ।

ਜਿੱਥੇ ਅਲਫੌਂਸੋ, ਸਫੈਦਾ, ਸਿੰਧੂਰੀ, ਦੁਸਹਿਰੀ, ਮਾਲਦਾ, ਫਾਜ਼ਲੀ, ਲੰਗੜਾ, ਹਾਫੂਜ਼, ਕੇਸਰ, ਚੌਸਾ, ਸਹਾਰਨਪੁਰੀ, ਲਖਨਵੀ, ਤੋਤਾਪਰੀ ਸਮੇਤ ਹੋਰ ਅਨੇਕਾਂ ਅੰਬ ਚੂਪਣ ਲਈ ਵਰਤੇ ਜਾਂਦੇ ਹਨ, ਉੱਥੇ ਰਾਮਕੇਲਾ ਅਚਾਰ ਪਾਏ ਜਾਣ ਲਈ ਚਹੇਤਾ ਹੈ। ਡੈਜ਼ਰਟਸ, ਮਿਲਕ ਸ਼ੇਕ, ਸ਼ਰਬਤ, ਕੁਲਫੀ, ਆਈਸ ਕਰੀਮ ਆਦਿ 'ਚ ਪੱਕੇ ਅੰਬ ਵਰਤੇ ਜਾਣ ਤੋਂ ਇਲਾਵਾ ਕੱਚੇ ਅੰਬਾਂ ਦਾ ਅਚਾਰ, ਅੰਬ ਪਾਪੜ, ਅੰਬਚੂਰ, ਛਾਸ਼ੀਆ, ਮੁਰੱਬਾ, ਖਟਮਿੱਠੀ ਚਟਨੀ ਆਦਿ ਬਣਾਏ ਜਾਂਦੇ ਹਨ।

ਫਾਰਸੀ ਸ਼ਾਇਰ ਅਮੀਰ ਖੁਸਰੋ ਇਸ ਨੂੰ 'ਨਗਜ਼ਾ ਤਾਰੀਨ ਮੇਵਾ ਹਿੰਦੁਸਤਾਨ' (ਭਾਰਤ ਦਾ ਸਭ ਤੋਂ ਖੂਬਸੂਰਤ ਫ਼ਲ) ਸੱਦਦਾ ਸੀ। ਉਹ ਅੰਬ ਨੂੰ ਇੱਕ ਅਜਿਹਾ ਮਹਿਬੂਬ ਕਹਿੰਦਾ ਸੀ ਜੋ ਉਸ ਦੇ ਸ਼ਹਿਰ ਸਾਲ ਵਿੱਚ ਇੱਕ ਵਾਰ ਆਉਂਦੈ, ਜਿਸ ਉੱਪਰ ਉਹ ਆਪਣਾ ਸਾਰਾ ਪੈਸਾ ਲੁਟਾ ਦਿੰਦਾ ਅਤੇ ਜੋ ਉਸ ਦੇ ਮੂੰਹ ਨੂੰ ਬੋਸਿਆਂ (ਚੁੰਮਣਾਂ) ਅਤੇ ਅੰਮ੍ਰਿਤਰਸ ਨਾਲ ਭਰ ਦਿੰਦੈ। ਮੁਗ਼ਲ ਸ਼ਹਿਨਸ਼ਾਹ ਇਸ ਨੂੰ ਦੈਵੀ ਫ਼ਲ ਕਹਿੰਦੇ ਸਨ ਅਤੇ ਦੂਸਰੇ ਮੁਲਕਾਂ ਤੋਂ ਆਏ ਵਿਸ਼ੇਸ਼ ਮਹਿਮਾਨਾਂ ਨੂੰ ਅੰਬਾਂ ਦੇ ਤੋਹਫੇ ਦੇ ਕੇ ਅੰਬ ਨੂੰ ਕੂਟਨੀਤੀ ਦੇ ਸਾਧਨ ਵਜੋਂ ਵਰਤਦੇ ਸਨ। ਸੌਗਾਤ ਦੇ ਤੌਰ 'ਤੇ ਅੰਬਾਂ ਦੇ ਤੋਹਫ਼ੇ ਅੱਜਕੱਲ੍ਹ ਵੀ ਦਿੱਤੇ ਜਾਂਦੇ ਹਨ। ਹੁਣ ਤਾਂ ਵੱਡੇ ਵੱਡੇ ਸ਼ਹਿਰਾਂ ਵਿੱਚ ਅੰਬਾਂ ਦੇ ਫੈਸਟੀਵਲ ਲੱਗਣ ਲੱਗ ਪਏ ਹਨ। ਦਿੱਲੀ ਵਿੱਚ ਤਾਂ ਅੰਬਾਂ ਨੂੰ ਸਮਰਪਿਤ ਉਰਦੂ ਸ਼ਾਇਰੀ ਦਾ ਮੁਸ਼ਾਇਰਾ ਵੀ ਕਰਵਾਇਆ ਜਾਂਦਾ ਸੀ ਜਿਸ ਦਾ ਨਾਮ 'ਆਮ ਔਰ ਕਲਾਮ' ਹੁੰਦਾ ਸੀ ਅਤੇ ਇਸ ਵਿੱਚ ਸਿਰਫ਼ ਅੰਬਾਂ ਨਾਲ ਸਬੰਧਤ ਨਜ਼ਮਾਂ/ਗ਼ਜ਼ਲਾਂ ਪੜ੍ਹੀਆਂ ਜਾਂਦੀਆਂ ਸਨ।

ਅੰਬ ਵੱਖ ਵੱਖ ਆਕਾਰ ਅਤੇ ਸ਼ਕਲਾਂ ਦੇ ਹੁੰਦੇ ਹਨ। ਕਈ ਅੰਡਾਕਾਰ, ਕਈ ਗੋਲ, ਦਿਲ ਦੀ ਸ਼ਕਲ ਦੇ, ਕਈ ਪਤਲੇ ਤੇ ਕਈ ਵੱਡ ਆਕਾਰੀ। ਛੋਟੇ ਤੋਂ ਛੋਟਾ ਅੰਬ ਅਲੂਚੇ ਜਿੱਡਾ ਅਤੇ ਵੱਡੇ ਤੋਂ ਵੱਡਾ ਅੰਬ ਦੋ-ਢਾਈ ਕਿਲੋ ਦਾ ਹੋ ਸਕਦੈ। ਅੰਬ ਦਾ ਸਦਾਬਹਾਰ ਪੌਦਾ 50-60 ਫੁੱਟ ਲੰਮਾ ਹੁੰਦੈ। ਇਸ ਦੇ ਫੁੱਲ ਬਹੁਤ ਛੋਟੇ ਅਤੇ ਗੁਲਾਬੀ ਭਾਅ ਮਾਰਵੇਂ ਗੁੱਛੇਦਾਰ ਹੁੰਦੇ ਹਨ। ਭਾਵੇਂ ਅੰਬ ਗਿਟਕ ਤੋਂ ਵੀ ਉੱਗ ਪੈਂਦੇ ਹਨ, ਪਰ ਇਸ ਨੂੰ ਲਗਾਉਣ ਦੀਆਂ ਪ੍ਰਚੱਲਤ ਵਿਧੀਆਂ ਕਲਮ, ਦਾਬ ਜਾਂ ਚਕਲੀ-ਕੱਢ ਹੀ ਹਨ। ਅੰਬ ਆਪਣੇ ਖੁਸ਼ਬੂਦਾਰ ਸਵਾਦ/ਮਿਠਾਸ ਅਤੇ ਖੁਮਾਰੀਜਨਕ/ਨਸ਼ੀਲੇ ਰੰਗਾਂ ਕਾਰਨ ਘਰ ਘਰ ਦਾ ਲਾਡਲਾ ਫ਼ਲ ਹੈ। ਅੰਬ ਬਾਰੇ ਕਈ ਅਖਾਣ/ਮੁਹਾਵਰੇ/ਲੋਕ ਬੋਲੀਆਂ ਪ੍ਰਚੱਲਤ ਹਨ।

ਰਾਬਿੰਦਰ ਨਾਥ ਟੈਗੋਰ ਨੇ ਅੰਬ ਬਾਰੇ ਕਈ ਕਵਿਤਾਵਾਂ ਲਿਖੀਆਂ, ਪਰ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਕੋਈ ਜਵਾਬ ਨਹੀਂ। ਇਸ ਲੰਮੀ ਕਵਿਤਾ ਵਿੱਚੋਂ ਸਿਰਫ਼ ਸੰਕੇਤ ਮਾਤਰ ਸਤਰਾਂ ਪੇਸ਼ ਹਨ;

ਇੱਕ ਬੂਟਾ ਅੰਬੀ ਦਾ
ਘਰ ਸਾਡੇ ਲੱਗਾ ਨੀਂ
ਕੀ ਉਸ ਦਾ ਕਹਿਣਾ ਨੀਂ
ਵੇਹੜੇ ਦਾ ਗਹਿਣਾ ਨੀਂ
ਪਰ ਮਾਹੀ ਬਾਝੋਂ ਨੀਂ
ਪਰਦੇਸੀ ਬਾਝੋਂ ਨੀਂ
ਇਹ ਮੈਨੂੰ ਵੱਢਦਾ ਏ
ਤੇ ਖੱਟਾ ਲੱਗਦਾ ਏ
ਕੋਇਲ ਦੀਆਂ ਕੂਕਾਂ ਨੀਂ
ਮਾਰਨ ਬੰਦੂਕਾਂ ਨੀਂ...।

ਭਾਈ ਗੁਰਦਾਸ ਦੀ ਬਾਣੀ ਵਿੱਚ ਵੀ ਅੰਬ ਦਾ ਜ਼ਿਕਰ ਹੈ;

ਕੋਕਿਲ ਅੰਬ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥

***

ਅੰਬਾਂ ਸਧਰ ਨਾ ਲਹੈ ਆਣ ਅੰਬਾਕੜੀਆਂ ਜੇ ਖਾਏ॥

***

ਮਉਲੇ ਅੰਬ ਬਸੰਤ ਰੁਤਿ...॥

ਅੰਬਾਲਾ ਸ਼ਹਿਰ ਦਾ ਨਾਮ ਵੀ ਇੱਥੇ ਪਹਿਲਿਆਂ ਵੇਲਿਆਂ ਵੇਲੇ ਅੰਬਾਂ ਦੇ ਬਾਗ਼ ਹੋਣ ਕਾਰਨ ਪਿਆ। ਮੁਹਾਲੀ ਵਿੱਚ ਗੁਰਦੁਆਰਾ ਅੰਬ ਸਾਹਿਬ ਹੈ। ਅੰਬ ਦੇ ਬੂਟੇ ਉੱਪਰ ਪੱਕੇ ਅੰਬ ਦੇਖਣ ਦਾ ਆਪਣਾ ਹੀ ਰੁਮਾਂਸ ਹੈ। ਸਾਨੂੰ ਇਹ ਦ੍ਰਿਸ਼ ਬੜਾ ਵਿਸਮਾਦ ਕਰ ਦਿੰਦਾ ਹੈ। ਮੁਗ਼ਲਾਂ ਨੂੰ ਅੰਬਾਂ ਨਾਲ ਐਨਾ ਮੋਹ ਸੀ ਕਿ ਕਹਿੰਦੇ ਹਨ ਕਿ ਸ਼ਾਹਜਹਾਂ ਵੱਲੋਂ ਦੱਖਣ ਵਿੱਚ ਲਗਾਏ ਗਏ ਅੰਬਾਂ ਦੇ ਫ਼ਲ ਉਸ ਦਾ ਪੁੱਤਰ ਔਰੰਗਜ਼ੇਬ ਜੋ ਉਸ ਵੇਲੇ ਦੱਖਣ ਦਾ ਵਜ਼ੀਰ ਸੀ, ਜਦ ਆਪ ਹੀ ਡਕਾਰ ਗਿਆ ਤਾਂ ਅੱਗ ਬਗੂਲਾ ਹੋਏ ਸ਼ਹਿਨਸ਼ਾਹ ਨੇ ਉਸ ਨੂੰ 'ਘਰ ਨਜ਼ਰਬੰਦੀ' ਦੀ ਸਜ਼ਾ ਦੇ ਦਿੱਤੀ। ਇਹ ਵੀ ਕਿਹਾ ਜਾਂਦੈ ਕਿ ਬਾਬਰ ਮੇਵਾੜ ਦੇ ਰਾਣਾ ਸਾਂਘਾਂ ਨਾਲ ਲੜਨ ਤੋਂ ਕਤਰਾਉਂਦਾ ਸੀ, ਪਰ ਉਸ ਦੇ ਹਮਾਇਤੀ ਦੌਲਤ ਖਾਂ ਲੋਧੀ ਨੇ ਉਸ ਦਾ ਅੰਬਾਂ ਦੀ ਮਹਿਮਾਮਈ ਮਹਿਕ ਅਤੇ ਮਿਕਨਾਤੀਸੀ ਸੁਆਦ ਨਾਲ ਤੁਆਰਫ ਕਰਵਾਇਆ ਤਾਂ ਉਹ ਜ਼ਰਾ ਟਿਕਾਅ 'ਚ ਆਇਆ।

ਮਿਰਜ਼ਾ ਗਾਲਿਬ ਅੰਬਾਂ ਦਾ ਐਨਾਂ ਸ਼ੌਕੀਨ ਸੀ ਕਿ ਜੋ ਅੰਬ ਪਸੰਦ ਨਹੀਂ ਸਨ ਕਰਦੇ, ਉਹ ਉਨ੍ਹਾਂ ਨੂੰ ਪਸੰਦ ਨਹੀਂ ਸੀ ਕਰਦਾ। ਉਹ ਆਪਣੀ ਨਜ਼ਮ 'ਦਰ ਸਿਫਤ-ਏ-ਅੰਬਾਹ' 'ਚ ਇਸ ਫ਼ਲ ਨੂੰ 'ਸੁਰਗੀ ਸ਼ਹਿਦ ਦੇ ਬੰਦ ਮਰਤਬਾਨ' ਸੱਦਦਾ ਹੈ। ਉਹਦਾ ਇੱਕੋ ਹੀ ਫੰਡਾ ਸੀ, 'ਆਮ ਮੀਠੇ ਹੋਂ ਔਰ ਬਹੁਤ ਹੋਂ।' ਉਸ ਬਾਰੇ ਇੱਕ ਦੰਦ ਕਥਾ ਮਸ਼ਹੂਰ ਹੈ ਕਿ ਇੱਕ ਗਧੇ ਵੱਲੋਂ ਅੰਬਾਂ ਦੀ ਢੇਰੀ ਸੁੰਘ ਕੇ ਛੱਡ ਜਾਣ 'ਤੇ ਕਿਸੇ ਨੇ ਉਸ ਨੂੰ ਟਿੱਚਰ ਵਜੋਂ ਕਿਹਾ ਕਿ ਮਿਰਜ਼ਾ ਦੇਖੋ 'ਗਧੇ ਵੀ ਅੰਬ ਨਹੀਂ ਖਾਂਦੇ।' ਹਾਜ਼ਰ ਜਵਾਬ ਗਾਲਿਬ ਨੇ ਤੁਰੰਤ ਮੋੜਵਾਂ ਤੋੜਾ ਕੱਸਿਆ, 'ਹਾਂ ਜਨਾਬ, ਗਧੇ ਵਾਕਿਆ ਈ ਅੰਬ ਨਹੀਂ ਖਾਂਦੇ।'

ਉਰਦੂ ਸ਼ਾਇਰ ਅਕਬਰ ਇਲਾਹਾਬਾਦੀ ਦੀ ਜ਼ਰਾ ਅੰਬਾਂ ਬਾਰੇ ਆਸ਼ਕੀ ਦੇਖੋ;

ਨਾਮਾ ਨਾ ਕੋਈ ਯਾਰ ਕੋ ਪੈਗਾਮ ਭੇਜੀਏ
ਇਸ ਫਸਲ ਮੇਂ ਕੁਛ ਭੇਜੀਏ ਤੋ ਬਸ ਆਮ ਭੇਜੀਏ।
ਐਸੇ ਜ਼ਰੂਰ ਹੋਂ ਕਿ ਉਨ ਕੋ ਰਖ ਕੇ ਖਾ ਸਕੂੰ
ਪੁਖ਼ਤਾ (ਪੱਕੇ) ਅਗਰ ਹੋਂ ਬੀਸ ਤੋ ਦਸ ਖਾਮ (ਕੱਚੇ) ਭੇਜੀਏ।

ਕੀ ਸੱਚਮੁੱਚ ਸਾਡੀਆਂ ਅੱਖਾਂ ਦੀ ਰੱਖਿਆ ਕਰਦੀਆਂ ਹਨ 'ਬਲੂ ਲਾਈਟ' ਐਨਕਾਂ ?

ਅੱਜਕੱਲ੍ਹ, ਅਸੀਂ ਆਪਣਾ ਜ਼ਿਆਦਾਤਰ ਸਮਾਂ ਮੋਬਾਈਲ, ਲੈਪਟਾਪ ਜਾਂ ਟੈਬਲੇਟ ਸਕ੍ਰੀਨਾਂ ਦੇ ਸਾਹਮਣੇ ਬਿਤਾਉਂਦੇ ਹਾਂ। ਨਤੀਜੇ ਵਜੋਂ, ਅੱਖਾਂ ਦੀ ਥਕਾਵਟ ਅਤੇ ਜਲਣ ਆਮ ਹੋ ਗਈ ਹੈ। ਇਸ ਸਮੱਸਿਆ ਦਾ ਮੁਕਾਬਲਾ ਕਰਨ ਲਈ, 'ਨੀਲੀ ਰੋਸ਼ਨੀ' ਨੂੰ ਰੋਕਣ ਵਾਲੇ ਐਨਕਾਂ ਦੀ ਵਰਤੋਂ ਤੇਜ਼ੀ ਨਾਲ ਪ੍ਰਸਿੱਧ ਹੋ ਗਈ ਹੈ।

ਹਾਲਾਂਕਿ, ਕੀ ਇਹ ਐਨਕਾਂ ਸੱਚਮੁੱਚ ਸਾਡੀਆਂ ਅੱਖਾਂ ਦੀ ਰੱਖਿਆ ਕਰਦੀਆਂ ਹਨ, ਜਾਂ ਇਹ ਸਿਰਫ਼ ਇੱਕ ਰੁਝਾਨ ਦਾ ਹਿੱਸਾ ਹਨ? ਆਓ ਗਵਾਲੀਅਰ ਦੇ ਰਤਨ ਜਯੋਤੀ ਨੇਤਰਾਲਿਆ ਦੇ ਸੰਸਥਾਪਕ, ਨਿਰਦੇਸ਼ਕ ਅਤੇ ਸਰਜਨ ਡਾ. ਪੁਰੇਂਦਰ ਭਸੀਨ ਤੋਂ ਸਮਝੀਏ।

ਕੀ ਹੈ ਨੀਲੀ ਰੋਸ਼ਨੀ ਅਤੇ ਇਹ ਅੱਖਾਂ ਦੀਆਂ ਸਮੱਸਿਆਵਾਂ ਦਾ ਕਾਰਨ ਕਿਉਂ ਬਣਦੀ ਹੈ?

ਨੀਲੀ ਰੋਸ਼ਨੀ ਇੱਕ ਕਿਸਮ ਦੀ ਉੱਚ-ਊਰਜਾ ਵਾਲੀ ਰੋਸ਼ਨੀ ਹੈ। ਇਹ ਸਿਰਫ਼ ਡਿਜੀਟਲ ਸਕ੍ਰੀਨਾਂ ਤੋਂ ਹੀ ਨਹੀਂ ਸਗੋਂ ਸੂਰਜ ਦੀ ਰੋਸ਼ਨੀ ਤੋਂ ਵੀ ਨਿਕਲਦੀ ਹੈ। ਜਦੋਂ ਅਸੀਂ ਘੰਟਿਆਂ ਬੱਧੀ ਸਕ੍ਰੀਨਾਂ ਨੂੰ ਦੇਖਦੇ ਰਹਿੰਦੇ ਹਾਂ, ਤਾਂ ਅਸੀਂ ਖੁਸ਼ਕੀ, ਜਲਣ, ਥਕਾਵਟ ਅਤੇ ਸਿਰ ਦਰਦ ਵਰਗੀਆਂ ਅੱਖਾਂ ਦੀਆਂ ਸਮੱਸਿਆਵਾਂ ਦਾ ਅਨੁਭਵ ਕਰ ਸਕਦੇ ਹਾਂ। ਇਸ ਪੂਰੀ ਸਮੱਸਿਆ ਨੂੰ ਡਿਜੀਟਲ ਆਈ ਸਟ੍ਰੇਨ ਕਿਹਾ ਜਾਂਦਾ ਹੈ। ਜ਼ਿਆਦਾਤਰ ਲੋਕ ਮੰਨਦੇ ਹਨ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਮੁੱਖ ਕਾਰਨ ਸਕ੍ਰੀਨਾਂ ਤੋਂ ਨਿਕਲਣ ਵਾਲੀ ਨੀਲੀ ਰੋਸ਼ਨੀ ਹੈ।

ਕੰਪਨੀ ਦੇ ਦਾਅਵੇ ਬਨਾਮ ਵਿਗਿਆਨਕ ਸੱਚ

ਬਾਜ਼ਾਰ ਵਿੱਚ ਉਪਲਬਧ ਨੀਲੀ ਰੋਸ਼ਨੀ ਵਾਲੇ ਐਨਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੇ ਵਿਸ਼ੇਸ਼ ਲੈਂਸ ਨੀਲੀ ਰੋਸ਼ਨੀ ਨੂੰ ਅੱਖਾਂ ਤੱਕ ਪਹੁੰਚਣ ਤੋਂ ਰੋਕਦੇ ਹਨ। ਕੰਪਨੀਆਂ ਦਾਅਵਾ ਕਰਦੀਆਂ ਹਨ ਕਿ ਇਹ ਅੱਖਾਂ ਦੇ ਦਬਾਅ ਨੂੰ ਘਟਾਉਂਦਾ ਹੈ ਅਤੇ ਨੀਂਦ ਨੂੰ ਬਿਹਤਰ ਬਣਾਉਂਦਾ ਹੈ, ਕਿਉਂਕਿ ਨੀਲੀ ਰੋਸ਼ਨੀ ਸਾਡੇ ਨੀਂਦ ਦੇ ਹਾਰਮੋਨਸ ਨੂੰ ਪ੍ਰਭਾਵਤ ਕਰਦੀ ਹੈ। ਹਾਲਾਂਕਿ, ਵਿਗਿਆਨ ਅਤੇ ਖੋਜ ਪੂਰੀ ਤਰ੍ਹਾਂ ਅਸਹਿਮਤ ਹਨ। ਕਈ ਅਧਿਐਨ ਦਰਸਾਉਂਦੇ ਹਨ ਕਿ:

ਨੀਲੀ ਰੋਸ਼ਨੀ ਵਾਲੇ ਐਨਕਾਂ ਅੱਖਾਂ ਦੀ ਥਕਾਵਟ ਨੂੰ ਦੂਰ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਨਹੀਂ ਹਨ। ਅੱਖਾਂ ਦੇ ਦਰਦ ਅਤੇ ਖੁਸ਼ਕੀ ਦਾ ਅਸਲ ਕਾਰਨ ਨੀਲੀ ਰੋਸ਼ਨੀ ਨਹੀਂ ਹੈ, ਸਗੋਂ ਬਿਨਾਂ ਬ੍ਰੇਕ ਦੇ ਲਗਾਤਾਰ ਸਕ੍ਰੀਨ ਸਮਾਂ, ਮਾੜੀ ਮੁਦਰਾ ਅਤੇ ਸਕ੍ਰੀਨ ਨੂੰ ਦੇਖਦੇ ਸਮੇਂ ਕਦੇ-ਕਦਾਈਂ ਝਪਕਣਾ ਹੈ।

ਇਸ ਲਈ, ਸਿਰਫ਼ ਐਨਕਾਂ ਦਾ ਇੱਕ ਜੋੜਾ ਪਹਿਨਣ ਨਾਲ ਇਹ ਸਮੱਸਿਆ ਪੂਰੀ ਤਰ੍ਹਾਂ ਖਤਮ ਨਹੀਂ ਹੋਵੇਗੀ।

ਕੀ ਇਹ ਐਨਕਾਂ ਕਿਸੇ ਕੰਮ ਦੀਆਂ ਨਹੀਂ ਹਨ?

ਇਹ ਸੱਚ ਹੈ ਕਿ ਕੁਝ ਲੋਕ ਇਨ੍ਹਾਂ ਐਨਕਾਂ ਨੂੰ ਪਹਿਨਣ ਤੋਂ ਕੁਝ ਰਾਹਤ ਮਹਿਸੂਸ ਕਰਦੇ ਹਨ। ਜਿਹੜੇ ਲੋਕ ਦੇਰ ਰਾਤ ਤੱਕ ਮੋਬਾਈਲ ਫੋਨ ਜਾਂ ਲੈਪਟਾਪ 'ਤੇ ਕੰਮ ਕਰਦੇ ਹਨ, ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ ਜਾਂ ਉਨ੍ਹਾਂ ਦੀ ਨੀਂਦ ਦੇ ਪੈਟਰਨ ਵਿੱਚ ਸੁਧਾਰ ਹੋ ਸਕਦਾ ਹੈ, ਪਰ ਇਨ੍ਹਾਂ ਐਨਕਾਂ ਨੂੰ ਪੂਰੀ ਤਰ੍ਹਾਂ ਅੱਖਾਂ ਦੀ ਸੁਰੱਖਿਆ ਲਈ ਇੱਕੋ ਇੱਕ ਹੱਲ ਮੰਨਣਾ ਸਹੀ ਨਹੀਂ ਹੈ।

ਆਪਣੀਆਂ ਅੱਖਾਂ ਦੀ ਸੁਰੱਖਿਆ ਲਈ ਅਸਲ ਸੁਝਾਅ

ਡਾ. ਪੁਰੇਂਦਰ ਭਸੀਨ ਦੇ ਅਨੁਸਾਰ, ਆਪਣੀਆਂ ਆਦਤਾਂ ਨੂੰ ਸੁਧਾਰਨਾ ਸਿਰਫ਼ ਐਨਕਾਂ 'ਤੇ ਨਿਰਭਰ ਕਰਨ ਨਾਲੋਂ ਅੱਖਾਂ ਦੀ ਸਹੀ ਦੇਖਭਾਲ ਲਈ ਵਧੇਰੇ ਪ੍ਰਭਾਵਸ਼ਾਲੀ ਹੈ:

20-20-20 ਨਿਯਮ ਦੀ ਪਾਲਣਾ ਕਰੋ: ਇਹ ਆਪਣੀਆਂ ਅੱਖਾਂ ਨੂੰ ਆਰਾਮ ਦੇਣ ਦਾ ਸਭ ਤੋਂ ਵਧੀਆ ਤਰੀਕਾ ਹੈ। ਹਰ 20 ਮਿੰਟ ਦੇ ਕੰਮ ਤੋਂ ਬਾਅਦ, ਸਕ੍ਰੀਨ ਤੋਂ ਦੂਰ ਦੇਖੋ ਅਤੇ ਘੱਟੋ-ਘੱਟ 20 ਸਕਿੰਟਾਂ ਲਈ 20 ਫੁੱਟ ਦੂਰ ਕਿਸੇ ਚੀਜ਼ ਨੂੰ ਦੇਖੋ।

ਵਾਰ-ਵਾਰ ਝਪਕਣਾ: ਅਸੀਂ ਅਕਸਰ ਸਕ੍ਰੀਨ ਨੂੰ ਦੇਖਦੇ ਹੋਏ ਝਪਕਣਾ ਭੁੱਲ ਜਾਂਦੇ ਹਾਂ। ਨਿਯਮਤ ਝਪਕਣਾ ਸਾਡੀਆਂ ਅੱਖਾਂ ਨੂੰ ਨਮੀ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਖੁਸ਼ਕੀ ਨੂੰ ਰੋਕਦਾ ਹੈ।

ਸਹੀ ਸਕ੍ਰੀਨ ਸੈਟਿੰਗਾਂ: ਆਪਣੀ ਸਕ੍ਰੀਨ ਦੀ ਚਮਕ ਨੂੰ ਸੰਤੁਲਿਤ ਰੱਖੋ ਅਤੇ ਆਪਣੀਆਂ ਅੱਖਾਂ ਤੋਂ ਸਹੀ ਦੂਰੀ ਬਣਾਈ ਰੱਖੋ।

ਬਹੁਤ ਸਾਰੀ ਨੀਂਦ ਲਓ: ਅੱਖਾਂ ਦੀ ਥਕਾਵਟ ਨੂੰ ਦੂਰ ਕਰਨ ਲਈ ਲੋੜੀਂਦੀ ਅਤੇ ਗੁਣਵੱਤਾ ਵਾਲੀ ਨੀਂਦ ਜ਼ਰੂਰੀ ਹੈ।

ਨੀਲੀ ਰੋਸ਼ਨੀ ਵਾਲੇ ਐਨਕਾਂ ਕੁਝ ਰਾਹਤ ਪ੍ਰਦਾਨ ਕਰ ਸਕਦੀਆਂ ਹਨ, ਪਰ ਸਿਹਤਮੰਦ ਅੱਖਾਂ ਨੂੰ ਬਣਾਈ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਸਿਹਤਮੰਦ ਆਦਤਾਂ ਅਤੇ ਬ੍ਰੇਕ ਲੈਣਾ ਹੈ।

ਔਰਤਾਂ 'ਚ ਹਾਰਟ ਅਟੈਕ ਹੋਣ ਤੋਂ ਪਹਿਲਾਂ ਮਿਲਦੇ ਨੇ ਕਈ ਸੰਕੇਤ

ਹਾਰਟ ਅਟੈਕ ਔਰਤਾਂ ਵਿੱਚ ਮੌਤ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ। ਇਸ ਦੇ ਬਾਵਜੂਦ ਔਰਤਾਂ ਵਿੱਚ ਹਾਰਟ ਅਟੈਕ ਦੇ ਲੱਛਣਾਂ ਨੂੰ ਸਮੇਂ ਸਿਰ ਪਛਾਣਨ ਵਿੱਚ ਦੇਰ ਹੋ ਜਾਂਦੀ ਹੈ। ਪਰ ਅਜਿਹਾ ਕਿਉਂ ਹੈ ਕਿ ਔਰਤਾਂ ਵਿੱਚ ਇਹ ਜਾਨਲੇਵਾ ਸਥਿਤੀ ਅਕਸਰ ਪਕੜ ਵਿੱਚ ਨਹੀਂ ਆਉਂਦੀ। ਇਸ ਦੇ ਪਿੱਛੇ ਕਈ ਕਾਰਨ ਲੁਕੇ ਹੋਏ ਹਨ।

ਮਰਦਾਂ ਵਿੱਚ ਹਾਰਟ ਅਟੈਕ ਦਾ ਸਭ ਤੋਂ ਆਮ ਲੱਛਣ ਛਾਤੀ ਵਿੱਚ ਤੇਜ਼ ਦਰਦ ਜਾਂ ਭਾਰੀਪਣ ਹੁੰਦਾ ਹੈ। ਔਰਤਾਂ ਵਿੱਚ ਵੀ ਛਾਤੀ ਵਿੱਚ ਦਰਦ ਹੋ ਸਕਦਾ ਹੈ, ਪਰ ਉਹ ਅਕਸਰ ਅਜਿਹੇ ਲੱਛਣਾਂ ਦਾ ਅਨੁਭਵ ਕਰਦੀਆਂ ਹਨ ਜਿਨ੍ਹਾਂ ਨੂੰ ਅਸਧਾਰਨ ਮੰਨਿਆ ਜਾਂਦਾ ਹੈ:

ਮੋਢੇ, ਪਿੱਠ ਜਾਂ ਗਰਦਨ ਵਿੱਚ ਦਰਦ: ਦਰਦ ਸਿਰਫ਼ ਛਾਤੀ ਤੱਕ ਸੀਮਤ ਨਾ ਰਹਿ ਕੇ ਸਰੀਰ ਦੇ ਉੱਪਰਲੇ ਹਿੱਸਿਆਂ ਵਿੱਚ ਫੈਲ ਸਕਦਾ ਹੈ।

ਬਹੁਤ ਜ਼ਿਆਦਾ ਥਕਾਵਟ: ਬਿਨਾਂ ਕਿਸੇ ਮਿਹਨਤ ਦੇ ਅਚਾਨਕ ਕਮਜ਼ੋਰੀ ਜਾਂ ਭਾਰੀ ਥਕਾਵਟ ਮਹਿਸੂਸ ਹੋਣਾ।

ਸਾਹ ਫੁੱਲਣਾ: ਥੋੜ੍ਹਾ ਚੱਲਣ ਜਾਂ ਬੈਠੇ-ਬੈਠੇ ਵੀ ਸਾਹ ਲੈਣ ਵਿੱਚ ਤਕਲੀਫ਼ ਹੋਣਾ।

ਪਾਚਨ ਸੰਬੰਧੀ ਸਮੱਸਿਆਵਾਂ: ਪੇਟ ਖ਼ਰਾਬ ਹੋਣਾ, ਜੀਅ ਕੱਚਾ ਹੋਣਾ ਜਾਂ ਬਦਹਜ਼ਮੀ ਮਹਿਸੂਸ ਹੋਣਾ, ਜਿਸ ਨੂੰ ਅਕਸਰ ਗੈਸ ਸਮਝ ਕੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।

ਘਬਰਾਹਟ ਅਤੇ ਬੇਚੈਨੀ: ਬਿਨਾਂ ਕਿਸੇ ਕਾਰਨ ਦੇ ਤੇਜ਼ ਚਿੰਤਾ ਜਾਂ ਪਸੀਨਾ ਆਉਣਾ।

ਇਹ ਲੱਛਣ ਛਾਤੀ ਵਿੱਚ ਦਰਦ ਦੇ ਨਾਲ ਵੀ ਹੋ ਸਕਦੇ ਹਨ ਅਤੇ ਉਸ ਤੋਂ ਬਿਨਾਂ ਵੀ, ਜਿਸ ਕਾਰਨ ਔਰਤ ਨੂੰ ਇਹ ਅੰਦਾਜ਼ਾ ਹੀ ਨਹੀਂ ਲੱਗ ਪਾਉਂਦਾ ਕਿ ਸਮੱਸਿਆ ਦਿਲ ਨਾਲ ਜੁੜੀ ਹੋਈ ਹੈ।

ਡਾਕਟਰੀ ਜਾਂਚ ਵਿੱਚ ਮੁਸ਼ਕਲ

ਮਰਦਾਂ ਵਿੱਚ ਹਾਰਟ ਅਟੈਕ ਅਕਸਰ ਵੱਡੀਆਂ ਨਾੜੀਆਂ ਵਿੱਚ ਰੁਕਾਵਟ ਕਾਰਨ ਹੁੰਦਾ ਹੈ। ਹਾਲਾਂਕਿ, ਔਰਤਾਂ ਵਿੱਚ ਕਈ ਵਾਰ ਹਾਰਟ ਅਟੈਕ ਬਿਨਾਂ ਕਿਸੇ ਵੱਡੀ ਨਾੜੀ ਦੀ ਰੁਕਾਵਟ ਦੇ ਵੀ ਹੋ ਸਕਦਾ ਹੈ, ਕਿਉਂਕਿ ਆਮ ਤੌਰ 'ਤੇ ਮੈਡੀਕਲ ਟੈਸਟਾਂ ਵਿੱਚ ਵੱਡੀਆਂ ਨਾੜੀਆਂ ਵਿੱਚ ਬਲਾਕੇਜ ਲੱਭੀ ਜਾਂਦੀ ਹੈ, ਇਸ ਲਈ ਔਰਤਾਂ ਵਿੱਚ ਇਸ ਦਾ ਪਤਾ ਲਗਾਉਣਾ ਡਾਕਟਰਾਂ ਲਈ ਵੀ ਚੁਣੌਤੀਪੂਰਨ ਹੋ ਜਾਂਦਾ ਹੈ।

ਲੱਛਣਾਂ ਨੂੰ ਘੱਟ ਸਮਝਣਾ

ਸਮਾਜਿਕ ਅਤੇ ਮਨੋਵਿਗਿਆਨਕ ਕਾਰਨਾਂ ਕਰਕੇ ਔਰਤਾਂ ਅਕਸਰ ਆਪਣੀ ਸਿਹਤ ਨੂੰ ਪਹਿਲ ਨਹੀਂ ਦਿੰਦੀਆਂ। ਉਹ ਲੱਛਣਾਂ ਨੂੰ ਥਕਾਵਟ, ਤਣਾਅ ਜਾਂ ਉਮਰ ਦਾ ਅਸਰ ਮੰਨ ਕੇ ਟਾਲ ਦਿੰਦੀਆਂ ਹਨ। ਹਸਪਤਾਲ ਜਾਣ ਵਿੱਚ ਦੇਰੀ ਕਰਨਾ ਇਲਾਜ ਦੇ 'ਗੋਲਡਨ ਆਵਰ' (ਕੀਮਤੀ ਸਮਾਂ) ਨੂੰ ਖ਼ਤਮ ਕਰ ਦਿੰਦਾ ਹੈ।

ਬਚਾਅ ਲਈ ਕੀ ਕਰੀਏ?

ਲੱਛਣ ਅਣਦੇਖੇ ਨਾ ਕਰੋ: ਜੇਕਰ ਤੁਹਾਨੂੰ ਅਚਾਨਕ ਥਕਾਵਟ ਜਾਂ ਦਰਦ ਮਹਿਸੂਸ ਹੋ ਰਿਹਾ ਹੈ ਜੋ ਪਹਿਲਾਂ ਕਦੇ ਨਹੀਂ ਹੋਇਆ, ਤਾਂ ਉਸ ਨੂੰ ਨਜ਼ਰਅੰਦਾਜ਼ ਨਾ ਕਰੋ।

ਖ਼ਤਰੇ ਦੇ ਕਾਰਕਾਂ ਨੂੰ ਸਮਝੋ: ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਤਣਾਅ ਅਤੇ ਮੀਨੋਪੌਜ਼ (ਮਾਹਵਾਰੀ ਬੰਦ ਹੋਣ) ਤੋਂ ਬਾਅਦ ਵਧਦਾ ਭਾਰ ਹਾਰਟ ਡਿਜ਼ੀਜ਼ ਦੇ ਖ਼ਤਰੇ ਨੂੰ ਵਧਾ ਦਿੰਦਾ ਹੈ।

ਤੁਰੰਤ ਡਾਕਟਰੀ ਸਹਾਇਤਾ: ਜੇਕਰ ਸਾਹ ਫੁੱਲਣ ਜਾਂ ਪਿੱਠ/ਮੋਢੇ ਵਿੱਚ ਦਰਦ ਦੇ ਨਾਲ ਬੇਚੈਨੀ ਹੋ ਰਹੀ ਹੈ, ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

ਹੱਡੀਆਂ ਦੀ ਮਜ਼ਬੂਤੀ ਲਈ ਰੱਖੋ ਵਿਸ਼ੇਸ਼ ਧਿਆਨ

ਅਕਸਰ ਜਦੋਂ ਵੀ ਹੱਡੀਆਂ ਦੀ ਸਿਹਤ ਦੀ ਗੱਲ ਆਉਂਦੀ ਹੈ, ਤਾਂ ਸਾਡੇ ਦਿਮਾਗ ਵਿੱਚ ਸਭ ਤੋਂ ਪਹਿਲਾ ਨਾਮ ਕੈਲਸ਼ੀਅਮ ਦਾ ਆਉਂਦਾਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੈਲਸ਼ੀਅਮ ਹੱਡੀਆਂ ਲਈ ਬਹੁਤ ਜ਼ਰੂਰੀ ਹੈ, ਪਰ ਸਿਰਫ਼ ਸਪਲੀਮੈਂਟਸ ਦੀਆਂ ਗੋਲੀਆਂ ਖਾ ਲੈਣਾ ਹੱਡੀਆਂ ਦੀ ਮਜ਼ਬੂਤੀ ਦੀ ਗਾਰੰਟੀ ਨਹੀਂ ਹੈ।

ਹੱਡੀਆਂ ਦੀ ਮਜ਼ਬੂਤੀ ਲਈ ਕਈ ਕਾਰਕ ਜ਼ਿੰਮੇਵਾਰ ਹੁੰਦੇ ਹਨ। ਇਸ ਲਈ ਜੇਕਰ ਤੁਸੀਂ ਵੀ ਸਿਰਫ਼ ਕੈਲਸ਼ੀਅਮ ਦੇ ਭਰੋਸੇ ਬੈਠੇ ਹੋ, ਤਾਂ ਤੁਹਾਨੂੰ ਕੁਝ ਬਦਲਾਅ ਕਰਨ ਦੀ ਲੋੜ ਹੈ। ਆਓ ਜਾਣਦੇ ਹਾਂ ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਤੋਂ ਇਲਾਵਾ ਹੋਰ ਕਿਹੜੀਆਂ ਚੀਜ਼ਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ।

ਵਿਟਾਮਿਨ-ਡੀ3 ਤੋਂ ਬਿਨਾਂ ਕੈਲਸ਼ੀਅਮ ਬੇਕਾਰ

ਤੁਸੀਂ ਚਾਹੇ ਕਿੰਨਾ ਵੀ ਕੈਲਸ਼ੀਅਮ ਕਿਉਂ ਨਾ ਖਾ ਲਓ, ਜੇਕਰ ਤੁਹਾਡੇ ਸਰੀਰ ਵਿੱਚ ਵਿਟਾਮਿਨ-ਡੀ ਦੀ ਕਮੀ ਹੈ, ਤਾਂ ਤੁਹਾਡਾ ਸਰੀਰ ਉਸ ਕੈਲਸ਼ੀਅਮ ਨੂੰ ਸੋਖ ਨਹੀਂ ਸਕੇਗਾ। ਵਿਟਾਮਿਨ-ਡੀ ਇੱਕ ਮਾਧਿਅਮ ਵਜੋਂ ਕੰਮ ਕਰਦਾ ਹੈ, ਜੋ ਕੈਲਸ਼ੀਅਮ ਨੂੰ ਖ਼ੂਨ ਰਾਹੀਂ ਹੱਡੀਆਂ ਤੱਕ ਪਹੁੰਚਾਉਂਦਾਹੈ। ਇਸ ਲਈ ਰੋਜ਼ਾਨਾ ਸਵੇਰੇ 15-20 ਮਿੰਟ ਧੁੱਪ ਵਿੱਚ ਬੈਠੋ। ਜੇਕਰ ਕਮੀ ਜ਼ਿਆਦਾ ਹੈ, ਤਾਂ ਡਾਕਟਰ ਦੀ ਸਲਾਹ 'ਤੇ ਸਪਲੀਮੈਂਟਸ ਲਓ।

ਵਿਟਾਮਿਨ-ਕੇ 2 ਅਤੇ ਮੈਗਨੀਸ਼ੀਅਮ

ਹੱਡੀਆਂ ਦੇ ਨਿਰਮਾਣ ਵਿੱਚ ਮੈਗਨੀਸ਼ੀਅਮ ਅਤੇ ਵਿਟਾਮਿਨ-ਕੇ2 ਅਹਿਮ ਭੂਮਿਕਾ ਨਿਭਾਉਂਦੇ ਹਨ। ਮੈਗਨੀਸ਼ੀਅਮ ਕੈਲਸ਼ੀਅਮ ਨੂੰ ਹੱਡੀਆਂ ਨਾਲ ਬੰਨ੍ਹਣ ਵਿੱਚ ਮਦਦ ਕਰਦਾ ਹੈ, ਜਦਕਿ ਵਿਟਾਮਿਨ-ਕੇ2 ਇਹ ਧਿਆਨ ਰੱਖਦਾ ਹੈ ਕਿ ਕੈਲਸ਼ੀਅਮ ਹੱਡੀਆਂ ਵਿੱਚ ਜਾਵੇ, ਨਾ ਕਿ ਤੁਹਾਡੀਆਂ ਨਾੜੀਆਂ ਵਿੱਚ ਜਮ੍ਹਾਂ ਹੋ ਕੇ ਉਨ੍ਹਾਂ ਨੂੰ ਬਲਾਕ ਕਰ ਦੇਵੇ। ਇਸ ਲਈ ਹਰੀਆਂ ਪੱਤੇਦਾਰ ਸਬਜ਼ੀਆਂ, ਕੱਦੂ ਦੇ ਬੀਜ, ਕੀਵੀ ਅਤੇ ਬਾਦਾਮ ਖਾਓ।

ਵੇਟ-ਬੀਅਰਿੰਗ ਐਕਸਰਸਾਈਜ਼

ਹੱਡੀਆਂ ਨੂੰ ਮਜ਼ਬੂਤ ਬਣਾਉਣ ਲਈ ਉਨ੍ਹਾਂ 'ਤੇ ਥੋੜ੍ਹਾ ਦਬਾਅ ਪਾਉਣਾ ਜ਼ਰੂਰੀ ਹੈ। ਜਦੋਂ ਤੁਸੀਂ ਪੈਦਲ ਚੱਲਦੇ ਹੋ, ਦੌੜਦੇ ਹੋ, ਪੌੜੀਆਂ ਚੜ੍ਹਦੇ ਹੋ ਜਾਂ ਭਾਰ ਚੁੱਕਦੇ ਹੋ, ਤਾਂ ਤੁਹਾਡੀਆਂ ਹੱਡੀਆਂ ਦੀ ਘਣਤਾ ਵਧਦੀ ਹੈ, ਜਿਸ ਨਾਲ ਉਹ ਮਜ਼ਬੂਤ ਹੁੰਦੀਆਂ ਹਨ। ਇਸ ਲਈ ਹਫ਼ਤੇ ਵਿੱਚ ਘੱਟੋ-ਘੱਟ 3-4 ਵਾਰ ਸਟ੍ਰੈਂਥ ਟ੍ਰੇਨਿੰਗ ਜਾਂ ਤੇਜ਼ ਸੈਰ ਸ਼ੁਰੂ ਕਰੋ।

ਪ੍ਰੋਟੀਨ ਨੂੰ ਨਜ਼ਰਅੰਦਾਜ਼ ਨਾ ਕਰੋ

ਪ੍ਰੋਟੀਨ ਦੀ ਕਮੀ ਨਾਲ ਕੋਲਾਜਨ ਘਟਣ ਲੱਗਦਾ ਹੈ, (**ਬਾਕੀ ਸਫ਼ਾ 27 'ਤੇ**)

ਡਾ. ਧਰਮਪਾਲ ਸਾਹਿਲ

ਗੱਲ 1991 ਦੀ ਹੈ। ਮੈਂ ਦਸਵੀਂ ਜਮਾਤ ਦੇ ਇਮਤਿਹਾਨ ਦੇ ਕੇ ਹਟਿਆ ਸੀ। ਕਣਕ ਦਾ ਸੀਜ਼ਨ ਹੋਣ ਕਰ ਕੇ ਕੁਝ ਸਮਾਂ ਤਾਂ ਵਾਢੀ ਕਰਦਿਆਂ ਲੰਘ ਗਿਆ। ਦਸ ਕੁ ਦਿਨਾਂ ਵਿੱਚ ਕਣਕ ਤੇ ਤੂੜੀ ਆਦਿ ਸਭ ਲੋਕਾਂ ਨੇ ਸਾਂਭ ਲਈ। ਦੋ ਕੁ ਦਿਨ ਮਾਲੇਰਕੋਟਲਾ ਸੱਟਾ ਬਾਜ਼ਾਰ ਵਿੱਚ ਦਿਹਾੜੀ ਜਾਂਦਾ ਰਿਹਾ, ਪਰ ਮੇਰੀ ਛੋਟੀ ਉਮਰ ਦੇਖ ਕੇ ਮੈਨੂੰ ਕੋਈ ਵੀ ਦਿਹਾੜੀ 'ਤੇ ਲਿਜਾਣ ਲਈ ਤਿਆਰ ਨਾ ਹੋਇਆ। ਇਸ ਕਰ ਕੇ ਬੇਬੇ ਨੇ ਪਿੰਡ ਵਿੱਚ ਇੱਕ ਜ਼ਿਮੀਂਦਾਰ ਪਰਿਵਾਰ ਨਾਲ ਦੋ ਮਹੀਨੇ ਲਈ ਸੀਰੀ ਰਲਾ ਦਿੱਤਾ। ਜਿਸ ਪਰਿਵਾਰ ਨਾਲ ਮੈਂ ਸੀਰੀ ਰਲ਼ਿਆ ਸੀ ਉਹ ਪਰਿਵਾਰ ਮੇਰੇ ਚਾਚਿਆਂ ਦੀ ਥਾਂ ਲੱਗਦਾ ਸੀ। ਇਸ ਕਰਕੇ ਚਾਚੇ ਨੇ ਪਹਿਲੇ ਦਿਨ ਹੀ ਮੈਨੂੰ ਸਾਰਾ ਕੰਮ ਸਮਝਾ ਦਿੱਤਾ। ਸਵੇਰੇ ਲਗਪਗ ਪੰਜ ਕੁ ਵਜੇ ਉਨ੍ਹਾਂ ਦੇ ਘਰ ਚਲਾ ਜਾਂਦਾ। ਡੰਗਰਾਂ ਨੂੰ ਪੱਠੇ ਪਾਉਂਦਾ ਅਤੇ ਚਾਹ ਪੀ ਕੇ ਖੇਤ ਚਲਾ ਜਾਂਦਾ। ਪਹਿਲਾਂ ਪੱਠੇ ਵੱਢਣੇ, ਫਿਰ ਕੋਈ ਨਾ ਕੋਈ ਵੱਟ ਘੜਨ ਦਾ ਹੁਕਮ ਮਿਲ ਜਾਂਦਾ। ਜਦੋਂ ਝੋਨੇ ਦਾ ਸ਼ੀਜਨ ਸ਼ੁਰੂ ਹੋ ਗਿਆ ਤਾਂ ਸਿਖ਼ਰ ਦੁਪਹਿਰੇ ਖੇਤ ਵਿੱਚ ਕੱਦੂ ਦੀਆਂ ਧੜੀਆਂ ਪੱਧਰੀਆਂ ਕਰਨ ਦਾ ਹੁਕਮ ਮਿਲ ਜਾਂਦਾ। ਇਸ ਤਰ੍ਹਾਂ ਕਈ ਦਿਨ ਕੰਮ ਚੱਲਦਾ ਰਿਹਾ।

ਸਾਡੇ ਪਿੰਡ ਤੋਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਝੀਂਡੇ ਵਿੱਚ ਚਾਚੇ ਨੇ ਕਿਸੇ ਸਰਦਾਰ ਦੀ ਜ਼ਮੀਨ ਠੇਕੇ ਉੱਤੇ ਲਈ ਹੋਈ ਸੀ। ਹੁਣ ਮੇਰੀ ਡਿਊਟੀ ਜ਼ਿਆਦਾਤਰ ਉਸੇ ਮੋਟਰ ਉੱਤੇ ਲਗਾਈ ਹੋਈ ਸੀ। ਮੈਨੂੰ ਜ਼ਿਆਦਾ ਕੰਮ ਦੀ ਜਾਣਕਾਰੀ ਤਾਂ ਨਹੀਂ ਸੀ, ਪਰ ਚਾਚਾ ਜਿਹੜਾ ਕੰਮ ਸਮਝਾ ਦਿੰਦਾ ਮੈਂ ਉਸ ਨੂੰ ਵਧੀਆ ਤਰੀਕੇ ਨਾਲ ਕਰ ਲੈਂਦਾ। ਇਸ ਕਰਕੇ ਮੇਰੇ 'ਤੇ ਚਾਚੇ ਦਾ ਕਾਫ਼ੀ ਭਰੋਸਾ ਬਣ ਚੁੱਕਾ ਸੀ। ਇੱਕ ਰਾਤ ਮੋਟਰ ਉੱਤੇ ਬਿਜਲੀ ਰਾਤ ਨੂੰ ਲਗਪਗ 12 ਕੁ ਵਜੇ ਆਉਣੀ ਸੀ। ਮੈਂ ਤੇ ਚਾਚਾ ਦੋਵੇਂ ਬਿਜਲੀ ਦੀ ਉਡੀਕ ਕਰਦੇ ਰਹੇ। ਉਡੀਕ ਕਰਦਿਆਂ-ਕਰਦਿਆਂ ਚਾਚਾ ਤਾਂ ਸੌਂ ਗਿਆ, ਪਰ ਮੈਂ ਨਾ ਸੁੱਤਾ। ਅਖ਼ੀਰ ਬਿਜਲੀ ਆ ਗਈ। ਮੈਂ ਮੋਟਰ ਚਲਾਉਣ ਲਈ ਭੱਜਿਆ ਤਾਂ ਵੇਖਿਆ ਕਿ ਸਟਾਰਟਰ ਉੱਤੇ ਸੱਪ ਬੈਠਾ ਸੀ, ਜਿਸ ਨੂੰ ਵੇਖ ਕੇ ਮੇਰੀ ਚੀਕ ਨਿਕਲ ਗਈ। ਚੀਕ ਸੁਣ ਕੇ ਚਾਚਾ ਇਕਦਮ ਉਠਿਆ... ਕੀ ਹੋ ਗਿਆ... ਕੀ ਹੋ ਗਿਆ! ਸ਼ਾਇਦ ਚਾਚੇ ਨੂੰ ਲੱਗਿਆ ਹੋਣਾ ਕਿ ਜਵਾਕ ਨੂੰ ਕਰੰਟ ਲੱਗ ਗਿਆ। "ਚਾਚਾ ਸਟਾਰਟਰ 'ਤੇ ਸੱਪ ਬੈਠਾ ਹੈ," ਇਹ ਕਹਿਣ ਲਈ ਮੇਰੀ ਆਵਾਜ਼ ਮਸਾਂ ਹੀ ਨਿਕਲੀ। "ਬਸ! ਸੱਪ ਤੋਂ ਡਰ ਗਿਆ... ਲਿਆ ਸੋਟੀ ਮਾਰੀਏ।" ਉਨੀਂਦਰਾ ਹੋਣ ਕਰ ਕੇ ਸੋਟੀ ਮਾਰਨ ਲੱਗਿਆਂ ਚਾਚੇ ਦਾ ਨਿਸ਼ਾਨਾ ਉੱਕ ਗਿਆ। ਸੱਪ ਤਾਂ ਨਹੀਂ ਮਰਿਆ ਪਰ ਉੱਥੇ ਲੱਗਿਆ ਬਲਬ ਜ਼ਰੂਰ ਫੁੱਟ ਗਿਆ। ਕਮਰੇ ਵਿੱਚ ਹਨੇਰਾ ਹੋ ਗਿਆ। ਮੈਨੂੰ ਹਨੇਰੇ ਤੋਂ ਬਹੁਤ ਡਰ ਲੱਗਦਾ ਸੀ। ਚਾਚੇ ਨੇ ਕਿਹਾ, "ਜਾਹ! ਬਾਹਰੋਂ ਭੱਜ ਕੇ ਬੈਟਰੀ ਚੁੱਕ ਲਿਆ।" ਮੈਂ ਭੱਜ ਕੇ ਬੈਟਰੀ ਚੁੱਕ ਲਿਆਇਆ, ਉਦੋਂ ਤੱਕ ਸੱਪ ਸਟਾਟਰ ਦੇ ਪਿੱਛੇ ਜਾ ਵੜਿਆ। ਜਿਉਂ ਹੀ ਚਾਚੇ ਨੇ ਸਟਾਰਟਰ ਨੂੰ ਹਿਲਾਇਆ ਸੱਪ ਮੁੜ ਬਾਹਰ ਆ ਗਿਆ। ਚਾਚੇ ਨੇ ਦੋ ਤਿੰਨ ਸੋਟੀਆਂ ਸੱਪ ਦੇ ਮਾਰੀਆਂ ਤੇ ਸੱਪ ਸਟਾਰਟਰ ਕੋਲ ਤਾਰਾਂ ਦੇ ਜਾਲ ਵਿੱਚ ਫਸ ਗਿਆ ਤੇ ਨਾਲ ਹੀ ਬੈਟਰੀ ਬੰਦ ਹੋ ਗਈ। ਚਾਚਾ ਮੈਥੋਂ ਬੈਟਰੀ ਫੜ ਕੇ ਹਿਲਾਉਣ ਲੱਗ ਪਿਆ, ਪਰ ਉਹ ਨਾ ਚੱਲੀ। ਉੱਥੇ ਇੱਕ ਬੋਤਲ ਵਿੱਚ ਲੀਰ ਦੀ ਬੱਤੀ ਪਾ ਕੇ ਇੱਕ ਦੀਵਾ ਬਣਾਇਆ ਹੋਇਆ ਸੀ, ਜਿਸ ਦੀ ਕਦੇ ਰਾਤ ਨੂੰ ਵਰਤੋਂ ਨਹੀਂ ਸੀ ਕਰਦੇ ਕਿਉਂਕਿ ਉਹ ਚਾਨਣ ਘੱਟ ਕਰਦਾ ਤੇ ਧੂੰਆਂ ਜ਼ਿਆਦਾ ਛੱਡਦਾ ਸੀ। ਚਾਚੇ ਨੇ ਮੈਨੂੰ ਉਹ ਦੀਵਾ ਬਾਲਣ ਲਈ ਕਿਹਾ। ਮੈਂ ਉਹ ਦੀਵਾ ਬਾਲ ਦਿੱਤਾ, ਪਰ ਉਸ ਵਿੱਚ ਇੱਕ ਵੀ ਤਿੱਪ ਤੇਲ ਦੀ ਨਾ ਹੋਣ ਕਰਕੇ ਲੀਰ ਸੜ ਕੇ ਉਹ ਵੀ ਬੁੱਝ ਗਿਆ। ਉਸ ਨੂੰ ਜਗਾ ਕੇ ਸਿਰਫ਼ ਅਸੀਂ ਏਨਾ ਹੀ ਵੇਖ ਸਕੇ ਕਿ ਸੱਪ ਅਜੇ ਵੀ ਜ਼ਖ਼ਮੀ ਹਾਲਤ ਵਿੱਚ ਤਾਰਾਂ ਵਿੱਚ ਫਸਿਆ ਹੋਇਆ ਸੀ।

ਮੈਂ ਬੱਤੀ ਨੂੰ ਅੱਗ ਲਾਈ। ਚਾਨਣ ਹੋਇਆ। ਚਾਚੇ ਨੇ ਤਿੰਨ ਚਾਰ ਸੋਟੀਆਂ ਸੱਪ ਦੇ ਹੋਰ ਮਾਰੀਆਂ ਤੇ ਮਰ ਕੇ ਸੱਪ ਥੱਲੇ ਡਿੱਗ ਗਿਆ। "ਚੱਲ, ਚੱਕ ਕਹੀ ਤੇ ਟੋਆ ਪੁੱਟ ਇਸ ਨੂੰ ਦੱਬੀਏ," ਚਾਚੇ ਨੇ ਜੇਤੂ ਲਹਿਜੇ ਵਿੱਚ ਕਿਹਾ। ਇਸ ਮਗਰੋਂ ਤਾਰਾਂ ਨੂੰ ਠੀਕ ਕਰਦਿਆਂ ਰਾਤ ਦਾ ਇੱਕ ਵੱਜ ਗਿਆ। ਜਦੋਂ ਮੋਟਰ ਚਲਾਈ, ਮੋਟਰ ਪਾਣੀ ਨਾ ਚੁੱਕੇ। "ਲੈ ਬਈ! ਮੁੰਡਿਆ ਤੈਨੂੰ ਹੁਣ ਪਿੰਡ ਜਾਣਾ ਪੈਣਾ। ਸੈੱਲ ਲੈ ਕੇ ਆ ਘਰੋਂ... ਮੋਟਰ ਤਾਂ ਚੱਲੂ।" ਚਾਚੇ ਦੀ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ। ਮੈਂ ਅਜੇ ਸੱਪ ਵਾਲੇ ਸਦਮੇ ਵਿੱਚੋਂ ਨਹੀਂ ਨਿਕਲਿਆ ਸੀ ਤੇ ਚਾਚੇ ਨੇ ਦੂਜੇ ਵਿੱਚ ਪਾ ਦਿੱਤਾ। ਮੈਂ ਸਾਈਕਲ ਚੁੱਕ ਕੇ ਪਿੰਡ ਨੂੰ ਚੱਲ ਪਿਆ। ਕਾਲੀ ਸੰਘਣੀ ਰਾਤ ਹੋਣ ਕਰਕੇ ਦੂਰ-ਦੂਰ ਤੱਕ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਚਾਰੇ ਪਾਸੇ ਸ਼ਾਂ-ਸ਼ਾਂ ਦੀ ਆਵਾਜ਼ ਹੀ ਸੁਣਾਈ ਦੇ ਰਹੀ ਸੀ, ਜਿਸ ਕਾਰਨ ਮੈਂ ਅੰਦਰੋਂ ਬਹੁਤ ਡਰ ਗਿਆ। ਆਲੇ-ਦੁਆਲੇ ਦੀਆਂ ਝਾੜੀਆਂ ਇੰਝ ਲੱਗਣ ਜਿਵੇਂ ਕੋਈ ਬੰਦਾ ਲੁਕ ਕੇ ਬੈਠਾ ਹੋਵੇ। ਮੈਂ ਡਰਦਾ-ਡਰਦਾ ਪਿੰਡ ਪਹੁੰਚ ਗਿਆ। ਰਾਤ ਦਾ ਲਗਪਗ ਡੇਢ ਵੱਜ ਗਿਆ ਹੋਵੇਗਾ। ਸਾਰਾ ਪਿੰਡ ਦਾਤੀ ਫਰੇ ਪੱਖੇ ਛੱਡ ਕੇ ਘੂਕ ਸੁੱਤਾ ਪਿਆ ਸੀ। ਮੈਨੂੰ ਸਾਈਕਲ 'ਤੇ ਦੇਖ ਕੇ ਕੁੱਤੇ ਉੱਚੀ-ਉੱਚੀ ਭੌਂਕਣ ਲੱਗ ਗਏ ਜਿਵੇਂ ਇਸ ਪਿੰਡ ਦਾ ਨਾ ਹੋ ਕੇ ਕਿਸੇ ਹੋਰ ਥਾਂ ਤੋਂ ਪਿੰਡ ਵਿੱਚ ਚੋਰੀ ਕਰਨ ਆਇਆ ਹੋਵਾਂ। ਚਾਚੇ ਦਾ ਸਾਰਾ ਟੱਬਰ ਸੁੱਤਾ ਪਿਆ ਸੀ। ਮੈਂ ਜ਼ੋਰ-ਜ਼ੋਰ ਨਾਲ ਹਾਕਾਂ ਮਾਰੀਆਂ ਅਤੇ ਦਰਵਾਜ਼ਾ ਵੀ ਖੜਕਾਇਆ, ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਆਖ਼ਰ ਡਰਦਾ-ਡਰਦਾ ਮੈਂ ਕੰਧ ਟੱਪ ਕੇ ਅੰਦਰ ਚਲਾ ਗਿਆ। ਚਾਚੀ ਮੈਨੂੰ ਦੇਖ ਕੇ ਹੈਰਾਨ ਹੋ ਗਈ, "ਤੂੰ ਅੱਧੀ ਰਾਤ ਇੱਥੇ ਕੀ ਕਰਦੈਂ!" ਮੈਂ ਚਾਚੀ ਨੂੰ ਸਾਰੀ ਗੱਲ ਦੱਸੀ। ਚਾਚੀ ਨੇ ਮੈਨੂੰ ਸੈੱਲਾਂ ਵਾਲਾ ਝੋਲਾ ਫੜਾ ਦਿੱਤਾ।

ਮੈਂ ਚਾਚੀ ਤੋਂ ਸੈੱਲ ਲੈ ਕੇ ਫੇਰ ਝੀਂਡੇ ਵੱਲ ਨੂੰ ਸਾਈਕਲ ਦਾ ਰੁਖ਼ ਕਰ ਦਿੱਤਾ। ਜਿਉਂ ਹੀ ਮੇਰਾ ਸਾਈਕਲ ਰਾਹ ਵਿੱਚ ਆਉਂਦੇ ਇੱਕ ਵਿਸ਼ਾਲ ਬਰੋਟੇ ਦੇ ਹੇਠ ਪਹੁੰਚਿਆ... ਚੇਨ ਉੱਤਰ ਗਈ। ਮੈਂ ਬਿਨਾਂ ਰੁਕੇ ਕਾਫ਼ੀ ਦੂਰ ਤੱਕ ਉਸੇ ਤਰ੍ਹਾਂ ਹੀ ਡਰਦਾ-ਡਰਦਾ ਸਾਈਕਲ ਚਲਾਉਂਦਾ ਗਿਆ ਕਿਉਂਕਿ ਇਸ ਬਰੋਟੇ ਬਾਰੇ ਮੈਂ ਲੋਕਾਂ ਤੋਂ ਕਾਫ਼ੀ ਗੱਲ ਸੁਣੀਆਂ ਸਨ। ਅੱਗੇ ਜਾ ਕੇ ਮੈਂ ਸਾਈਕਲ ਦੀ ਚੇਨ ਚੜ੍ਹਾਉਣ ਲੱਗ ਪਿਆ ਤਾਂ ਮੇਰੀ ਉਂਗਲ ਚੇਨ ਵਿੱਚ ਆ ਗਈ ਤੇ ਮੇਰੀ ਚੀਕ ਨਿਕਲ ਗਈ। ਉਂਗਲ ਵਿੱਚੋਂ ਖ਼ੂਨ ਨਿਕਲਣ ਲੱਗ ਗਿਆ। ਮੈਂ ਫਟਾਫਟ ਉਂਗਲ 'ਤੇ ਮਿੱਟੀ ਲਾ ਕੇ ਸਾਈਕਲ ਮੋਟਰ ਵੱਲ ਨੂੰ ਭਜਾ ਲਿਆ। ਮੋਟਰ 'ਤੇ ਪਹੁੰਚ ਕੇ ਸੈੱਲ ਚਾਚੇ ਨੂੰ ਫੜਾ ਕੇ ਮੈਂ ਉੱਚੀ-ਉੱਚੀ ਰੋਣ ਲੱਗ ਪਿਆ। ਚਾਚਾ ਮੈਨੂੰ ਚੁੱਪ ਕਰਾਵੇ ਤੇ ਮੇਰੀਆਂ ਧਾਹਾਂ ਨਿਕਲੀ ਜਾਣ। ਭਾਵੇਂ ਔਖੇ-ਸੌਖੇ ਹੋ ਕੇ ਦੋ ਮਹੀਨੇ ਤਾਂ ਪੂਰੇ ਕੀਤੇ, ਪਰ ਉਹ ਰਾਤ ਮੇਰੇ ਲਈ ਸਦਾ ਲਈ ਅਭੁੱਲ ਬਣ ਗਈ।

ਉਹ ਰਾਤ ਤੇ ਅੱਜ ਦੀ ਰਾਤ ਮੈਂ ਕਮਰੇ ਵਿੱਚ ਬੈਠਾ ਐੱਲ ਈ ਡੀ ਲਾਈਟ ਦੇ ਚਾਨਣ ਵਿੱਚ ਇਸ ਰਚਨਾ ਨੂੰ ਕਲਮਬੱਧ ਕਰ ਰਿਹਾ ਸੀ ਤਾਂ ਮੱਲੋ-ਮੱਲੀ ਅੱਜ ਵੀ ਮਿਹਨਤ ਦਾ ਮੋਤੀ ਮੇਰੀ ਅੱਖ ਵਿੱਚੋਂ ਛਲਕ ਪਿਆ। ਉਸ ਰਾਤ ਨੇ ਇੰਨਾ ਸਬਕ ਜ਼ਰੂਰ ਸਿਖਾ ਦਿੱਤਾ ਕਿ ਜ਼ਿੰਦਗੀ ਵਿੱਚ ਕੁਝ ਬਣਨਾ ਹੈ, ਨਹੀਂ ਤਾਂ ਇਸੇ ਤਰ੍ਹਾਂ ਕਾਲੀਆਂ ਰਾਤਾਂ ਵਿੱਚ ਫਾਕੇ ਕੱਟਣੇ ਪੈਣੇ ਨੇ। ਇਸ ਕਰਕੇ ਅੱਜ ਅਧਿਆਪਕ ਦੀ ਸੇਵਾ ਪ੍ਰਾਪਤ ਕਰ ਕੇ ਉਸ ਮਿਹਨਤ ਮੁਸ਼ੱਕਤ 'ਤੇ ਬਹੁਤ ਫ਼ਖਰ ਮਹਿਸੂਸ ਹੁੰਦਾ ਹੈ। ਜਦੋਂ ਕਦੇ ਪਤਨੀ ਤੇ ਬੱਚਿਆਂ ਨਾਲ ਇਹ ਗੱਲਾਂ ਸਾਂਝੀਆਂ ਕਰਦਾ ਹਾਂ, ਉਨ੍ਹਾਂ ਦੀ ਅੱਖ ਵੀ ਭਰ ਆਉਂਦੀ ਹੈ। ਜਮਾਤ ਵਿੱਚ ਪੜ੍ਹਾਉਂਦੇ ਸਮੇਂ ਵਿਦਿਆਰਥੀਆਂ ਨੂੰ ਮਿਹਨਤ ਅਤੇ ਕਿਰਤ ਨਾਲ ਜੁੜਨ ਲਈ ਇਹ ਰਾਤਾਂ ਦੀ ਕੀਤੀ ਮਿਹਨਤ ਪ੍ਰੇਰਿਤ ਕਰਦੀ ਹੈ।

ਫਰਿਸ਼ਤਾ

-ਹਰੀ ਕ੍ਰਿਸ਼ਨ ਮਾਇਰ

ਗਰਮੀਆਂ ਦੇ ਦਿਨ ਸਨ। ਅਮੀਰ ਬਾਪ ਨਵੀਨ ਦੀ ਛੋਟੀ ਕੁੜੀ ਰਿੰਕੀ ਕੋਠੀ ਸਾਹਮਣੇ ਬਗੀਚੇ ਵਿੱਚ ਵ੍ਹੀਲ ਚੇਅਰ 'ਤੇ ਬੈਠੀ ਸੀ। ਉਸ ਦੇ ਚਿਹਰੇ 'ਤੇ ਇੰਝ ਘੋਰ ਉਦਾਸੀ ਸੀ ਜਿਵੇਂ ਹੱਸਣਾ ਮੁਸਕਰਾਉਣਾ ਉਸ ਕੋਲੋਂ ਕਿਸੇ ਨੇ ਖੋਹ ਲਿਆ ਹੋਵੇ।

ਅਚਾਨਕ ਇੱਕ ਮੈਲੇ ਕੁਚੈਲੇ ਕੱਪੜਿਆਂ ਵਾਲਾ ਅਜਨਬੀ ਜੁਆਕ ਭੱਜਿਆ ਭੱਜਿਆ ਉਸ ਕੋਠੀ ਮੂਹਰੇ ਆਣ ਖਲੋਤਾ। ਉਹ ਭੁੱਖਾ ਸੀ, ਖਾਣ-ਪੀਣ ਨੂੰ ਕੁਝ ਲੱਭਦਾ ਇੱਧਰ ਨਿਕਲ ਆਇਆ ਸੀ। ਕੁੜੀ ਤੋਂ ਕੁਝ ਖਾਣ-ਪੀਣ ਲਈ ਮਿਲਣ ਦੀ ਉਮੀਦ ਸੀ। ਕੋਈ ਪੁਰਾਣਾ ਨਿੱਕਰ-ਝੱਗਾ ਵੀ ਮਿਲ ਜਾਂਦਾ, ਪਰ ਉਹ ਕੁੜੀ ਨੂੰ ਉਦਾਸ ਦੇਖ ਕੇ ਉਸ ਦੇ ਸਾਹਮਣੇ ਨੱਚਣ ਟੱਪਣ ਲੱਗ ਪਿਆ। ਕੁੜੀ ਵੀ ਉਤਸੁਕਤਾ ਨਾਲ ਉਸ ਵੱਲ ਤੱਕਣ ਲੱਗੀ। ਪਹਿਲਾਂ ਤਾਂ ਉਸ ਨੇ ਇੱਕ ਚੱਕਰ ਵਿੱਚ ਗੇੜੇ ਕੱਢੇ, ਫਿਰ ਉਹ ਹਸਾਉਣੀਆਂ ਸ਼ਰਾਰਤਾਂ ਕਰਨ ਲੱਗਾ। ਕਦੇ ਬਾਹਾਂ ਉੱਪਰ ਨੂੰ ਲਹਿਰਾਉਂਦਾ, ਕਦੇ ਛੜੱਪੇ ਮਾਰਦਾ। ਖਿੜ ਖਿੜ ਕੇ ਹੱਸਦਾ। ਲੱਤਾਂ ਨੂੰ ਮਚਕੋੜ ਕੇ ਦੂਹਰੀਆਂ ਕਰ ਲੈਂਦਾ। ਰਿੰਕੀ ਵੀ ਕਦੀ ਹੱਸਦੀ, ਨੱਚਦੀ-ਟੱਪਦੀ ਹੁੰਦੀ ਸੀ, ਪਰ ਇੱਕ ਦੁਰਘਟਨਾ ਦੌਰਾਨ ਉਸ ਨੂੰ ਲਕਵਾ ਮਾਰ ਗਿਆ ਸੀ ਅਤੇ ਹੁਣ ਉਹ ਤੁਰਨ ਫਿਰਨ, ਬੋਲਣ ਅਤੇ ਹੱਸਣ ਤੋਂ ਲਾਚਾਰ ਹੋਈ ਬੈਠੀ ਸੀ।

ਉਹ ਮੁੰਡਾ ਵਾਰ ਵਾਰ ਹਸਾਉਣੀਆਂ ਹਰਕਤਾਂ ਨਾਲ ਕੁੜੀ ਦੇ ਚਿਹਰੇ 'ਤੇ ਹਾਸਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਹਾਸਾ ਜਿਸ ਨੂੰ ਲਿਆਉਣ ਲਈ ਰਿੰਕੀ ਦੇ ਪਿਉ ਨੇ ਕੋਈ ਹਸਪਤਾਲ, ਕੋਈ ਡਾਕਟਰ, ਕੋਈ ਮੰਦਰ ਤੇ ਗੁਰਦੁਆਰਾ ਨਹੀਂ ਸੀ ਛੱਡਿਆ। ਮਹਿੰਗੇ ਤੋਂ ਮਹਿੰਗਾ ਇਲਾਜ ਅਤੇ ਖਿਡੌਣੇ ਕੁੜੀ ਦੀ ਉਦਾਸੀ ਦੀ ਦਵਾਈ ਨਹੀਂ ਬਣ ਸਕੇ ਸਨ। ਉਹ ਨਾ ਬੋਲਦੀ, ਨਾ ਹੱਸਦੀ, ਨਾ ਤੁਰਦੀ ਅਤੇ ਨਾ ਦੌੜ ਸਕਦੀ ਸੀ। ਕੁੜੀ ਦਾ ਪਿਉ ਕੋਠੀ ਦੀ ਬਾਲਕੋਨੀ ਵਿੱਚ ਖੜ੍ਹਾ ਉਸ ਮੁੰਡੇ ਨੂੰ ਘੂਰ ਰਿਹਾ ਸੀ।

ਮੁੰਡੇ ਦੇ ਨੱਚਣ-ਟੱਪਣ ਨਾਲ ਜਿਵੇਂ ਰਿੰਕੀ ਦੇ ਮਨ 'ਤੇ ਕੋਈ ਜਾਦੂ ਧੂੜਿਆ ਗਿਆ ਸੀ। ਦੇਖਦੇ ਦੇਖਦੇ ਉਸ ਦੇ ਨਿੱਕੇ ਨਿੱਕੇ ਹੱਥਾਂ ਵਿੱਚ ਹਰਕਤ ਆ ਗਈ। ਉਸ ਨੇ ਤਾਲ਼ੀ ਵਜਾਈ। ਉਸ ਦੇ ਚਿਹਰੇ ਅਤੇ ਅੱਖਾਂ ਵਿੱਚ ਹਰਕਤ ਹੋਈ, ਬੁੱਲ੍ਹਾਂ 'ਚੋਂ ਦੰਦ ਦਿਸੇ। ਆਖ਼ਰ ਉਹ ਖਿੜ ਖਿੜਾ ਕੇ ਹੱਸਣ ਲੱਗੀ। ਨਵੀਨ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਉਸ ਦੇ ਮਨ ਅੰਦਰੋਂ ਆਵਾਜ਼ ਆਈ, "ਕੀ ਇਹ ਸੱਚ ਹੈ ਕਿ ਮੇਰੀ ਰਿੰਕੀ ਹੱਸ ਰਹੀ ਹੈ। ਇਹ ਚੀਥੜੇ ਕੱਪੜਿਆਂ ਵਾਲੇ ਬੇਘਰੇ ਜੁਆਕ ਕੋਲ ਮੇਰੀ ਬੇਟੀ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਣ ਵਾਲੀ ਕੁੰਜੀ ਹੈ। ਇਹ ਸੋਚਦਾ ਸੋਚਦਾ ਨਵੀਨ ਬਾਲਕੋਨੀ ਵਿੱਚੋਂ ਬਾਹਰ ਆ ਗਿਆ। ਉਹ ਜੁਆਕ ਅਜੇ ਵੀ ਹੱਸ ਰਿਹਾ ਸੀ। ਉਸ ਦੀਆਂ ਗੱਲ੍ਹਾਂ ਹੱਸ ਰਹੀਆਂ ਸਨ। ਉਸ ਦੀਆਂ ਅੱਖਾਂ ਹੱਸ ਰਹੀਆਂ ਸਨ। ਰਿੰਕੀ ਅਜੇ ਵੀ ਹੱਸ ਰਹੀ ਸੀ।

ਉਸ ਮੁੰਡੇ ਨੇ ਕੁੜੀ ਦੇ ਪਿਤਾ ਨੂੰ ਦੇਖ ਲਿਆ ਸੀ। ਫਿਰ ਉਸ ਨੇ ਨੱਚਣਾ ਬੰਦ ਕਰ ਦਿੱਤਾ। ਜਿਵੇਂ ਘਬਰਾ ਗਿਆ ਸੀ। ਇਸ ਡਰੋਂ ਕਿ ਕੁੜੀ ਦਾ ਪਿਉ ਉਸ ਨੂੰ ਕੋਈ ਨਾ ਕੋਈ ਸਜ਼ਾ ਜ਼ਰੂਰ ਦੇਵੇਗਾ, ਉਹ ਭੱਜਣ ਨੂੰ ਤਿਆਰ ਹੀ ਸੀ ਕਿ ਰਿੰਕੀ ਦੇ ਪਿਤਾ ਨੇ ਉਸ ਨੂੰ ਆਵਾਜ਼ ਮਾਰੀ, ਰੁਕ ਜਾ ਬੱਚੇ, ਦੌੜਨਾ ਨਹੀਂ। ਮੈਂ ਤੈਨੂੰ ਕੁਝ ਨਹੀਂ ਕਹਿੰਦਾ।

ਮੈਲੇ ਕੱਪੜਿਆਂ ਵਾਲਾ ਮੁੰਡਾ ਰੁਕ ਗਿਆ। ਉਸ ਨੂੰ ਪਲੋਸ ਕੇ ਰਿੰਕੀ ਦੇ ਪਿਤਾ ਨੇ ਉਸ ਦਾ ਹੱਥ ਫੜ ਲਿਆ ਅਤੇ ਪੁੱਛਿਆ, "ਤੇਰਾ ਕੀ ਨਾਂ ਏ ਬੇਟਾ?

ਮਾਂ ਨੇ ਮੇਰਾ ਕੋਈ ਨਾਂ ਰੱਖਿਆ ਨਹੀਂ, ਪਰ ਮੇਰੇ ਆੜੀ ਮੈਨੂੰ 'ਫਰਿਸ਼ਤਾ' ਕਹਿੰਦੇ ਨੇ। ਉਸ ਨੇ ਹੌਲੀ ਦੇਣੇ ਕਿਹਾ। ਉਸ ਦੀਆਂ ਅੱਖਾਂ ਵਿੱਚ ਬੇਚੈਨੀ ਸਾਫ਼ ਝਲਕਦੀ ਸੀ। ਦੇਖਣ ਨੂੰ ਉਹ ਸੁੱਕੜਾ ਜਿਹਾ ਦੀਂਹਦਾ ਸੀ ਜਿਵੇਂ ਉਸ ਨੂੰ ਘਰੋਂ ਖਾਣ ਨੂੰ ਰੋਟੀ ਵੀ ਨਾ ਜੁੜਦੀ ਹੋਵੇ, ਪਰ ਉਸ ਦੀ ਮਸਤੀ ਫ਼ਕੀਰਾਂ ਦੇ ਪੱਧਰ ਦੀ ਸੀ।

ਇੱਥੇ ਕੀ ਕਰਨ ਆਇਆ ਸੀ? ਰਿੰਕੀ ਦੇ ਪਿਉ ਨੇ ਪੁੱਛਿਆ।

ਭੁੱਖ ਲੱਗੀ ਸੀ। ਸਾਹਮਣੇ ਕੁੜੀ ਬੈਠੀ ਦੇਖੀ। ਕੁੜੀ ਬੜੀ ਉਦਾਸ ਲੱਗ ਰਹੀ ਸੀ। ਮੈਂ ਸੋਚਿਆਂ ਪਹਿਲਾਂ ਇਸ ਕੁੜੀ ਦੇ ਚਿਹਰੇ 'ਤੇ ਮੁਸਕਰਾਹਟ ਲਿਆਵਾਂ। ਕੁੜੀ ਹੱਸੇਗੀ ਤਾਂ ਖਾਣ ਦਾ ਵੀ ਜੁਗਾੜ ਬਣ ਜਾਵੇਗਾ, ਬਸ...।

ਰਿੰਕੀ ਅਚਾਨਕ ਪਿਉ ਦੀ ਬਾਂਹ ਫੜ ਕੇ ਫੁਸਫਸਾਈ, "ਪਾਪਾ ਇਹ ਬੜਾ ਮਜ਼ਾਕੀਆ ਮੁੰਡਾ ਹੈ। ਕੀ ਇਹ ਸਾਡੇ ਕੋਲ ਠਹਿਰ ਸਕਦੈ?

ਨਵੀਨ ਹੈਰਾਨ ਪਰੇਸ਼ਾਨ ਹੋਇਆ ਬੋਲਿਆ, "ਓਏ ਰਿੰਕੀ ਤੂੰ ਬੋਲ ਪਈ ਏਂ, ਮੈਂ ਤਰਸ ਰਿਹਾ ਸੀ ਤੇਰੇ ਬੋਲਾਂ ਨੂੰ ਸੁਣਨ ਲਈ। ਉਸ ਨੇ ਰਿੰਕੀ ਨੂੰ ਆਪਣੀਆਂ ਬਾਹਵਾਂ ਵਿੱਚ ਘੁੱਟ ਲਿਆ। ਰਿੰਕੀ ਉਸ ਜੁਆਕ ਨੂੰ ਇੱਥੇ ਠਹਿਰਾਉਣ ਲਈ ਵਾਰ ਵਾਰ ਆਪਣੇ ਪਾਪਾ ਨੂੰ ਕਹਿ ਰਹੀ ਸੀ।

ਰਿੰਕੀ ਦੇ ਪਿਤਾ ਨੇ ਉਸ ਮੁੰਡੇ ਨੂੰ ਪੁੱਛਿਆ, "ਤੂੰ ਕਿੱਥੇ ਰਹਿੰਦੈ?

ਰੇਲਵੇ ਲਾਈਨ ਲਾਗੇ ਝੁੱਗੀਆਂ ਵਿੱਚ।

ਮਾਂ-ਬਾਪ ਨਾਲ ?

ਇਕੱਲਾ ਰਹਿੰਦਾਂ, ਮਾਂ-ਬਾਪ ਹੈ ਨਹੀਂ।

ਰੋਟੀ-ਪਾਣੀ?

ਰੇਲ ਗੱਡੀ ਵਿੱਚੋਂ ਬਚਿਆ-ਖੁਚਿਆ ਖਾਣਾ ਚੁੱਕ ਲਿਆਉਂਦੇ ਹਾਂ ਤੇ ਸਾਥੀਆਂ ਨਾਲ ਮਿਲ ਕੇ ਖਾ ਲੈਣਾ।

ਤੈਨੂੰ ਐਨਾ ਖ਼ੁਸ਼ ਰਹਿਣਾ ਤੇ ਨੱਚਣਾ ਟੱਪਣਾ ਕਿਹਨੇ ਸਿਖਾਇਆ?

ਝੁੱਗੀਆਂ ਦੇ ਹੋਰ ਜੁਆਕ ਵੀ ਮੇਰੇ ਵਰਗੇ ਹੀ ਹਨ। ਸਕੂਲ ਤਾਂ ਕੋਈ ਜਾਂਦਾ ਨਹੀਂ। ਫ਼ਿਕਰ ਰੋਟੀ ਦਾ ਵੀ ਨਹੀਂ। ਡੀਲਕਸ ਰੇਲ ਗੱਡੀ ਦੇ ਮੁਸਾਫ਼ਰ ਖਾਣੇ ਦੀਆਂ ਭਰੀਆਂ ਥਾਲੀਆਂ ਜੂਠੀਆਂ ਛੱਡ ਜਾਂਦੇ ਹਨ। ਅਸੀਂ ਜੂਠਾ ਖਾਣਾ ਚੁੱਕ ਲਿਆਉਂਦੇ ਹਾਂ ਅਤੇ ਵੰਡ ਕੇ ਖਾ ਲੈਂਦੇ ਹਾਂ। ਰਾਤੀਂ ਢੋਲਕੀ ਵਜਾ ਕੇ ਨੱਚਦੇ ਵੀ ਹਾਂ।

ਜੂਠਾ ਖਾਣਾ ਤੁਹਾਨੂੰ ਬੁਰਾ ਨਹੀਂ ਲੱਗਦਾ?

ਭੁੱਖ ਮੂਹਰੇ ਸੁੱਚ ਤੇ ਜੂਠ ਦਾ ਕੀ ਅਰਥ?

ਜੇ ਤੂੰ ਸਾਡੀ ਕੋਠੀ ਮੂਹਰੇ ਕਮਰੇ ਵਿੱਚ ਪੱਕਾ ਹੀ ਰਹਿਣ ਲੱਗ ਜਾਵੇਂ? ਰਿੰਕੀ ਦੇ ਪਿਉ ਨੇ ਪੁੱਛਿਆ। ਮੁੰਡਾ, ਕੁੜੀ ਦੇ ਪਿਉ ਵੱਲ ਹੈਰਾਨੀ ਨਾਲ ਦੇਖਣ ਲੱਗਾ। ਰਿੰਕੀ ਦਾ ਪਿਉ ਮੁੜ ਬੋਲਿਆ, ਮੈਂ ਤੈਨੂੰ ਵਧੀਆ ਕੱਪੜੇ ਲੈ ਦਿਆਂਗਾ। ਸਕੂਲ ਵਿੱਚ ਦਾਖਲ ਵੀ ਕਰਾ ਦਿਆਂਗਾ।

ਮੇਰੇ ਦੋਸਤਾਂ ਵਿੱਚ ਮੈਂ 'ਕੱਲਾ ਹੀ ਪੂਰੇ ਹੱਥਾਂ-ਪੈਰਾਂ ਵਾਲਾ ਹਾਂ। ਮੈਂ ਗੱਡੀ ਚੱਲਣ ਤੋਂ ਪਹਿਲਾਂ ਪਹਿਲਾਂ ਤੇਜ਼ੀ ਨਾਲ ਸਾਰਾ ਜੂਠਾ ਖਾਣਾ ਥੈਲੇ ਵਿੱਚ ਹੂੰਝ ਲਿਆਉਂਦਾ ਹਾਂ। ਬਾਕੀ ਮੇਰੇ ਦੋਸਤਾਂ 'ਚ ਕਿਸੇ ਦੀ ਲੱਤ ਨਹੀਂ ਕਿਸੇ ਦੀ ਬਾਂਹ ਨਹੀਂ।

ਓਹ! ਵਿਚਾਰੇ। ਰਿੰਕੀ ਦੇ ਪਿਉ ਨੇ ਫਿਰ ਕਿਹਾ, ਜੇ ਮੈਂ ਸਾਰੇ ਬੱਚਿਆਂ ਦੀ ਰੋਟੀ-ਪਾਣੀ, ਕੱਪੜੇ ਅਤੇ ਪੜ੍ਹਾਈ ਦਾ ਇੰਤਜ਼ਾਮ ਕਰ ਦਿਆਂ ਤਾਂ?

ਨਹੀਂ।

ਤੂੰ ਬੱਸ ਵਿੱਚ ਸਕੂਲ ਜਾਈਂ। ਉਨ੍ਹਾਂ ਨੂੰ ਨਜ਼ਰ ਹੀ ਨਾ ਆਈਂ।

ਮੈਂ ਇੱਥੇ ਕੀ ਕਰਾਂਗਾ?

ਕੁੜੀ ਸਾਹਮਣੇ ਤੂੰ ਅੱਜ ਵਾਂਗ ਨੱਚਣਾ ਟੱਪਣਾ ਹੀ ਹੋਵੇਗਾ।

ਕਦੋਂ ਤੀਕ?

ਜਦੋਂ ਤੀਕ ਰਿੰਕੀ ਵ੍ਹੀਲ ਚੇਅਰ ਤੋਂ ਉਤਰ ਕੇ ਹੱਸਦੀ ਹੱਸਦੀ ਤੇਰੇ ਕੋਲ ਆ ਕੇ ਨੱਚਣ ਨਾ ਲੱਗ ਪਵੇ।

ਉਹ ਸੋਚੀਂ ਪੈ ਗਿਆ। ਇੰਨੇ ਨੂੰ ਕੁੜੀ ਵ੍ਹੀਲ ਚੇਅਰ ਤੋਂ ਉੱਠੀ ਅਤੇ ਆ ਕੇ ਆਪਣੇ ਪਾਪਾ ਕੋਲ ਖਲੋ ਗਈ ਤੇ ਬੋਲੀ, "ਪਾਪਾ ਤੁਸੀਂ ਇਸ ਮੁੰਡੇ ਨੂੰ ਕੀ ਕਹਿ ਦਿੱਤਾ ਕਿ ਉਹ ਉਦਾਸ ਹੋ ਗਿਆ ਹੈ।

ਸੱਚਮੁੱਚ ਫਰਿਸ਼ਤਾ ਹੈ ਇਹ ਮੁੰਡਾ, ਮੇਰੀ ਕੁੜੀ ਦੀਆਂ ਖ਼ੁਸ਼ੀਆਂ ਮੋੜ ਲਿਆਇਆ ਹੈ।

ਆਹ ਤੁਰ ਪਈ ਕੁੜੀ। ਉਹ ਮੁੰਡਾ ਬੋਲਿਆ।

ਮੈਂ ਤੈਨੂੰ ਕਿਹੜੀ ਸੌਗਾਤ ਦੇ ਕੇ ਤੋਰਾਂ, ਮੈਂ ਅਹਿਸਾਨ ਥੱਲੇ ਦੱਬ ਗਿਆ ਹਾਂ।

ਮੈਂ ਜਾਵਾਂ, ਮੇਰੇ ਆੜੀ ਮੈਨੂੰ ਲੱਭਦੇ ਹੋਣਗੇ।

ਪਰ ਕੁੜੀ ਤੈਨੂੰ ਉਡੀਕੇਗੀ।

ਮੈਂ ਇਸ ਨੂੰ ਹੱਸਦੀ ਟੱਪਦੀ ਨੂੰ ਦੇਖਣ ਆਇਆ ਕਰਾਂਗਾ।

ਜ਼ਰੂਰ।

ਉਸ ਦਿਨ ਜ਼ਰੂਰ ਆਵਾਂਗਾ ਜਿਸ ਦਿਨ ਇਹ ਕੁੜੀ ਉਦਾਸ ਹੋਵੇਗੀ। ਫਿਰ ਉਹ ਮੁੰਡਾ ਉੱਥੋਂ ਦੌੜ ਗਿਆ। ਕੁੜੀ ਅਤੇ ਉਸ ਦਾ ਪਿਓ ਉਸ ਫਰਿਸ਼ਤੇ ਨੂੰ ਦੂਰ ਤੱਕ ਦੇਖਦੇ ਰਹੇ। ਜਦ ਤੀਕ ਉਹ ਅੱਖੋਂ ਓਝਲ ਨਹੀਂ ਹੋ ਗਿਆ।

ਕਾਵਿ ਸੰਸਾਰ

ਸੌਦੇਬਾਜ਼ੀ ਇਸ਼ਕਾਂ ਵਿੱਚ

ਸ਼ਮਸ਼ੇਰ ਸੰਧੂ

ਐਵੇਂ ਨਾ ਲੰਘ ਜਾਏ ਰੁੱਤ ਬਹਾਰਾਂ ਦੀ।
ਮਾਣ ਲੈ ਰੱਜ ਕੇ ਸੰਗਤ ਜਿਗਰੀ ਯਾਰਾਂ ਦੀ।
ਲਿਸ਼ਕ-ਪੁਸ਼ਕ ਤੇ ਸੌਦੇਬਾਜ਼ੀ ਇਸ਼ਕਾਂ ਵਿੱਚ,
ਕਦਰ ਨਾ ਕੋਈ ਅੱਜਕੱਲ੍ਹ ਸੱਚੇ ਪਿਆਰਾਂ ਦੀ।
ਤੇਰੀ ਦੇਖ ਕੇ ਆਦਤ ਸਦਾ ਹੀ ਜਿੱਤਣ ਦੀ,
ਅਸੀਂ ਬਣਾ ਲਈ ਆਦਤ ਸਦਾ ਹੀ ਹਾਰਾਂ ਦੀ।
ਮਿਲ ਜਾਵੀਂ ਇੱਕ ਵਾਰ ਤਾਂ ਆ ਕੇ ਮਿਲ ਜਾਵੀਂ,
ਜੇ ਗੱਲ ਚੇਤੇ ਕੀਤੇ ਹੋਏ ਇਕਰਾਰਾਂ ਦੀ।
ਬੰਦੇ ਜਦ ਤੋਂ ਕੁੱਤੇ ਬਿੱਲੇ ਬਣ ਗਏ ਨੇ,
ਜਾਨ ਹੈ ਕੰਬਦੀ ਘੁੱਗੀਆਂ ਅਤੇ ਗੁਟਾਰਾਂ ਦੀ।
ਮੇਰੇ ਨਾਲ ਤੂੰ ਪੈਦਲ ਕਦ ਤੱਕ ਚੱਲਣਾ ਸੀ,
ਤੇਰੀ ਸੋਚ ਸੀ ਕੋਠੀਆਂ ਦੀ ਤੇ ਕਾਰਾਂ ਦੀ।
ਗਿੱਧੇ, ਲਹਿੰਗੇ, ਘੱਗਰੇ, ਛਾ ਗਏ ਦੁਨੀਆ ਵਿੱਚ,
ਰੀਸ ਕਰੂਗਾ ਕੌਣ ਪੰਜਾਬਣ ਨਾਰਾਂ ਦੀ।
ਪਿੱਠ ਪਿੱਛੇ ਤੈਨੂੰ ਚਮਚਾ ਕੜਛਾ ਕਹਿੰਦੇ ਨੇ,
ਛੱਡ ਦੇ ਮਾਰਨੀ ਚਮਚੀ ਤੂੰ ਸਰਕਾਰਾਂ ਦੀ।
ਬੁੱਲ੍ਹਾਂ ਉੱਤੇ ਜੀਭ ਹੈ ਹੁਣ ਵੀ ਫਿਰ ਜਾਂਦੀ,
ਯਾਦ ਹੈ ਆਉਂਦੀ ਜਦ ਮੱਝਾਂ ਦੀਆਂ ਧਾਰਾਂ ਦੀ।
ਸਮੇਂ ਦਾ ਪਹੀਆ ਪੁੱਠਾ ਵੀ ਹੈ ਗਿੜ ਜਾਂਦਾ,
ਫੁੱਲ ਨੂੰ ਰਾਖੀ ਕਰਨੀ ਪੈਂਦੀ ਖਾਰਾਂ ਦੀ।
ਨਵੇਂ ਯਾਰ ਜਦ ਚੌਕ 'ਚ ਛੱਡ ਤੁਰ ਜਾਵਣਗੇ,
ਫਿਰ ਸੰਧੂਆ ਆਊ ਯਾਦ ਪੁਰਾਣੇ ਯਾਰਾਂ ਦੀ।

ਬੇਕਿਰਕ ਸਮੇਂ

ਕੇਵਲ ਸਿੰਘ ਰੱਤੜਾ

ਬੇਕਿਰਕ ਜਹੇ ਸਮਿਆਂ ਅੰਦਰ, ਚੱਲਦੇ ਰੁਕਦੇ ਸਾਹਾਂ ਦੀ
ਕਿਹੜੇ ਸ਼ਬਦੀਂ ਲਿਖਾਂ ਕਹਾਣੀ, ਰੋਸ 'ਚ ਭੱਜੀਆਂ ਬਾਹਾਂ ਦੀ।
ਮੇਰੇ ਪਿੰਡ ਦੇ ਬੋਹੜ ਤੇ ਪਿਲਕਣ, ਗੁਰੂ ਸ਼ਰਧਾ ਲਈ ਕਤਲ ਹੋਏ
ਡਾਢੇ ਪੀਰ ਦੇ ਕਹਿਰ ਡਰੋਂ, ਝੰਗ ਬਚ ਗਈ ਹੈ ਦਰਗਾਹਾਂ ਦੀ।
ਦੇਵੀ ਮੰਨ ਪਹਾੜੀਂ ਚੜ੍ਹਦੇ, ਮੰਨਤ ਮੰਗਦੇ ਸ਼ੁਹਰਤ ਦੀ
ਕੁਰਸੀ ਘੜੇ ਕਹਾਣੀ ਕੰਜਕਾਂ, 'ਤੇ ਹੀ ਜਬਰ ਜਨਾਹਾਂ ਦੀ।
ਅਰਥ ਡੂੰਘੇਰੇ ਚੁੱਪ ਦੇ ਹੁੰਦੇ, ਕਿਸੇ ਦੇ ਤੌਰ ਭੁਲਾਉਣ ਲਈ
ਭਾਵੁਕ ਲੋਕੀਂ ਕੀ ਸਮਝਣਗੇ, ਸ਼ਾਤਰ ਚਾਲ ਨਿਗਾਹਾਂ ਦੀ।
ਦਿਸਦੇ ਨਹੀਂ ਪਰ ਸੂਹੀਆ ਤੰਤਰ, ਰਾਹੀਂ ਜੇਬਾਂ ਤੀਕ ਗਏ
ਦਿਲੋ ਦਿਮਾਗ਼ ਵੀ ਬੋਲੀ ਬੋਲਣ, ਉਨ੍ਹਾਂ ਕੁਬੇਰੀ ਸ਼ਾਹਾਂ ਦੀ।
ਰਿਸ਼ਵਤ ਦੇ ਕੇ ਧੰਦਾ ਕਰਦਾ, ਲੁਕਿਆ ਫਿਰੇ ਅਮੀਰਜ਼ਾਦਾ
ਸ਼ੇਅਰਾਂ ਵਿੱਚ ਤੁਲਦੀ ਦੌਲਤ, ਪਰ ਲੱਗੀ ਫ਼ਿਕਰ ਪਨਾਹਾਂ ਦੀ।
ਚੋਰ ਅਦਾਲਤੋਂ ਬਚ ਜਾਂਦੇ, ਅਪੀਲ ਦਲੀਲ ਵਕੀਲਾਂ ਨਾਲ
ਖ਼ਲਕਤ ਦੇ ਤਖਤੇ ਵਿੱਚ ਅੜਦੀ ਗਰਦਨ ਬੇਪਰਵਾਹਾਂ ਦੀ।
ਪੌਣੀ ਸਦੀ ਆਜ਼ਾਦ ਹੋਇਆਂ ਨੂੰ, ਫਿਰ ਵੀ ਮਨੋਂ ਗ਼ੁਲਾਮ ਰਹੇ
ਪਹਿਨਣ, ਖਾਣ, ਦਿਖਾਵੇ ਤੱਕ ਹੀ ਸੋਚ ਹੈ ਖਾਹਮਖਾਹਾਂ ਦੀ।
ਵਕਤ ਬੀਤਿਆ ਗੌਰੀ ਤੁਰਕ, ਚੰਗੇਜ਼ ਸਿਕੰਦਰ ਗੋਰੇ ਦਾ
ਵੰਡੀ ਜਨਤਾ ਕਿੰਝ ਥਾਹ ਪਾਊ ਖ਼ੁਦ ਮੁਕਤੀ ਦੇ ਰਾਹਾਂ ਦੀ।
ਸੱਚ ਸੰਜਮ ਤੇ ਸਮਝ ਦੇ ਬਾਝੋਂ 'ਰੱਤੜਾ' ਪਾਰ ਉਤਾਰਾ ਨਹੀਂ ਹੋਣਾ
ਕੁਝ ਛੱਡਣ, ਕੁਝ ਮੰਨਣ ਬਿਨ ਕੀ ਕਦਰ ਹੈ ਕੂੜ ਸਲਾਹਾਂ ਦੀ।

ਸੱਚ ਨੂੰ ਸੱਚ ਆਖਣ ਦੀ.....

ਰੋਹਿਤ ਗੁਪਤਾ 'ਸੰਜੂ'

ਚਲਦੇ ਚਲਦੇ ਰਾਹੀ ਮੰਜ਼ਿਲ ਲੱਭ ਲੈਂਦੇ,
ਵਹਿੰਦੇ ਵਹਿੰਦੇ ਨਾਲੇ ਦਰਿਆ ਬਣ ਜਾਂਦੇ।
ਔਖਾ, ਨਾਮੁਮਕਿਨ, ਮੁਸ਼ਕਿਲ ਕੋਈ ਕੰਮ ਨਹੀਂ,
ਹੌਸਲੇ ਅੱਗੇ ਪਰਬਤ ਬੌਣੇ ਬਣ ਜਾਂਦੇ।
ਤੂਫ਼ਾਨਾਂ ਵਿੱਚ ਵੱਡੇ ਰੁੱਖ ਡਿੱਗ ਜਾਂਦੇ ਨੇ,
ਭੁਰ ਟੁੱਟ ਪੱਥਰ, ਰੇਤਾ, ਬਜਰੀ ਬਣ ਜਾਂਦੇ।
ਅਕਲ ਕਮੀਨੀ ਅੰਬਰੋਂ ਜਦ ਲਹਿੰਦੀ ਹੇਠਾਂ,
ਸ਼ਾਤਿਰ, ਚਤਰ, ਸਿਆਣੇ ਮੂਰਖ ਬਣ ਜਾਂਦੇ।
ਵਕਤ ਹੈ ਜੋ ਹਰ ਸ਼ੈਅ ਦੀ ਕੀਮਤ ਦੱਸਦਾ ਹੈ,
ਘੋਰ ਹਨੇਰੇ, ਜੁਗਨੂੰ ਵੀ ਚੰਨ ਬਣ ਜਾਂਦੇ।
ਸੱਚ ਨੂੰ ਸੱਚ ਜੋ ਆਖਣ ਦੀ ਹਿੰਮਤ ਕਰਦੇ,
ਅਕਸਰ ਉਹ ਦੁਨੀਆ ਦੇ ਰਹਿਬਰ ਬਣ ਜਾਂਦੇ।
ਲਫ਼ਜ਼ਾਂ ਨੂੰ ਜਦ ਸੁਰ ਦੀ ਸੰਗਤ ਮਿਲ ਜਾਵੇ,
ਨਿਖਰ ਕੇ ਮਿੱਠੜੇ ਗੀਤ ਸੁਹਾਵਣੇ ਬਣ ਜਾਂਦੇ।
ਕਦੇ ਨਾ ਮਾੜਾ ਦੁਸ਼ਮਣ ਦਾ ਵੀ ਕਰ ਬੈਠੀਂ,
ਵਕਤ ਪਏ ਦੁਸ਼ਮਣ ਵੀ ਬੇਲੀ ਬਣ ਜਾਂਦੇ।
'ਸੰਜੂ' ਆਪਣੇ ਮਨ ਦੀ ਮੰਨਦਾ, ਤੁਰਿਆ ਚੱਲ,
ਵੇਖੀਂ! ਰਾਹ ਦੇ ਕੰਢੇ ਵੀ ਫੁੱਲ ਬਣ ਜਾਂਦੇ।

.ਗ਼ਜ਼ਲ

ਜਗਜੀਤ ਗੁਰਮ

ਅੰਦਰ ਦੀ ਟੁੱਟ-ਭੱਜ ਨੂੰ ਅੰਦਰ ਹੀ ਰੱਖਦਾ ਹਾਂ
ਉਂਝ ਬਾਹਰੋਂ ਮੈਂ ਬਿਲਕੁਲ ਸਾਬਤ ਦਿਸਦਾ ਹਾਂ।
ਨਾ ਮੇਰੀ ਆਹਟ ਅੱਖ ਕਿਸੇ ਦੀ ਖੋਲ੍ਹ ਦਵੇ
ਤਾਂ ਹੀ ਨ੍ਹੇਰੇ ਵਿੱਚ ਬੋਚ ਬਚਾ ਕੇ ਤੁਰਦਾ ਹਾਂ।
ਸਾਰਾ ਸਫ਼ਰ ਸੁਖਾਵਾਂ ਮੈਨੂੰ ਜਾਪਣ ਲਗਦਾ
ਜਦ ਮਾਰੂਥਲ ਉੱਤੇ ਮੈਂ ਆ ਕੇ ਵਰ੍ਹਦਾ ਹਾਂ।
ਮੈਂ ਜਿਨ੍ਹਾਂ ਦੇ ਲਈ ਸੀਸ ਕਟਾਉਂਦਾ ਹਾਂ ਆਪਣਾ
ਉਨ੍ਹਾਂ ਹੱਥੋਂ ਜਲ ਕੇ, ਕਟ ਕੇ ਫਿਰ ਮਰਦਾ ਹਾਂ।
ਹੋਰਾਂ ਨਾਲ ਕਦੇ ਉਲਝਣ ਦੀ ਗੱਲ ਹੀ ਛੱਡੋ
ਮੈਂ ਆਪਣਾ ਵੀ ਸਾਹਮਣਾ ਕਰਨੋਂ ਬਚਦਾ ਹਾਂ।
ਬਹੁਤ ਜ਼ਲੀਲ ਕਰੇ ਰੋਜ਼ਾਨਾ ਜ਼ਿੰਦਗੀ ਮੈਨੂੰ
ਜਿਉਣ ਲਈ ਹਿੱਕ ਉੱਤੇ ਕਿੰਨਾ ਕੁਝ ਜਰਦਾ ਹਾਂ।
ਨਜ਼ਰ ਸ਼ਿਕਾਰੀ ਦੀ ਫਿਰ ਮੇਰੇ ਉੱਪਰ ਰਹਿੰਦੀ
ਜਦ ਵੀ ਮੈਂ ਅੰਬਰ ਨੂੰ ਖੰਭਾਂ ਵਿੱਚ ਭਰਦਾ ਹਾਂ।

ਰਿਉੜੀਆਂ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।
ਬਦਲੇ ਵਿੱਚ ਤੁਹਾਡੀਆਂ ਸੋਚਾਂ ਨੂੰ, ਕਰਕੇ ਨਿਕੰਮੀਆਂ,
ਤੁਹਾਡੇ ਹੀ ਸਰਮਾਏ ਨਾਲ, ਰੱਜ ਰੱਜ ਹੱਥ ਰੰਗਣ।
ਘਾਟੇ ਵਿੱਚ ਚੱਲਣ ਸਰਕਾਰਾਂ, ਕੇਂਦਰ ਅਤੇ ਸੂਬੇ ਦੀਆਂ,
ਪਰਵਾਹ ਨਹੀਂ ਲੋਕ ਕਰਜ਼ੇ ਦਾ ਭਾਰ, ਝੱਲਣ ਜਾਂ ਨਾ ਝੱਲਣ।
ਲਾ ਲਾ ਨਿੱਤ ਝੂਠੇ ਲਾਰੇ, ਜਨਤਾ ਨੂੰ ਬੁੱਧੂ ਬਣਾਵਣ,
ਝੂਠ ਬੋਲਣੋਂ ਲੀਡਰਾਂ ਦੀਆਂ, ਜੀਭਾਂ ਕਦੀ ਨਾ ਥੰਮਣ।
ਵਿਹਲੜਾਂ ਦੀ ਭੀੜ ਦਿਨੋ ਦਿਨ, ਵਧਾਵਣ ਵਾਲੇ ਲੀਡਰ,
ਫੜਾ ਰਹੇ ਠੂਠੇ ਲੋਕਾਂ ਨੂੰ ਤਾਂਕਿ, ਉਹ ਮੰਗਣ ਤੋਂ ਨਾ ਸੰਗਣ।
ਮਖੌਲ ਕਰ ਰਹੇ ਨੇ ਮਖੱਟੂ, ਮਿਹਨਤੀਆਂ ਨੂੰ ਹੱਸ ਹੱਸ ਕੇ,
ਜੇਕਰ ਰੋਕਣ ਸ਼ਰੀਫ ਉਨ੍ਹਾਂ ਦੇ ਹੀ, ਉਲਟੇ ਮੂੰਹ ਭੰਨਣ।
ਅੰਨ੍ਹੀਆਂ ਸਰਕਾਰਾਂ ਪੀਹਣ ਪੀਂਹਦੀਆਂ, ਜੋ ਵੀ ਨਿੱਤ ਦਿਨ,
ਸਰਕਾਰੀ ਕੁੱਤੇ ਚੱਟਦੇ ਜਾਣ, ਸਭ ਤੋੜ ਕੇ ਬੰਧਨ।
ਅੱਡ ਲਓ ਲੋਕੋ ਝੋਲੀਆਂ, ਸਰਕਾਰਾਂ ਰਿਉੜੀਆਂ ਵੰਡਣ,
ਆਪਣੀ ਰਿਉੜੀ ਨੂੰ ਵਧੀਆ ਕਹਿਣ, ਬੇਗਾਨੀ ਨੂੰ ਭੰਡਣ।

ਮਾਂ ਬੋਲੀ ਪੰਜਾਬੀ

ਰਣਜੀਤ ਸਿੰਘ ਆਜ਼ਾਦ ਕਾਂਝਲਾ

ਮਾਂ ਬੋਲੀ ਪੰਜਾਬੀ ਸਾਨੂੰ ਜਾਨੋਂ ਵੱਧ ਪਿਆਰੀ ਹੈ।
ਇਹਦੇ ਜਿਹੀ ਨਾ ਹੋਰ ਕੋਈ ਰਾਜ-ਦੁਲਾਰੀ ਹੈ।
ਬੁੱਲ੍ਹੇ, ਵਾਰਿਸ, ਪੀਲੂ ਜਿਹੇ ਸ਼ਾਇਰਾਂ ਲਾਡ ਲਡਾਇਆ ਹੈ।
ਗੁਰੂਆਂ, ਭਗਤਾਂ, ਫ਼ਕੀਰਾਂ ਨੇ ਸ਼ਲੋਕਾਂ ਵਿੱਚ ਗਾਇਆ ਹੈ।
ਏਸੇ ਕਰਕੇ ਮਾਂ ਬੋਲੀ ਸਭ ਤਾਈਂ ਲੱਗਦੀ ਪਿਆਰੀ ਹੈ॥
ਮਾਖਿਓਂ ਮਿੱਠੀ ਬੋਲੀ ਵਿੱਚ ਭੈਣਾਂ ਘੋੜੀਆਂ ਗਾਈਆਂ ਨੇ।
ਭਾਈ ਦੇ ਸਿਰ ਸਿਹਰਾ ਬੰਨ੍ਹ ਵਾਗਾਂ ਹੱਥ ਫੜਾਈਆਂ ਨੇ।
ਜੰਞ ਚੜ੍ਹਨ 'ਤੇ ਚਾਚੀ, ਤਾਈ, ਮਾਮੀ, ਭੂਆ ਨੇ ਗਿੱਧੇ 'ਚ ਉਚਾਰੀ ਹੈ॥
ਤੋਤਲੀ ਬੋਲੀ 'ਚ ਬੱਚੇ ਬੋਲਦੇ ਪਿਆਰੇ ਲੱਗਦੇ ਨੇ।
ਰਾਜੇ ਰਾਣੀ ਦੀਆਂ ਸੁਣ ਬਾਤਾਂ ਦੇ ਹੁੰਗਾਰੇ ਭਰਦੇ ਨੇ।
ਧਾਰਮਿਕ ਗ੍ਰੰਥਾਂ, ਕਿੱਸੇ, ਲਿਖਤਾਂ 'ਚ ਇਹ ਗਈ ਸਤਿਕਾਰੀ ਹੈ॥
ਬਾਬੇ ਨਾਨਕ ਨੇ ਮਾਂ ਬੋਲੀ 'ਚ ਸੰਵਾਦ ਰਚਾਇਆ ਹੈ।
ਜੀਵਨ ਜਾਚ ਦਾ ਜੱਗ ਨੂੰ ਅਸਲੀ ਰਾਹ ਵਿਖਾਇਆ ਹੈ।
ਮਾਖਿਓਂ ਮਿੱਠੇ ਬੋਲਾਂ ਵਿੱਚ ਗੁਰੂਆਂ ਨੇ ਬਾਣੀ ਉਚਾਰੀ ਹੈ॥
ਠੇਠ ਪੰਜਾਬੀ ਭਾਸ਼ਾ ਦੀ ਹਰੇਕ ਗੱਲ ਨਿਆਰੀ ਹੈ।
ਹੀਰ ਰਾਂਝੇ-ਸੱਸੀ ਪੁੰਨੂੰ ਦੇ ਕਿੱਸਿਆਂ 'ਚ ਸ਼ਿੰਗਾਰੀ ਹੈ।

ਜਨਮ ਤੋਂ ਮਰਨ ਤੱਕ ਪ੍ਰਾਣੀ ਕਰਦਾ ਵਰਤੋਂ ਭਾਰੀ ਹੈ॥
ਹੋਰ ਭਾਸ਼ਾਵਾਂ ਵੀ ਬਰਾਬਰ ਸਿਖਦੇ ਜਾਈਏ ਜੀ।
ਮਾਂ ਬੋਲੀ ਨੂੰ ਪਹਿਲ ਦੇ, ਕਦੇ ਨਾ ਮਨੋਂ ਭੁਲਾਈਏ ਜੀ।
ਲਿਖ ਲਿਖ ਪਰਾਗੇ ਮਾਂ ਬੋਲੀ ਦੇ ਵਿਹੜੇ ਵਿੱਚ ਉਤਾਰੀ ਹੈ।
ਇਨ੍ਹਾਂ ਅੱਖਰਾਂ ਸਹਾਰੇ ਹੀ 'ਆਜ਼ਾਦ' ਬਾਜ਼ੀ ਮਾਰ ਗਿਆ।
ਲਿਖ ਲਿਖ ਮਰਸੀਏ ਮਾਂ ਬੋਲੀ ਦਾ ਕਰਜ਼ ਉਤਾਰ ਗਿਆ।
ਮਾਂ ਬੋਲੀ 'ਚ ਕਰ ਪੜ੍ਹਾਈ ਆਪਣੀ ਜ਼ਿੰਦਗੀ ਸੰਵਾਰੀ ਹੜ॥
ਮਾਂ ਬੋਲੀ ਪੰਜਾਬੀ ਲੱਗਦੀ ਜਾਨੋਂ ਵੱਧ ਪਿਆਰੀ ਹੈ॥

.ਗ਼ਜ਼ਲ

ਰਾਕੇਸ਼ ਕੁਮਾਰ

ਇਤਬਾਰ ਦੀ ਦਹਿਲੀਜ਼ 'ਤੇ ਰਿਸ਼ਤੇ ਖੜ੍ਹੇ ਨੇ।
ਟੁੱਟੀਆਂ ਕਿਸ਼ਤੀਆਂ ਦੇ ਗ਼ਮ ਬੜੇ ਨੇ।
ਪਾਣੀਆਂ ਨੇ ਵੀ ਛੂਹਣਾ ਹੁੰਦਾ ਆਕਾਸ਼ ਨੂੰ,
ਤਾਹੀਓਂ ਰਾਤ ਦੀ ਚਾਂਦਨੀ ਵਿੱਚ ਚੜ੍ਹੇ ਨੇ।
ਮੁਮਕਿਨ ਨਹੀਂ ਹੁੰਦਾ ਹਰ ਪਲ ਯਾਦ ਕਰਨਾ,
ਇਸ ਗੱਲ 'ਤੇ ਮੇਰੇ ਜਜ਼ਬਾਤ ਤੇ ਯਾਦ ਲੜੇ ਨੇ।
ਤਿਤਲੀਆਂ ਨੂੰ ਹੱਕ ਨਹੀਂ ਮਹਿਕਦੇ ਗੁਲਾਬ 'ਤੇ,
ਭੌਰੇ ਪਤਾ ਨਹੀਂ ਇਸ ਗੱਲ 'ਤੇ ਕਿਉਂ ਅੜੇ ਨੇ।
ਤਜ਼ਰਬੇ ਨਾਲ ਕਾਬਲ ਬਣੀ ਜ਼ਿੰਦਗੀ ਹਸੀਨ,
ਕਿਤਾਬਾਂ ਨਾਲੋਂ ਵੱਧ ਇਨਸਾਨ ਪੜ੍ਹੇ ਨੇ।
ਇੱਕ ਤੇਰੇ ਕਰਕੇ ਮਿਲਿਆ ਧਰਤੀ, ਆਕਾਸ਼,
ਤੇਰੀ ਚੁੰਨੀ 'ਤੇ ਸੂਰਜ, ਚੰਨ, ਸਿਤਾਰੇ ਜੜੇ ਨੇ।
ਜੰਗਲ ਵਿੱਚੋਂ ਲੰਘਣਾ ਤਾਂ ਸ਼ੋਰ ਨਾ ਮਚਾਓ 'ਰਾਕੇਸ਼'
ਸ਼ਿਕਾਰੀਆਂ ਦੇ ਹੱਥ ਜਾਲ, ਹਥਿਆਰ ਫੜ੍ਹੇ ਨੇ।

ਹਸ਼ਰ ਹੰਕਾਰਿਆਂ ਦਾ

ਤਰਲੋਚਨ ਸਿੰਘ ਦੁਪਾਲ ਪੁਰ

ਕੁੱਦ ਪੈਂਦਾ ਏ ਅਕਸਰ ਹੀ ਹਾਕਮਾਂ ਨੂੰ,
ਆਕੜ ਅਤੇ ਹੰਕਾਰ ਦਾ ਝੱਲ ਭਾਈ।
ਜਿੱਤਦਾ ਜਾਪਦਾ ਹੁੰਦਾ ਹੈ ਕੁਫ਼ਰ ਭਾਵੇਂ,
ਰਹਿੰਦਾ ਆਖ਼ਰ ਨੂੰ ਸੱਚ ਅਟੱਲ ਭਾਈ।
ਜ਼ੁਲਮੋਂ ਸਿਤਮ ਦਾ ਚੱਲ ਰਿਹਾ ਦੌਰ ਹੋਵੇ,
ਲੱਗੇ 'ਮਾਨਵਤਾ' ਸੀਨੇ 'ਤੇ ਸੱਲ ਭਾਈ।
ਅਣਖੀ ਲੋਕ ਤਾਂ ਕਦੇ ਵੀ ਝੱਲਦੇ ਨਹੀਂ,
ਠੋਸੀ ਧੌਂਸ ਦੇ ਨਾਲ ਕੋਈ ਗੱਲ ਭਾਈ।
ਉਹ ਝੱਲੇਗਾ 'ਬੋਝ' ਸ਼ਰਮਿੰਦਗੀ ਦਾ,
ਝੂਠ ਬੋਲ ਜੇ ਦੁਨੀਆ ਨੂੰ ਚਾਰਿਆ ਜੀ।
ਦੇਖੋ ਫੋਲ ਇਤਿਹਾਸ ਇਹ ਕੂਕਦਾ ਐ,
ਜਾਂਦਾ ਅੰਤ ਹੰਕਾਰਿਆ ਮਾਰਿਆ ਜੀ।

ਧੂੰਆਂ

ਹਰਦੀਪ ਸਿੰਘ ਭੂਦਨ

ਇਹ ਕੋਈ/ ਆਮ ਧੂੰਆਂ ਨਹੀਂ
ਜਿਹੜਾ ਆ ਵੜਦਾ/ ਸਾਡੇ ਸਾਰੇ ਚੌਗਿਰਦੇ 'ਚ
ਤੇ ਲੈ ਲੈਂਦਾ ਹੈ/ ਆਪਣੀ ਗ੍ਰਿਫ਼ਤ ਵਿੱਚ
ਜਿਉਣਾ ਦੁੱਭਰ ਕਰ ਦਿੰਦਾ/ ਹਰ ਇੱਕ ਦਾ
ਜਿਸ ਦੇ ਵਿੱਚ/ ਬੋਲਣਾ ਵੀ
ਸਾਹ ਲੈਣਾ ਵੀ/ ਔਖਾ ਹੋ ਜਾਂਦਾ
ਜਿਸ ਦੀ ਆਮਦ ਨਾਲ
ਸੜਕਾਂ 'ਤੇ ਵਾਪਰਦੇ/ ਹਰ ਰੋਜ਼ ਹਾਦਸੇ
ਹਸੂੰ ਹਸੂੰ ਕਰਦੇ ਚਿਹਰੇ
ਮਿੰਟਾਂ ਸਕਿੰਟਾਂ 'ਚ
ਪੈ ਜਾਂਦੇ ਨੇ/ ਅਣਿਆਈ ਮੌਤ ਦੇ ਮੂੰਹ 'ਚ
ਇਹ ਕੋਈ/ ਆਮ ਧੂੰਆਂ ਨਹ
ਇਸ ਧੂੰਏਂ ਦਾ
ਰੰਗ ਤੇ ਮੌਸਮ
ਆਪਣਾ ਵੱਖਰਾ ਹੈ
ਇਸ ਦੀ ਚਰਚਾ
ਗਲੀ ਮੁਹੱਲੇ ਹੀ ਨਹੀਂ
ਅੱਜਕੱਲ੍ਹ ਤਾਂ
ਦਿੱਲੀ ਤੇ ਲਾਹੌਰ
ਵਿੱਚ ਵੀ ਹੈ
ਭਾਵੇਂ ਇਹ ਕਿਸੇ ਦਾ
ਸ਼ੌਕ ਨਹੀਂ
ਮਜਬੂਰੀ ਹੈ
ਫਿਰ ਵੀ
ਚਰਚਾ ਦਾ ਵਿਸ਼ਾ ਹੈ
ਰੋਜ਼ ਦੇ ਅਖ਼ਬਾਰਾਂ ਦਾ
ਇਹ ਕੋਈ/ ਆਮ ਧੂੰਆਂ ਨਹ

ਰੀਅਲ ਮੈਡ੍ਰਿਡ ਨੇ ਜਿੱਤਿਆ ਯੂ.ਈ.ਐੱਫ.ਏ. ਫੁੱਟਬਾਲ ਟੂਰਨਾਮੈਂਟ

ਸਵਿਟਜ਼ਰਲੈਂਡ/ਏ.ਟੀ.ਨਿਊਜ਼: ਰੀਅਲ ਮੈਡ੍ਰਿਡ ਦੀ ਅੰਡਰ-19 ਟੀਮ ਨੇ ਯੂ.ਈ.ਐੱਫ.ਏ. ਯੂਥ ਲੀਗ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਵਿੱਚ ਕਲੱਬ ਬਰੂਗ ਨੂੰ ਹਰਾ ਕੇ ਇੱਕ ਵਾਰ ਫਿਰ ਯੂਰਪੀਅਨ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਟੂਰਨਾਮੈਂਟ ਨੂੰ ਜੂਨੀਅਰ ਵਰਗ ਦੀ 'ਚੈਂਪੀਅਨਜ਼ ਲੀਗ' ਵੀ ਕਿਹਾ ਜਾਂਦਾ ਹੈ, ਜਿਸ ਵਿੱਚ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਖ਼ਿਤਾਬ ਆਪਣੇ ਨਾਮ ਕੀਤਾ।

ਰੋਮਾਂਚਕ ਰਿਹਾ ਫਾਈਨਲ ਮੁਕਾਬਲਾ

ਸਵਿਟਜ਼ਰਲੈਂਡ ਦੇ ਲੌਜ਼ੇਨ ਵਿੱਚ ਖੇਡਿਆ ਗਿਆ ਇਹ ਫਾਈਨਲ ਮੈਚ ਬੇਹੱਦ ਫਸਵਾਂ ਰਿਹਾ। ਵਾਧੂ ਸਮੇਂ ਦੀ ਖੇਡ ਖ਼ਤਮ ਹੋਣ ਤੱਕ ਦੋਵੇਂ ਟੀਮਾਂ 1-1 ਦੀ ਬਰਾਬਰੀ 'ਤੇ ਸਨ, ਜਿਸ ਕਾਰਨ ਜੇਤੂ ਦਾ ਫੈਸਲਾ ਕਰਨ ਲਈ ਪੈਨਲਟੀ ਸ਼ੂਟਆਊਟ ਦਾ ਸਹਾਰਾ ਲੈਣਾ ਪਿਆ।

ਗੋਲਕੀਪਰ ਜੇਵੀਅਰ ਨਵਾਰੋ ਬਣੇ ਜਿੱਤ ਦੇ ਹੀਰੋ

ਪੈਨਲਟੀ ਸ਼ੂਟਆਊਟ ਵਿੱਚ ਰੀਅਲ ਮੈਡ੍ਰਿਡ ਦੇ ਗੋਲਕੀਪਰ ਜੇਵੀਅਰ ਨਵਾਰੋ ਨੇ ਆਪਣੀ ਟੀਮ ਲਈ ਕੰਧ ਬਣ ਕੇ ਖੜ੍ਹੇ ਹੋਏ ਅਤੇ 4-2 ਨਾਲ ਜਿੱਤ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਨਵਾਰੋ ਨੇ ਕਲੱਬ ਬਰੂਗ ਦੇ ਖਿਡਾਰੀਆਂ, ਨਈਮ ਅਮੇਨਗਈ ਅਤੇ ਟਿਆਨ ਕੋਰੇਨ ਦੇ ਸ਼ਾਟਾਂ ਨੂੰ ਬੜੀ ਚਲਾਕੀ ਨਾਲ ਬਚਾ ਕੇ ਵਿਰੋਧੀ ਟੀਮ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ।

ਸੀਨੀਅਰ ਟੀਮ ਦੀ ਹਾਰ ਤੋਂ ਬਾਅਦ ਮਿਲੀ ਵੱਡੀ ਰਾਹਤ

ਰੀਅਲ ਮੈਡ੍ਰਿਡ ਦੇ ਕਲੱਬ ਲਈ ਇਹ ਖ਼ਿਤਾਬ ਇੱਕ ਵੱਡੀ ਰਾਹਤ ਵਜੋਂ ਆਇਆ ਹੈ, ਕਿਉਂਕਿ ਉਨ੍ਹਾਂ ਦੀ ਸੀਨੀਅਰ ਟੀਮ ਮਹਿਜ਼ ਪੰਜ ਦਿਨ ਪਹਿਲਾਂ ਹੀ ਚੈਂਪੀਅਨਜ਼ ਲੀਗ ਦੇ ਕੁਆਰਟਰ ਫਾਈਨਲ ਵਿੱਚੋਂ ਬਾਹਰ ਹੋ ਗਈ ਸੀ। ਯੂਈਐੱਫਏ ਯੂਥ ਲੀਗ ਦੇ 12 ਸਾਲਾਂ ਦੇ ਇਤਿਹਾਸ ਵਿੱਚ ਸਪੈਨਿਸ਼ ਟੀਮ ਦਾ ਇਹ ਦੂਜਾ ਖ਼ਿਤਾਬ ਹੈ।

ਵਿਸ਼ਵ ਕੱਪ 'ਚ ਹਿੱਸਾ ਲਵੇਗੀ ਨਿਊਜ਼ੀਲੈਂਡ ਦੀ ਮਹਿਲਾ ਫੁੱਟਬਾਲ ਟੀਮ

ਆਕਲੈਂਡ/ਏ.ਟੀ.ਨਿਊਜ਼: ਨਿਊਜ਼ੀਲੈਂਡ ਦੀ ਮਹਿਲਾ ਫੁੱਟਬਾਲ ਟੀਮ ਨੇ ਓਸ਼ੀਆਨਾ ਫੈਡਰੇਸ਼ਨ ਕੁਆਲੀਫਾਈਂਗ ਸੀਰੀਜ਼ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਾਪੂਆ ਨਿਊ ਗਿਨੀ ਨੂੰ 1-0 ਨਾਲ ਹਰਾ ਕੇ ਅਗਲੇ ਮਹੀਨੇ ਬ੍ਰਾਜ਼ੀਲ ਵਿੱਚ ਹੋਣ ਵਾਲੇ ਮਹਿਲਾ ਫੁੱਟਬਾਲ ਵਿਸ਼ਵ ਕੱਪ ਲਈ ਕੁਆਲੀਫਾਈ ਕਰ ਲਿਆ ਹੈ।

ਕੇਟੀ ਕਿਚਿੰਗ ਨੇ ਦਾਗਿਆ ਫੈਸਲਾਕੁੰਨ ਗੋਲ

ਆਕਲੈਂਡ ਵਿੱਚ ਖੇਡੇ ਗਏ ਇਸ ਅਹਿਮ ਮੁਕਾਬਲੇ ਵਿੱਚ ਨਿਊਜ਼ੀਲੈਂਡ ਨੇ ਸ਼ੁਰੂ ਤੋਂ ਹੀ ਦਬਾਅ ਬਣਾਈ ਰੱਖਿਆ। ਮੈਚ ਦਾ ਇੱਕੋ-ਇੱਕ ਅਤੇ ਜੇਤੂ ਗੋਲ 55ਵੇਂ ਮਿੰਟ ਵਿੱਚ ਸੈਂਡਰਲੈਂਡ ਦੀ ਮਿਡਫੀਲਡਰ ਕੇਟੀ ਕਿਚਿੰਗ ਨੇ ਕੀਤਾ। ਇਸ ਜਿੱਤ ਦੇ ਨਾਲ ਹੀ ਨਿਊਜ਼ੀਲੈਂਡ ਨੇ ਸੱਤਵੀਂ ਵਾਰ ਮਹਿਲਾ ਵਿਸ਼ਵ ਕੱਪ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਹੈ। ਹਾਲਾਂਕਿ ਮੈਚ ਦੌਰਾਨ ਨਿਊਜ਼ੀਲੈਂਡ ਨੇ ਗੋਲ ਕਰਨ ਦੇ ਕਈ ਸੁਨਹਿਰੀ ਮੌਕੇ ਗੁਆ ਦਿੱਤੇ ਸਨ, ਪਰ ਦੂਜੇ ਹਾਫ ਵਿੱਚ ਕਿਚਿੰਗ ਦੇ ਗੋਲ ਨੇ ਟੀਮ ਦੀ ਜਿੱਤ ਯਕੀਨੀ ਬਣਾ ਦਿੱਤੀ।

ਪਾਪੂਆ ਨਿਊ ਗਿਨੀ ਕੋਲ ਅਜੇ ਵੀ ਹੈ ਮੌਕਾ

ਇਸ ਹਾਰ ਦੇ ਬਾਵਜੂਦ ਪਾਪੂਆ ਨਿਊ ਗਿਨੀ ਦਾ ਸਫ਼ਰ ਅਜੇ ਖ਼ਤਮ ਨਹੀਂ ਹੋਇਆ ਹੈ। ਟੀਮ ਕੋਲ ਨਵੰਬਰ ਜਾਂ ਦਸੰਬਰ ਵਿੱਚ ਹੋਣ ਵਾਲੀ ਅੰਤਰਰਾਸ਼ਟਰੀ ਵਿੰਡੋ ਦੌਰਾਨ ਅੰਤਰ-ਮਹਾਂਦੀਪੀ ਪਲੇ-ਆਫ ਰਾਹੀਂ ਵਿਸ਼ਵ ਕੱਪ ਵਿੱਚ ਜਗ੍ਹਾ ਬਣਾਉਣ ਦਾ ਇੱਕ ਹੋਰ ਮੌਕਾ ਹੋਵੇਗਾ।

ਪੰਜਾਬ ਦੇ ਖਿਡਾਰੀਆਂ ਨੂੰ ਸਿਖਲਾਈ ਦੇਣਗੇ ਨੀਦਰਲੈਂਡ ਦੇ ਹਾਕੀ ਖਿਡਾਰੀ ਬੋਵਲੈਂਡਰ

ਮੁੱਖ ਮੰਤਰੀ ਭਗਵੰਤ ਮਾਨ ਨੇ ਫਲੋਰਿਸ ਜਾਨ ਬੋਵਲੈਂਡਰ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨੀਦਰਲੈਂਡਜ਼ ਦੇ ਅਧਿਕਾਰਤ ਦੌਰੇ ਦੌਰਾਨ ਮੁਲਕ ਦੇ ਉੱਘੇ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨਾਲ ਮੁਲਾਕਾਤ ਕੀਤੀ ਅਤੇ ਪੰਜਾਬ ਵਿੱਚ ਹਾਕੀ ਖੇਡ ਨੂੰ ਹੋਰ ਮਜ਼ਬੂਤ ਕਰਨ ਅਤੇ ਵੱਕਾਰੀ ਏਸ਼ਿਆਈ ਚੈਂਪੀਅਨਜ਼ ਟਰਾਫੀ ਦੇ ਮੱਦੇਨਜ਼ਰ ਉਨ੍ਹਾਂ (ਬੋਵਲੈਂਡਰ) ਦੇ ਤਜਰਬੇ ਦਾ ਲਾਭ ਲੈਣ ਦੀ ਪੇਸ਼ਕਸ਼ ਕੀਤੀ। ਨੀਦਰਲੈਂਡਜ਼ ਦੇ ਸਾਬਕਾ ਹਾਕੀ ਖਿਡਾਰੀ ਨੇ ਮੁੱਖ ਮੰਤਰੀ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ।

ਮੁਲਕਾਤ ਦੇ ਵੇਰਵੇ ਐਕਸ 'ਤੇ ਸਾਂਝੇ ਕਰਦਿਆਂ ਸ੍ਰੀ ਮਾਨ ਨੇ ਲਿਖਿਆ, "ਨੀਦਰਲੈਂਡਜ਼ ਵਿੱਚ ਉਲੰਪੀਅਨ ਫਲੋਰਿਸ ਜਾਨ ਬੋਵਲੈਂਡਰ, ਜੋ ਆਪਣੇ ਬੇਮਿਸਾਲ ਹੁਨਰ ਅਤੇ ਖੇਡ ਜਗਤ 'ਚ ਯੋਗਦਾਨ ਲਈ ਜਾਣੇ ਜਾਂਦੇ ਹਨ, ਨੂੰ ਮਿਲ ਕੇ ਖੁਸ਼ੀ ਹੋਈ। ਉਨ੍ਹਾਂ ਦਾ ਤਜਰਬਾ ਸਾਡੇ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਿਤ ਕਰੇਗਾ। ਉਨ੍ਹਾਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ, ਜੋ ਉਨ੍ਹਾਂ ਨੇ ਪ੍ਰਵਾਨ ਕਰ ਲਿਆ। ਉਹ ਸਾਡੇ ਖਿਡਾਰੀਆਂ ਨਾਲ ਜੁੜਨਗੇ ਅਤੇ ਆਗਾਮੀ ਏਸ਼ੀਆ ਹਾਕੀ ਚੈਂਪੀਅਨਸ਼ਿਪ ਦੇ ਮੱਦੇਨਜ਼ਰ ਉਨ੍ਹਾਂ ਨੂੰ ਪ੍ਰੇਰਿਤ ਕਰਨਗੇ। ਪੰਜਾਬ ਖੇਡਾਂ ਵਿਚਲੇ ਹੁਨਰ ਨੂੰ ਸੰਭਾਲਣ ਅਤੇ ਹਾਕੀ ਨੂੰ ਨਵੀਂਆਂ ਬੁਲੰਦੀਆਂ 'ਤੇ ਲਿਜਾਣ ਲਈ ਵਚਨਬੱਧ ਹੈ।"

ਦੱਸਣਯੋਗ ਹੈ ਕਿ ਹਾਕੀ ਦੇ ਇਤਿਹਾਸ 'ਚ ਬੋਵਲੈਂਡਰ (60) ਦਾ ਬਿਹਤਰੀਨ ਪੈਨਲਟੀ ਕਾਰਨਰ ਮਾਹਿਰ ਵਜੋਂ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਨੇ ਨੀਦਰਲੈਂਡਜ਼ ਦੀ ਕੌਮੀ ਟੀਮ ਦੀ 1985 ਤੋਂ 1996 ਤੱਕ ਨੁਮਾਇੰਦਗੀ ਕੀਤੀ ਅਤੇ 241 ਕੌਮਾਂਤਰੀ ਮੈਚਾਂ ਵਿੱਚ 215 ਗੋਲ ਦਾਗ਼ੇ। ਉਨ੍ਹਾਂ ਨੇ ਨੀਦਰਲੈਂਡਜ਼ ਟੀਮ ਨੂੰ 1996 ਦੀਆਂ ਉਲੰਪਿਕਸ 'ਚ ਸੋਨ ਤਗ਼ਮਾ, 1990 ਵਿੱਚ ਵਿਸ਼ਵ ਕੱਪ ਅਤੇ 1987 'ਚ ਯੂਰੋਪੀਅਨ ਚੈਂਪੀਅਨਸ਼ਿਪ ਸਣੇ ਕਈ ਖ਼ਿਤਾਬ ਜਿਤਾਉਣ 'ਚ ਯੋਗਦਾਨ ਪਾਇਆ। ਮੁੱਖ ਮੰਤਰੀ ਭਗਵੰਤ ਮਾਨ ਦੀ ਬੋਵਲੈਂਡਰ ਨਾਲ ਮੁਲਾਕਾਤ ਨਾਲ ਹਾਕੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ, ਕਿਉਂਕਿ ਬੋਵਲੈਂਡਰ ਆਗਾਮੀ ਕੌਮਾਂਤਰੀ ਟੂਰਨਾਮੈਂਟਾਂ ਤੋਂ ਪਹਿਲਾਂ ਪੰਜਾਬ ਦਾ ਦੌਰਾ ਕਰਨਗੇ ਅਤੇ ਨੌਜਵਾਨ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣਗੇ।

ਸ੍ਰੀ ਮਾਨ ਨੇ ਕਿਹਾ ਕਿ ਪਹਿਲੀ ਵਾਰ ਪੰਜਾਬ ਹਾਕੀ ਏਸ਼ਿਆਈ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ, ਜੋ ਸੂਬੇ ਦੇ ਖੇਡ ਵਾਤਾਵਰਣ ਲਈ ਵੱਡਾ ਮੀਲ ਪੱਥਰ ਹੈ। ਚਾਰ ਦੇਸ਼ਾਂ ਦੇ ਇਸ ਟੂਰਨਾਮੈਂਟ ਨਾਲ ਪੰਜਾਬ ਦੀ ਸਥਿਤੀ ਵਿਸ਼ਵ ਪੱਧਰ 'ਤੇ ਹਾਕੀ ਹੱਬ ਵਜੋਂ ਹੋਰ ਮਜ਼ਬੂਤ ਹੋਵੇਗੀ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬੀ ਖਿਡਾਰੀਆਂ ਤੋਂ ਬਿਨਾਂ ਭਾਰਤੀ ਹਾਕੀ ਦੀ ਕਲਪਨਾ ਕਰਨੀ ਅਸੰਭਵ ਹੈ। ਪੰਜਾਬ ਦੇ 50 ਤੋਂ ਵੱਧ ਖਿਡਾਰੀਆਂ ਨੇ ਉਲੰਪਿਕ ਤਗਮੇ ਜਿੱਤੇ ਹਨ ਅਤੇ 10 ਪੰਜਾਬੀ ਖਿਡਾਰੀਆਂ ਨੇ ਉਲੰਪਿਕ ਵਿੱਚ ਭਾਰਤ ਦੀ ਕਪਤਾਨੀ ਕੀਤੀ ਹੈ।

ਭਾਰਤ 'ਚ 'ਕੋਰਫਬਾਲ' ਪ੍ਰੀਮੀਅਰ ਲੀਗ ਦੀ ਸ਼ਾਨਦਾਰ ਲਾਂਚਿੰਗ

ਇੱਕੋ ਟੀਮ 'ਚ ਖੇਡਣਗੇ ਮੁੰਡੇ ਤੇ ਕੁੜੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਇੱਕ ਨਵਾਂ ਅਤੇ ਇਤਿਹਾਸਕ ਅਧਿਆਏ ਸ਼ੁਰੂ ਹੋ ਗਿਆ ਹੈ। ਪਿਛਲੇ ਦਿਨੀਂ ਨਵੀਂ ਦਿੱਲੀ ਵਿਖੇ ਕੋਰਫਬਾਲ ਪ੍ਰੀਮੀਅਰ ਲੀਗ ਦੀ ਸ਼ਾਨਦਾਰ ਲਾਂਚਿੰਗ ਕੀਤੀ ਗਈ। ਇਹ ਭਾਰਤ ਦੀ ਪਹਿਲੀ ਪੇਸ਼ੇਵਰ 'ਮਿਕਸਡ ਜੈਂਡਰ ਲੀਗ' ਹੈ, ਜਿਸ ਵਿੱਚ ਲੜਕੇ ਅਤੇ ਲੜਕੀਆਂ ਇੱਕੋ ਟੀਮ ਵਿੱਚ ਮਿਲ ਕੇ ਖੇਡਣਗੇ।

ਲੀਗ ਦੇ ਪ੍ਰਬੰਧਕਾਂ ਅਨੁਸਾਰ, ਪਹਿਲੇ ਸੀਜ਼ਨ ਵਿੱਚ 8 ਟੀਮਾਂ ਹਿੱਸਾ ਲੈਣਗੀਆਂ। ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ 25 ਲੱਖ ਰੁਪਏ ਦੀ ਪ੍ਰਾਈਜ਼ ਮਨੀ (ਇਨਾਮੀ ਰਾਸ਼ੀ) ਰੱਖੀ ਗਈ ਹੈ। ਇਸ ਲੀਗ ਦਾ ਮੁੱਖ ਉਦੇਸ਼ 'ਜੈਂਡਰ ਇਕੁਐਲਿਟੀ' (ਲਿੰਗ ਸਮਾਨਤਾ) ਨੂੰ ਉਤਸ਼ਾਹਿਤ ਕਰਨਾ ਅਤੇ ਖਿਡਾਰੀਆਂ ਨੂੰ ਇੱਕ ਵੱਡਾ ਪੇਸ਼ੇਵਰ ਮੰਚ ਪ੍ਰਦਾਨ ਕਰਨਾ ਹੈ। ਲੀਗ ਦਾ ਨਾਅਰਾ 'ਨਵਾਂ ਖੇਡ, ਨਵੀਂ ਸੋਚ' ਰੱਖਿਆ ਗਿਆ ਹੈ।

ਕੀ ਹੈ ਕੋਰਫਬਾਲ ਖੇਡ ?

ਕੋਰਫਬਾਲ ਇੱਕ ਤੇਜ਼ੀ ਨਾਲ ਪ੍ਰਸਿੱਧ ਹੋ ਰਹੀ ਖੇਡ ਹੈ, ਜੋ ਦੇਖਣ ਵਿੱਚ ਬਾਸਕਟਬਾਲ ਅਤੇ ਨੈੱਟਬਾਲ ਵਰਗੀ ਲੱਗਦੀ ਹੈ, ਪਰ ਇਸਦੇ ਨਿਯਮ ਵੱਖਰੇ ਹਨ।

ਟੀਮ ਦੀ ਬਣਤਰ: ਹਰ ਟੀਮ ਵਿੱਚ 8 ਖਿਡਾਰੀ ਹੁੰਦੇ ਹਨ— 4 ਪੁਰਸ਼ ਅਤੇ 4 ਮਹਿਲਾਵਾਂ।

ਖੇਡ ਦਾ ਤਰੀਕਾ: ਖਿਡਾਰੀਆਂ ਨੇ ਗੋਂਦ ਨੂੰ 3.5 ਮੀਟਰ ਉੱਚੇ ਖੰਭੇ 'ਤੇ ਲੱਗੀ ਬਿਨਾਂ ਨੈੱਟ ਵਾਲੀ ਟੋਕਰੀ (ਜਿਸ ਨੂੰ ਕੋਰਫ ਕਿਹਾ ਜਾਂਦਾ ਹੈ) ਵਿੱਚ ਪਾਉਣਾ ਹੁੰਦਾ ਹੈ।

ਇਤਿਹਾਸ: ਇਸ ਖੇਡ ਦੀ ਸ਼ੁਰੂਆਤ 1902 ਵਿੱਚ ਨੀਦਰਲੈਂਡਜ਼ ਵਿੱਚ ਇੱਕ ਸਕੂਲ ਅਧਿਆਪਕ ਦੁਆਰਾ ਕੀਤੀ ਗਈ ਸੀ ਤਾਂ ਜੋ ਲੜਕੇ-ਲੜਕੀਆਂ ਬਰਾਬਰੀ ਨਾਲ ਇਕੱਠੇ ਖੇਡ ਸਕਣ।

ਦਿੱਗਜਾਂ ਦੀ ਰਹੀ ਮੌਜੂਦਗੀ

ਲਾਂਚਿੰਗ ਈਵੈਂਟ ਦੌਰਾਨ ਕੇ.ਪੀ.ਐਲ. ਦੇ ਫਾਊਂਡਰ ਅਮਨਦੀਪ ਸਿੰਘ, ਕੋਰਫਬਾਲ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਹਿਮਾਂਸ਼ੂ ਮਿਸ਼ਰਾ ਅਤੇ ਕਈ ਅੰਤਰਰਾਸ਼ਟਰੀ ਖਿਡਾਰੀ ਮੌਜੂਦ ਸਨ। ਫੈਡਰੇਸ਼ਨ ਅਨੁਸਾਰ ਇਹ ਖੇਡ ਭਾਰਤ ਦੇ 26 ਰਾਜਾਂ ਤੱਕ ਪਹੁੰਚ ਚੁੱਕੀ ਹੈ ਅਤੇ ਹੁਣ ਪ੍ਰੋਫੈਸ਼ਨਲ ਲੀਗ ਦੇ ਆਉਣ ਨਾਲ ਇਸ ਨੂੰ ਹੋਰ ਹੁਲਾਰਾ ਮਿਲੇਗਾ। ਪ੍ਰਬੰਧਕਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਕ੍ਰਿਕਟ ਦੁਨੀਆ ਭਰ ਵਿੱਚ ਪ੍ਰਸਿੱਧ ਹੋਇਆ ਹੈ, ਕੋਰਫਬਾਲ ਵੀ ਭਾਰਤ ਵਿੱਚ ਆਪਣੀ ਵੱਡੀ ਪਛਾਣ ਬਣਾਏਗਾ।

ਵਿਸਾਲੀਆ ਸੀਨੀਅਰ ਗੇਮਜ਼ 2026 'ਚ ਛਾਏ ਪੰਜਾਬੀ ਖਿਡਾਰੀ

ਫਰਿਜਨੋ (ਕੈਲੀਫ਼ੋਰਨੀਆ)/ ਏ.ਟੀ.ਨਿਊਜ਼: ਫਰਿਜਨੋ ਵੱਸਦੇ ਪੰਜਾਬੀ ਸੀਨੀਅਰ ਖਿਡਾਰੀ ਅਕਸਰ ਸੀਨੀਅਰ ਖੇਡਾਂ ਵਿੱਚ ਹਿੱਸਾ ਲੈ ਕੇ ਪੰਜਾਬੀਅਤ ਦਾ ਨਾਮ ਚਮਕਾਉਂਦੇ ਰਹਿੰਦੇ ਹਨ। ਇਸੇ ਕੜੀ ਤਹਿਤ ਫਰਿਜਨੋ ਦੇ ਲਾਗਲੇ ਸ਼ਹਿਰ ਵਾਈਸਾਲੀਆ ਵਿਖੇ ਵਾਈਸਾਲੀਆ ਸੀਨੀਅਰ ਖੇਡਾਂ 2026 ਸਥਾਨਕ ਮਾਊਂਟ ਵਿਟਨੀ ਹਾਈ ਸਕੂਲ ਦੇ ਸਟੇਡੀਅਮ ਵਿਖੇ ਕਰਵਾਈਆਂ ਗਈਆਂ। ਸੈਂਟਰਲ ਵੈਲੀ ਦੇ ਸ਼ਹਿਰ ਮੈਨਟੀਕਾ ਅਤੇ ਫਰਿਜਨੋ ਇਲਾਕੇ ਤੋਂ ਗਏ 12 ਮੈਂਬਰੀ ਪੰਜਾਬੀ ਸੀਨੀਅਰ ਐਥਲੀਟ ਟੀਮ ਨੇ ਆਪਣੇ-ਆਪਣੇ ਉਮਰ ਵਰਗਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁੱਲ 30 ਤਗਮੇ ਜਿੱਤੇ। ਟੀਮ ਨੇ 12 ਸੋਨੇ, 7 ਚਾਂਦੀ ਅਤੇ 11 ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ। ਇਸ ਮੁਕਾਬਲੇ ਵਿੱਚ ਕੈਲੀਫੋਰਨੀਆ ਤੋਂ ਕਰੀਬ 60 ਮਰਦ ਅਤੇ ਮਹਿਲਾ ਖਿਡਾਰੀਆਂ ਨੇ ਭਾਗ ਲਿਆ।

ਪ੍ਰਮੁੱਖ ਨਤੀਜੇ:

ਗੁਰਬਖ਼ਸ਼ ਸਿੱਧੂ - ਸ਼ਾਟਪੁੱਟ ਅਤੇ ਡਿਸਕਸ ਥ੍ਰੋ ਵਿੱਚ 2 ਸੋਨੇ

ਸੁਖਨੈਨ ਸਿੰਘ - ਲਾਂਗ ਜੰਪ ਵਿੱਚ ਕਾਂਸੀ, ਟ੍ਰਿਪਲ ਜੰਪ ਵਿੱਚ ਚਾਂਦੀ

ਕਮਲਜੀਤ ਸਿੰਘ ਬੇਨੀਪਾਲ - 400 ਮੀਟਰ ਅਤੇ 800 ਮੀਟਰ ਵਿੱਚ ਕਾਂਸੀ

ਸੁਖਦੇਵ ਸਿੰਘ ਸਿੱਧੂ - ਸ਼ਾਟਪੁੱਟ ਵਿੱਚ ਚਾਂਦੀ, ਡਿਸਕਸ ਵਿੱਚ ਕਾਂਸੀ

ਹਰਬੀਰ ਸਿੰਘ ਅਥਵਾਲ - ਸ਼ਾਟਪੁੱਟ, ਡਿਸਕਸ ਅਤੇ ਹਾਈ ਜੰਪ ਵਿੱਚ 3 ਸੋਨੇ

ਚਰਨ ਸਿੰਘ ਗਿੱਲ - ਸ਼ਾਟਪੁੱਟ ਅਤੇ ਡਿਸਕਸ ਵਿੱਚ 2 ਚਾਂਦੀ

ਅਮਰੀਕ ਸਿੰਘ ਟੁੰਬਰ - 100 ਮੀਟਰ ਵਿੱਚ ਕਾਂਸੀ

ਰਾਜ ਬਰਾੜ - ਸ਼ਾਟਪੁੱਟ ਅਤੇ ਡਿਸਕਸ ਵਿੱਚ 2 ਸੋਨੇ

ਸਾਹਿਬ ਸਿੰਘ ਮੱਲ੍ਹੀ - 1600 ਮੀਟਰ ਰੇਸ ਵਾਕ ਵਿੱਚ ਚਾਂਦੀ

ਰੂਬੀ ਧਾਲੀਵਾਲ - ਹਾਈ ਜੰਪ, ਸ਼ਾਟਪੁੱਟ ਅਤੇ ਡਿਸਕਸ ਵਿੱਚ 3 ਸੋਨੇ

ਬੇਅੰਤ ਸੰਧੂ - 100 ਮੀਟਰ, 200 ਮੀਟਰ, ਸ਼ਾਟਪੁੱਟ ਅਤੇ ਡਿਸਕਸ ਵਿੱਚ 4 ਕਾਂਸੀ

ਦਰਸ਼ਨ ਸਿੰਘ (ਮੰਟੇਕਾ) - 400 ਮੀਟਰ ਅਤੇ 800 ਮੀਟਰ ਵਿੱਚ ਚਾਂਦੀ, 1600 ਮੀਟਰ ਵਿੱਚ ਸੋਨਾ

ਗੀਲੇਅ ਦੌੜ ਵਿੱਚ ਵੀ ਜਿੱਤ

ਦਿਨ ਦੇ ਆਖ਼ਰੀ ਮੁਕਾਬਲੇ 4 ਗੁਣਾ 100 ਮੀਟਰ ਰੀਲੇ ਦੌੜ ਵਿੱਚ ਕਮਲਜੀਤ ਸਿੰਘ ਬੇਨੀਪਾਲ, ਰੂਬੀ ਧਾਲੀਵਾਲ, ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਤੂੰਮਰ ਦੀ ਟੀਮ ਨੇ ਸੋਨੇ ਦਾ ਤਗਮਾ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ।

ਪੰਜਾਬੀ ਖਿਡਾਰੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਾਰੇ ਭਾਈਚਾਰੇ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

‘ਸਾਨੂੰ ਸਾਰੀਆਂ ਵਿਸਰ ਗਈਆਂ ਰਾਹਾਂ, ਕਿਹੜੇ ਪਾਸੇ ਜਾਈਏ ਸੱਜਣਾਂ’

ਸਿਰਫ਼ 15 ਮਿੰਟਾਂ ’ਚ ਤਿਆਰ ਹੋਇਆ ਸੀ ਸਰਤਾਜ ਦਾ ਸੁਪਰਹਿੱਟ ਗੀਤ

ਪੰਜਾਬੀ ਸੰਗੀਤ ਜਗਤ ਦੇ ਦਿੱਗਜ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਅਕਸਰ ਆਪਣੀ ਗਾਇਕੀ ਅਤੇ ਸਾਦਗੀ ਲਈ ਚਰਚਾ ਵਿੱਚ ਰਹਿੰਦੇ ਹਨ। ਹਾਲ ਹੀ ਵਿੱਚ ਸਰਤਾਜ ਨੇ ‘ਧੁਰੰਦਰ: ਦਿ ਰਿਵੇਂਜ’ ਦੇ ਆਪਣੇ ਮਕਬੂਲ ਗੀਤ ‘ਸਾਨੂੰ ਸਾਰੀਆਂ ਵਿਸਰ ਗਈਆਂ ਰਾਹਾਂ’ ਦੇ ਬਣਨ ਪਿੱਛੇ ਦੀ ਇੱਕ ਬਹੁਤ ਹੀ ਦਿਲਚਸਪ ਅਤੇ ਹੈਰਾਨੀਜਨਕ ਕਹਾਣੀ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਗੀਤ ਕਿਸੇ ਲੰਬੀ ਯੋਜਨਾ ਦਾ ਹਿੱਸਾ ਨਹੀਂ ਸੀ, ਸਗੋਂ ਬਹੁਤ ਹੀ ਘੱਟ ਸਮੇਂ ਵਿੱਚ ਅਚਾਨਕ ਤਿਆਰ ਹੋਇਆ ਸੀ।

ਸਰਤਾਜ ਨੇ ਦੱਸਿਆ ਕਿ ਇਹ ਸਾਰਾ ਸਿਲਸਿਲਾ 15 ਮਾਰਚ ਦੀ ਦੁਪਹਿਰ 2 ਵਜੇ ਸ਼ੁਰੂ ਹੋਇਆ ਸੀ, ਜਦੋਂ ਫਿਲਮ ਦਾ ਮਿਊਜ਼ਿਕ 17 ਮਾਰਚ ਨੂੰ ਰਿਲੀਜ਼ ਹੋਣਾ ਸੀ। ਉਨ੍ਹਾਂ ਨੂੰ ਮਿਊਜ਼ਿਕ ਡਾਇਰੈਕਟਰ ਸ਼ਾਸਵਤ ਸਚਦੇਵ ਦਾ ਫੋਨ ਆਇਆ, ਜਿਨ੍ਹਾਂ ਨੇ ਬੇਨਤੀ ਕੀਤੀ ਕਿ ਜੇਕਰ ਉਹ ਇਸ ਗੀਤ ਵਿੱਚ ਇੱਕ ਲਾਈਨ ਗਾ ਦੇਣ ਤਾਂ ਗਾਣੇ ਦੀ ਫਿਲਮ ਵਿੱਚ ਪਲੇਸਮੈਂਟ ਹੋ ਜਾਵੇਗੀ। ਉਸ ਵਕਤ ਤੱਕ ਇਹ ਗੀਤ ਫਿਲਮ ਦਾ ਹਿੱਸਾ ਵੀ ਨਹੀਂ ਸੀ। ਸਰਤਾਜ ਮੁਤਾਬਕ ਸਥਿਤੀ ਕਾਫ਼ੀ ਨਾਜ਼ੁਕ ਸੀ, ਕਿਉਂਕਿ ਓਵਰਸੀਜ਼ (ਵਿਦੇਸ਼ਾਂ) ਵਿੱਚ ਭੇਜਣ ਲਈ ਫਿਲਮ ਦੇ ਪ੍ਰਿੰਟ ਦੁਪਹਿਰ 3:30 ਵਜੇ ਤੱਕ ਨਿਕਲਣੇ ਸਨ। ਸਰਤਾਜ ਖੁਦ ਉਸ ਸਮੇਂ ਲੁਧਿਆਣੇ ਵਿੱਚ ਇੱਕ ਸ਼ੋਅ ਲਈ ਜਾਣ ਦੀ ਤਿਆਰੀ ਕਰ ਰਹੇ ਸਨ, ਪਰ ਮਿਊਜ਼ਿਕ ਡਾਇਰੈਕਟਰ ਦੇ ਪਿਆਰ ਅਤੇ ਸਤਿਕਾਰ ਨੂੰ ਦੇਖਦੇ ਹੋਏ ਉਨ੍ਹਾਂ ਨੇ ਇਸ ਕੰਮ ਲਈ ਹਾਮੀ ਭਰ ਦਿੱਤੀ।

2 ਮਿੰਟ ’ਚ ਲਿਖਿਆ ਤੇ 15 ਮਿੰਟ ’ਚ ਕੀਤਾ ਰਿਕਾਰਡ

ਸਰਤਾਜ ਨੇ ਖੁਲਾਸਾ ਕੀਤਾ ਕਿ ਜਸਮੀਨ ਸੈਂਡਲਾਸ ਦਾ ਹਿੱਸਾ ਪਹਿਲਾਂ ਹੀ ਰਿਕਾਰਡ ਸੀ ਪਰ ਫ਼ਿਲਮ ਦੀ ਸਿਚੁਏਸ਼ਨ ਮੁਤਾਬਕ ਉਸ ਵਿੱਚ ਕੁਝ ਕਮੀ ਸੀ। ਮੈਨੂੰ ਕਿਹਾ ਗਿਆ ਕਿ ਮੈਂ ਉਸੇ ਮਾਹੌਲ ਅਤੇ ਅਹਿਸਾਸ ਨੂੰ ਧਿਆਨ ਵਿੱਚ ਰੱਖਦਿਆਂ ਕੁਝ ਅਜਿਹਾ ਲਿਖਾਂ ਕਿ ਸਭ ਕੁਝ ਪੂਰੀ ਤਰ੍ਹਾਂ ਮੈਚ ਹੋ ਜਾਵੇ। ਉਨ੍ਹਾਂ ਨੇ ਦਿੱਤੀ ਗਈ ਸਥਿਤੀ ਅਤੇ ਭਾਵਨਾਵਾਂ ਨੂੰ ਸਮਝਦੇ ਹੋਏ ਮਹਿਜ਼ 2 ਤੋਂ 5 ਮਿੰਟਾਂ ਵਿੱਚ ਗੀਤ ਦੀ ਰੰਗਤ ਅਤੇ ਦਾਇਰਾ ਤਿਆਰ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਟੂਡੀਓ ਵਿੱਚ ਇਕੱਲਿਆਂ ਹੀ ਮਹਿਜ਼ 15 ਮਿੰਟਾਂ ਵਿੱਚ ਇਸ ਨੂੰ ਡਬ ਕਰਕੇ ਟੀਮ ਨੂੰ ਭੇਜ ਦਿੱਤਾ। ਇਸ ਤਰ੍ਹਾਂ ਇਹ ਖੂਬਸੂਰਤ ਗੀਤ ‘ਸਾਨੂੰ ਸਾਰੀਆਂ ਵਿਸਰ ਗਈਆਂ ਰਾਹਾਂ, ਕਿਹੜੇ ਪਾਸੇ ਜਾਈਏ ਸੱਜਣਾਂ’ ਹੋਂਦ ਵਿੱਚ ਆਇਆ, ਜਿਸ ਨੂੰ ਅੱਜ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ।

ਪੰਜਾਬੀ ਸਭਿਆਚਾਰ ਨੂੰ ਬਹੁਤ ਪਿਆਰ ਕਰਦੇ ਹਨ ਐਨ.ਆਰ.ਆਈ. ਪੰਜਾਬੀ : ਬੱਬੂ ਮਾਨ

ਮਿਲਾਨ/ਇਟਲੀ/ਏ.ਟੀ. ਨਿਊਜ਼: ਰੋਜ਼ਗਾਰ ਅਤੇ ਚੰਗੇ ਭਵਿੱਖ ਦੀ ਆਸ ਲੈਕੇ ਵਿਦੇਸ਼ਾਂ ਵਿੱਚ ਆ ਵੱਸੇ ਪੰਜਾਬੀਆਂ ਨੇ ਜਿੱਥੇ ਆਪਣੇ ਪਰਿਵਾਰਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਹੈ ਉਸ ਦੇ ਨਾਲ ਪੰਜਾਬੀ ਸੱਭਿਆਚਾਰ ਤੇ ਕਲਚਰ ਨੂੰ ਸਾਂਭਣ ਲਈ ਵੀ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਸ਼ਹੂਰ ਗਾਇਕ ਤੇ ਅਦਾਕਾਰ ਬੱਬੂ ਮਾਨ ਵੱਲੋਂ ਇਟਲੀ ਦੇ ਸ਼ਹਿਰ ਬਰੇਸ਼ੀਆ ਵਿਖੇ ਇੱਕ ਪ੍ਰੋਗਰਾਮ ਦੌਰਾਨ ਬੋਲਦੇ ਹੋਏ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੰਮਕਾਜੀ ਰੁਝੇਵਿਆਂ ਕਾਰਨ ਅਕਸਰ ਲੋਕ ਆਪਣੇ ਪਿਛੋਕੜ ਨੂੰ ਭੁੱਲ ਜਾਂਦੇ ਹਨ ਪਰ ਇਹ ਪੰਜਾਬ ਦੀ ਖੂਬਸੂਰਤੀ ਹੈ ਕਿ ਬਾਹਰਲੇ ਮੁਲਕਾਂ ਵਿੱਚ ਵੱਸਦੇ ਪੰਜਾਬੀਆ ਨੂੰ ਸੁਪਨੇ ਵੀ ਪੰਜਾਬ ਦੇ ਆਉਂਦੇ ਹਨ। ਇਸ ਮੌਕੇ ’ਤੇ ਇੰਡੀਅਨ ਈਵੈਂਨਟ ਰੋਮ ਦੇ ਆਗੂ ਪੰਕਜ ਢੀਂਗਰਾਂ, ਵਿਕਾਸ ਗੌਵਰ, ਗੁਰਦੀਪ ਸਿੰਘ, ਜੇ, ਪੀ ਐਂਡ ਸੰਨਜ ਤੋਂ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਇਟਲੀ ਦੇ ਸੀਨੀਅਰ ਆਗੂ ਲਖਵਿੰਦਰ ਸਿੰਘ ਡੋਗਰਾਵਾਲਾ ਅਤੇ ਜਸਵੀਰ ਸਿੰਘ ਡੋਗਰਾਵਾਲ ਉਚੇਚੇ ਤੌਰ ’ਤੇ ਮੌਜੂਦ ਸਨ ਜਿਨ੍ਹਾਂ ਵੱਲੋਂ ਪੰਜਾਬ ਦੀ ਅਵਾਜ਼ ਬੱਬੂ ਮਾਨ ਨੂੰ ਬਰੇਸ਼ੀਆ ਪੁੱਜਣ ’ਤੇ ਜੀ ਆਇਆਂ ਆਖਿਆ ਗਿਆ।

ਪੈਸੇ ਦੀ ਕਮੀ ਕਾਰਨ ਨਹੀਂ, ਸਗੋਂ ‘ਸਿਧਾਂਤਾਂ’ ਦੀ ਲੜਾਈ ਕਾਰਨ ਜੇਲ੍ਹ ਗਿਆ : ਰਾਜਪਾਲ ਯਾਦਵ

ਨਵੀਂ ਦਿੱਲੀ/ਏ.ਟੀ.ਨਿਊਜ਼: ਬਾਲੀਵੁੱਡ ਦੇ ਮਸ਼ਹੂਰ ਕਾਮੇਡੀਅਨ ਅਤੇ ਅਦਾਕਾਰ ਰਾਜਪਾਲ ਯਾਦਵ ਨੇ ਆਪਣੇ ਜ਼ਿੰਦਗੀ ਦੇ ਸਭ ਤੋਂ ਵੱਡੇ ਵਿਵਾਦ ਯਾਨੀ 9 ਕਰੋੜ ਰੁਪਏ ਦੇ ਚੈੱਕ ਬਾਊਂਸ ਮਾਮਲੇ ’ਤੇ ਚੁੱਪੀ ਤੋੜੀ ਹੈ। ਦੱਸ ਦੇਈਏ ਕਿ ਰਾਜਪਾਲ ਯਾਦਵ ਨੇ 5 ਫਰਵਰੀ 2026 ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਸਰੰਡਰ ਕੀਤਾ ਸੀ। ਹਾਲਾਂਕਿ, ਬਾਅਦ ਵਿੱਚ ਬਕਾਇਆ ਰਕਮ ਦਾ ਕੁਝ ਹਿੱਸਾ ਜਮ੍ਹਾਂ ਕਰਵਾਉਣ ਦੀ ਸ਼ਰਤ ’ਤੇ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ। ਹੁਣ ਇੱਕ ਤਾਜ਼ਾ ਇੰਟਰਵਿਊ ਵਿੱਚ ਉਨ੍ਹਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਪੈਸੇ ਦੀ ਕਮੀ ਕਾਰਨ ਨਹੀਂ, ਸਗੋਂ ‘ਸਿਧਾਂਤਾਂ’ ਦੀ ਲੜਾਈ ਕਾਰਨ ਜੇਲ੍ਹ ਗਏ ਸਨ।

ਸ਼ੁਭੰਕਰ ਮਿਸ਼ਰਾ ਦੇ ਪੋਡਕਾਸਟ ਵਿੱਚ ਗੱਲਬਾਤ ਕਰਦਿਆਂ ਰਾਜਪਾਲ ਯਾਦਵ ਨੇ ਕਿਹਾ ਕਿ ਲੋਕਾਂ ਨੂੰ ਲੱਗਦਾ ਹੈ ਕਿ 250 ਫਿਲਮਾਂ ਕਰਨ ਵਾਲੇ ਅਦਾਕਾਰ ਲਈ 5 ਕਰੋੜ ਰੁਪਏ ਦੇਣਾ ਕੋਈ ਵੱਡੀ ਗੱਲ ਨਹੀਂ ਸੀ। ਉਨ੍ਹਾਂ ਕਿਹਾ,‘ਇਹੀ ਤਾਂ ਮੇਰਾ ਸਵਾਲ ਹੈ। ਮੈਂ ਜੇਲ੍ਹ ਇਸ ਲਈ ਨਹੀਂ ਗਿਆ ਸੀ ਕਿਉਂਕਿ ਮੇਰੇ ਕੋਲ ਪੈਸੇ ਨਹੀਂ ਸਨ। ਇਹ ਮਾਮਲਾ ਪੈਸੇ ਤੋਂ ਕਿਤੇ ਵੱਡਾ ਅਤੇ ਸਿਧਾਂਤਾਂ ਨਾਲ ਜੁੜਿਆ ਹੋਇਆ ਸੀ। ਜੇਕਰ ਚੀਜ਼ਾਂ ਸਹੀ ਹੁੰਦੀਆਂ ਤਾਂ ਇਹ ਮਾਮਲਾ 2012 ਵਿੱਚ ਹੀ ਸੁਲਝ ਜਾਂਦਾ।’

ਰਾਜਪਾਲ ਨੇ ਦਾਅਵਾ ਕੀਤਾ ਕਿ ਇਸ ਵਿਵਾਦ ਕਾਰਨ ਉਨ੍ਹਾਂ ਨੂੰ ਲਗਭਗ 17 ਤੋਂ 22 ਕਰੋੜ ਰੁਪਏ ਦਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਫਿਲਮ ਇੰਡਸਟਰੀ ਵਿੱਚ ਕਈ ਵਾਰ ਪ੍ਰੋਜੈਕਟ ਫੇਲ ਹੋ ਜਾਂਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਨੇ ਧੋਖਾਧੜੀ ਕੀਤੀ ਹੈ।

ਇੰਡਸਟਰੀ ਦੇ ਸਹਿਯੋਗ ’ਤੇ ਕੀ ਬੋਲੇ ਰਾਜਪਾਲ

ਜਦੋਂ ਰਾਜਪਾਲ ਯਾਦਵ ਤੋਂ ਪੁੱਛਿਆ ਗਿਆ ਕਿ ਕੀ ਮੁਸ਼ਕਿਲ ਸਮੇਂ ਵਿੱਚ ਬਾਲੀਵੁੱਡ ਨੇ ਉਨ੍ਹਾਂ ਦਾ ਸਾਥ ਦਿੱਤਾ, ਤਾਂ ਉਨ੍ਹਾਂ ਨੇ ਸਕਾਰਾਤਮਕ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਪਿਛਲੇ 25 ਸਾਲਾਂ ਵਿੱਚ ਪਿੰਡ ਤੋਂ ਲੈ ਕੇ ਮੁੰਬਈ ਤੱਕ ਹਰ ਕੋਈ ਉਨ੍ਹਾਂ ਦੇ ਨਾਲ ਖੜ੍ਹਾ ਰਿਹਾ ਹੈ। ਉਨ੍ਹਾਂ ਮੁਤਾਬਕ, ਜੇਕਰ ਇੰਡਸਟਰੀ ਦਾ ਸਹਿਯੋਗ ਨਾ ਹੁੰਦਾ ਤਾਂ ਉਹ ਅੱਜ ਵੀ ਵੱਡੀਆਂ ਫਿਲਮਾਂ ਵਿੱਚ ਕੰਮ ਨਾ ਕਰ ਰਹੇ ਹੁੰਦੇ।

ਕਾਨੂੰਨ ’ਤੇ ਪੂਰਾ ਭਰੋਸਾ

ਅਦਾਕਾਰ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਨਿਆਂ ਪ੍ਰਣਾਲੀ ’ਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ, ‘ਮੈਂ ਨਿਆਂਪਾਲਿਕਾ ਦਾ ਸਨਮਾਨ ਕਰਦਾ ਹਾਂ। ਇਹ ਲੜਾਈ ਮੈਂ ਸ਼ੁਰੂ ਨਹੀਂ ਕੀਤੀ ਸੀ, ਪਰ ਖਤਮ ਮੇਰੇ ਰਾਹੀਂ ਹੀ ਹੋਵੇਗੀ।’

ਤਾਜ਼ਾ ਕੰਮ: ਰਾਜਪਾਲ ਯਾਦਵ ਅੱਜ ਕੱਲ੍ਹ ਅਕਸ਼ੈ ਕੁਮਾਰ ਦੀ ਫਿਲਮ ‘ਭੂਤ ਬੰਗਲਾ’ ਦੀ ਸਫਲਤਾ ਦਾ ਆਨੰਦ ਮਾਣ ਰਹੇ ਹਨ, ਜੋ ਬਾਕਸ ਆਫਿਸ ’ਤੇ ਵਧੀਆ ਪ੍ਰਦਰਸ਼ਨ ਕਰ ਰਹੀ ਹੈ।

ਸਿੱਧੂ ਮੂਸੇਵਾਲਾ ਦੇ ਨਵੇਂ ਗੀਤ ਦਾ ਟੀਜ਼ਰ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਜਾਰੀ

ਮਾਨਸਾ/ਏ.ਟੀ.ਨਿਊਜ਼: ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਲਈ ਇਹ ਹਫ਼ਤਾ ਭਾਵੁਕ ਅਤੇ ਉਤਸ਼ਾਹ ਭਰਿਆ ਰਿਹਾ। ਮੂਸੇਵਾਲਾ ਦੀ ਟੀਮ ਵੱਲੋਂ ਇਸ ਹਫ਼ਤੇ ਉਨ੍ਹਾਂ ਦੇ ਨਵੇਂ ਗੀਤ ਦਾ ਟੀਜ਼ਰ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਜਾਰੀ ਕੀਤਾ ਗਿਆ। ਇਸ ਗੀਤ ਦੇ ਟੀਜ਼ਰ ਨੇ ਆਉਂਦਿਆਂ ਹੀ ਡਿਜੀਟਲ ਦੁਨੀਆ ਵਿੱਚ ਹਲਚਲ ਪੈਦਾ ਕਰ ਦਿੱਤੀ ਅਤੇ ਮਹਿਜ਼ ਦੋ ਮਿੰਟਾਂ ਵਿੱਚ ਹੀ ਇੰਸਟਾਗ੍ਰਾਮ ’ਤੇ 15,000 ਲਾਈਕਸ ਅਤੇ ਯੂਟਿਊਬ ’ਤੇ 1.2 ਲੱਖ ਤੋਂ ਵੱਧ ਵਿਊਜ਼ ਹਾਸਲ ਕਰ ਲਏ। 34 ਸੈਕਿੰਡ ਦੇ ਇਸ ਟੀਜ਼ਰ ਦੀ ਸ਼ੁਰੂਆਤ ਪੰਜਾਬ ਦੇ ਨਕਸ਼ੇ ’ਤੇ ਮਾਨਸਾ ਜ਼ਿਲ੍ਹੇ ਵੱਲ ਬੰਦੂਕ ਤਾਣੇ ਇੱਕ ਨਕਾਬਪੋਸ਼ ਵਿਅਕਤੀ ਨਾਲ ਹੁੰਦੀ ਹੈ। ਇਸ ਤੋਂ ਬਾਅਦ ਸਿੱਧੂ ਮੂਸੇਵਾਲਾ ਨੂੰ ਜੀਪ ਚਲਾਉਂਦੇ ਅਤੇ ਏ.ਕੇ. ਰਾਈਫਲ ਨਾਲ ਫਾਇਰਿੰਗ ਕਰਦੇ ਹੋਏ ਦਿਖਾਇਆ ਗਿਆ ਹੈ, ਜਦੋਂਕਿ ਕੁਝ ਲੋਕ ਉਨ੍ਹਾਂ ਦਾ ਰਾਹ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਟੀਜ਼ਰ ਵਿੱਚ ਇੱਕ ਛੋਟੀ ਜਿਹੀ ਲਾਈਨ ਮੁੰਡਾ ਬਲੈਕ ਕੈਟ ਤੇਰੀ, ਤੇਰੇ ਗੋਲੀ ਮਰਵਾ ਦੂਗੀ ਵੀ ਸੁਣਾਈ ਦਿੰਦੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਗੀਤ ਉਨ੍ਹਾਂ ਦੇ ਕਤਲ ਅਤੇ ਪਹਿਲਾਂ ਰਚੀਆਂ ਗਈਆਂ ਸਾਜ਼ਿਸ਼ਾਂ ਦੇ ਆਲੇ-ਦੁਆਲੇ ਕੇਂਦਰਿਤ ਹੋ ਸਕਦਾ ਹੈ। ਮੂਸੇਵਾਲਾ ਦੀ ਮੌਤ ਤੋਂ ਬਾਅਦ ਹੁਣ ਤੱਕ ਉਨ੍ਹਾਂ ਦੇ 12 ਗੀਤ ਰਿਲੀਜ਼ ਹੋ ਚੁੱਕੇ ਹਨ, ਜਿਨ੍ਹਾਂ ਨੂੰ ਦੁਨੀਆ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦਾ ਪਿਛਲਾ ਗੀਤ ‘ਬਰੋਟਾ’ ਦੁਨੀਆ ਦਾ ਦੂਜਾ ਸਭ ਤੋਂ ਵੱਧ ਕਮੈਂਟ ਪ੍ਰਾਪਤ ਕਰਨ ਵਾਲਾ ਵੀਡੀਓ ਬਣ ਗਿਆ ਹੈ। (ਬਾਕੀ ਸਫ਼ਾ 27 ’ਤੇ)

‘ਪੰਜਾਬੀ ਆਈਕਨ ਐਵਾਰਡਜ਼ 2026’ ਕਰਵਾਇਆ

ਮੁੰਬਈ ’ਚ ਵੀ ਵਸਦਾ ਹੈ ਪੰਜਾਬ : ਕਪਿਲ ਸ਼ਰਮਾ

ਮੁੰਬਈ/ਏ.ਟੀ.ਨਿਊਜ਼: ਮੁੰਬਈ ਵਿੱਚ ਸਿਤਾਰਿਆਂ ਨਾਲ ਸਜੀ ਹੋਈ ਸਭਾ ਵਿੱਚ ‘ਪੰਜਾਬੀ ਆਈਕਨ ਐਵਾਰਡਜ਼ 2026’ ਕਰਵਾਇਆ ਗਿਆ। ਇਸ ਵੱਕਾਰੀ ਸਮਾਗਮ ਦਾ ਪ੍ਰਬੰਧ ਕਾਂਗਰਸੀ ਆਗੂ ਚਰਨ ਸਿੰਘ ਸਪਰਾ ਵੱਲੋਂ ਕੀਤਾ ਗਿਆ। ਇਸ ਦੌਰਾਨ ਉੱਘੇ ਕਾਮੇਡੀਅਨ ਤੇ ਅਦਾਕਾਰ ਕਪਿਲ ਸ਼ਰਮਾ ਦਾ ਮਨੋਰੰਜਨ ਜਗਤ ਵਿੱਚ ਉਨ੍ਹਾਂ ਵੱਲੋਂ ਪਾਏ ਸ਼ਾਨਦਾਰ ਯੋਗਦਾਨ ਲਈ ਸਨਮਾਨ ਕੀਤਾ ਗਿਆ। ਇਸ ਦੌਰਾਨ ਚਰਨ ਸਿੰਘ ਸਪਰਾ ਨੇ ਦੱਸਿਆ, “ਸਿਰਫ਼ ਇੱਕ ਵਾਰ ਕਹਿਣ ’ਤੇ ਹੀ ਉਹ ਆਉਣ ਲਈ ਮੰਨ ਗਏ। ਪੰਜਾਬੀਅਤ ਦੀ ਅਸਲ ਭਾਵਨਾ ਕਪਿਲ ਸ਼ਰਮਾ ਵਿੱਚ ਅੱਜ ਵੀ ਜ਼ਿੰਦਾ ਹੈ।” ਕਪਿਲ ਸ਼ਰਮਾ ਨੇ ਧੰਨਵਾਦ ਕਰਦਿਆਂ ਕਿਹਾ, “ਜਦੋਂ ਹੁਨਰ ਦੀ ਕਦਰ ਹੁੰਦੀ ਹੈ ਤਾਂ ਬਹੁਤ ਚੰਗਾ ਲੱਗਦਾ ਹੈ ਅਤੇ ਇਹ ਹੋਰ ਵੀ ਵਧੀਆ ਲੱਗਦਾ ਹੈ ਕਿ ਮੁੰਬਈ ਵਿੱਚ ਵੀ ਸਾਡਾ ਪੰਜਾਬ ਵਸਿਆ ਹੋਇਆ ਹੈ।” ਸਮਾਗਮ ਵਿੱਚ ਏਕਤਾ ਕਪੂਰ, ਰਾਜ ਕੁੰਦਰਾ, ਗੀਤਾ ਬਸਰਾ, ਵਿਨੀਤ ਸ਼ਰਮਾ, ਰਜਤ ਬੇਦੀ, ਸਤਿੰਦਰ ਸੱਤੀ, ਪੰਜਾਬ ਸਰਕਾਰ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਹਰਦੀਪ ਬਰਾੜ, ਮੋਹਿੰਦਰ ਸਿੰਘ ਗਿਲਜ਼ੀਆਂ (ਅਮਰੀਕਾ) ਸ਼ਖ਼ਸੀਅਤਾਂ ਮੌਜੂਦ ਸਨ। ਪੰਜਾਬੀ ਆਈਕਨ ਐਵਾਰਡਜ਼ ਅਜਿਹਾ ਮੰਚ ਹੈ, ਜੋ ਉਨ੍ਹਾਂ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ ਜਿਨ੍ਹਾਂ ਨੇ ਆਪਣੇ ਪੰਜਾਬੀ ਸੱਭਿਆਚਾਰ ਅਤੇ ਪਛਾਣ ਦੀ ਨੁਮਾਇੰਦਗੀ ਕਰਦਿਆਂ ਆਪਣੇ ਖੇਤਰਾਂ ਵਿੱਚ ਸ਼ਲਾਘਾਯੋਗ ਯੋਗਦਾਨ ਪਾਇਆ ਹੋਵੇ। ਬਾਲੀਵੁੱਡ ਗਾਇਕਾ ਹਰਸ਼ਦੀਪ ਕੌਰ ਦੀ ਸ਼ਾਨਦਾਰ ਪੇਸ਼ਕਾਰੀ ਨੇ ਸ਼ਾਮ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ।

ਬਰਤਾਨੀਆ: ਸਿੱਖ ਮਹਿਲਾ ਨਾਲ ਬਲਾਤਕਾਰ ਤੇ ਨਸਲੀ ਹਿੰਸਾ

ਦਬਿੰਦਰਜੀਤ ਸਿੰਘ ਨੇ ਕਿਹਾ, 'ਇਸ ਹਮਲੇ ਵਿੱਚ ਸ਼ਾਮਲ ਗੰਭੀਰ ਨਸਲਵਾਦੀ ਤੱਤ ਨੂੰ ਅਦਾਲਤੀ ਕਾਰਵਾਈ ਵਿੱਚ ਉਜਾਗਰ ਕੀਤਾ ਗਿਆ ਹੈ। ਇਹ ਉਨ੍ਹਾਂ ਸਾਰੇ ਨਸਲਵਾਦੀਆਂ ਨੂੰ ਇੱਕ ਸਖਤ ਸੰਦੇਸ਼ ਦਿੰਦਾ ਹੈ ਜੋ ਹਿੰਸਕ ਹਮਲੇ ਕਰਦੇ ਹਨ।'

ਸਿੱਖ ਵੂਮੈਨ ਏਡ ਦੇ ਟਰੱਸਟੀਆਂ ਦੇ ਮੁਖੀ ਸੁਖਵਿੰਦਰ ਕੌਰ ਨੇ ਕਿਹਾ ਕਿ ਇਹ ਸਜ਼ਾ 'ਉਨ੍ਹਾਂ ਲੋਕਾਂ ਨੂੰ ਇੱਕ ਸਖਤ ਸੰਦੇਸ਼ ਦਿੰਦੀ ਹੈ ਜੋ ਇਸ ਅਪਰਾਧੀ ਵਰਗੀ ਸੋਚ ਅਤੇ ਰਵੱਈਆ ਰੱਖਦੇ ਹਨ, ਇਸ ਲਈ ਅਸੀਂ ਇਸ ਸਜ਼ਾ ਦਾ ਪੂਰੀ ਤਰ੍ਹਾਂ ਸਵਾਗਤ ਕਰਦੇ ਹਾਂ।'

ਉਨ੍ਹਾਂ ਕਿਹਾ ਕਿ ਇਸ ਹਮਲੇ ਨੇ ਪੂਰੇ ਵੈਸਟ ਮਿਡਲੈਂਡਜ਼ ਵਿੱਚ ਰਹਿੰਦੇ ਸਾਰੇ ਭਾਈਚਾਰੇ ਵਿੱਚ ਬੁਰੀ ਤਰ੍ਹਾਂ ਦਹਿਸ਼ਤ ਫੈਲਾ ਦਿੱਤੀ ਸੀ।

ਉਨ੍ਹਾਂ ਅੱਗੇ ਕਿਹਾ, 'ਅਸੀਂ ਇਸ ਬਲਾਤਕਾਰ ਨੂੰ ਪਰਵਾਸ, ਇਮੀਗ੍ਰੇਸ਼ਨ ਅਤੇ ਪਰਵਾਸੀ ਭਾਈਚਾਰਿਆਂ ਨਾਲ ਜੁੜੀਆਂ ਜ਼ਹਿਰੀਲੀ ਸੋਚ ਵਾਲੀਆਂ ਗੱਲਾਂ ਤੋਂ ਵੱਖ ਕਰਕੇ ਨਹੀਂ ਦੇਖ ਸਕਦੇ। ਜਦੋਂ ਅਸੀਂ ਭਾਈਚਾਰਿਆਂ, ਨਸਲ ਅਤੇ ਧਰਮ ਨੂੰ ਵੇਖਦੇ ਹਾਂ ਤਾਂ ਇਹ ਸਾਰੀਆਂ ਚੀਜ਼ਾਂ ਉਸ ਨਫ਼ਰਤ ਵਿੱਚ ਸ਼ਾਮਲ ਸਨ ਜੋ ਇਸ ਅਪਰਾਧੀ ਦੇ ਮਨ ਵਿੱਚ ਇੱਕ ਭਾਈਚਾਰੇ ਦੇ ਪ੍ਰਤੀ ਸੀ।'

ਸਜ਼ਾ ਤੋਂ ਪਹਿਲਾਂ ਦੀ ਕਾਰਵਾਈ ਦੌਰਾਨ ਕੀ-ਕੀ ਹੋਇਆ ?

ਜਦੋਂ ਇਹ ਸੁਣਵਾਈ ਹੋ ਰਹੀ ਸੀ ਤਾਂ ਕਾਰਵਾਈ ਦੌਰਾਨ ਇੱਕ ਵਿਅਕਤੀ ਕਟਹਿਰੇ ਦੇ ਨੇੜੇ ਆ ਕੇ ਮੁਲਜ਼ਮ ਨੂੰ ਗਾਲ੍ਹਾਂ ਕੱਢਣ ਲੱਗ ਪਿਆ ਸੀ, ਜਿਸ ਕਾਰਨ ਸੁਣਵਾਈ ਵਿੱਚ ਰੁਕਾਵਟ ਪਈ ਸੀ। ਇਸ ਤੋਂ ਕਰੀਬ ਇੱਕ ਘੰਟੇ ਬਾਅਦ ਉਸ ਨੇ ਆਪਣੇ ਵਕੀਲ ਨਾਲ ਗੱਲ ਕਰਨ ਦੀ ਬੇਨਤੀ ਕੀਤੀ ਸੀ।

ਇਹ ਤਕਰਾਰ ਉਸ ਵੇਲੇ ਵਾਪਰੀ ਜਦੋਂ ਹਮਲੇ ਸਬੰਧੀ ਕ੍ਰਾਊਨ ਪੱਖ ਵੱਲੋਂ ਸਬੂਤ ਪੇਸ਼ ਕਰਨ ਦੌਰਾਨ ਐਸ਼ਬੀ ਬੁੜਬੁੜਾਉਣ ਲੱਗਾ।

ਅਦਾਲਤ ਨੂੰ ਦੱਸਿਆ ਗਿਆ ਕਿ ਔਰਤ ਨਾਲ ਇਹ ਦਰਦਨਾਕ ਵਾਕਿਆ ਪਿਛਲੇ ਪਤਝੜ ਵਿੱਚ ਸ਼ੁਰੂ ਹੋਇਆ, ਜਦੋਂ ਐਸ਼ਬੀ ਬੱਸ ਤੋਂ ਉਤਰਦੀ ਮਹਿਲਾ ਦਾ ਪਿੱਛਾ ਕਰਦਾ ਹੋਇਆ ਉਸ ਦੇ ਘਰ ਤੱਕ ਪਹੁੰਚ ਗਿਆ। ਔਰਤ ਨੂੰ ਬਿਨਾਂ ਪਤਾ ਲੱਗੇ, ਉਹ ਜ਼ਮੀਨ ਤੋਂ ਚੁੱਕੀ ਲਗਭਗ ਦੋ ਫੁੱਟ ਲੰਬੀ ਲੱਕੜੀ ਨਾਲ ਉਸ ਦੇ ਘਰ ਵਿੱਚ ਦਾਖ਼ਲ ਹੋ ਗਿਆ।

ਮਾਮਲੇ ਦੀ ਸ਼ੁਰੂਆਤ ਵਿੱਚ ਜੂਰੀ ਨੂੰ ਦੱਸਿਆ ਗਿਆ ਕਿ ਘਰ ਅੰਦਰ ਆਵਾਜ਼ ਸੁਣ ਕੇ ਔਰਤ (ਜੋ ਐਸ਼ਬੀ ਲਈ ਅਣਜਾਣ ਸੀ) ਆਪਣੇ ਆਪ ਨੂੰ ਬਾਥਰੂਮ ਵਿੱਚ ਬੰਦ ਕਰਨ ਦੀ ਕੋਸ਼ਿਸ਼ ਕਰਦੀ ਹੈ, ਪਰ ਉਹ ਜਬਰਦਸਤੀ ਨਾਲ ਅੰਦਰ ਵੜ੍ਹ ਗਿਆ ਅਤੇ ਉਸ ਨਾਲ ਬਲਾਤਕਾਰ ਕੀਤਾ।

ਇਸਤਗਾਸਾ ਪੱਖ ਦੇ ਵਕੀਲ ਫ਼ਿਲ ਬ੍ਰੈਡਲੀ ਕੇਸੀ ਨੇ ਕਿਹਾ, 'ਬਾਥਰੂਮ ਵਿੱਚ ਦਾਖ਼ਲ ਹੋਣ ਤੋਂ ਬਾਅਦ ਉਸ ਨੇ ਬੱਤੀ ਬੰਦ ਕਰ ਦਿੱਤੀ ਅਤੇ ਉਸ ਨੂੰ ਕਿਹਾ ਕਿ ਉਹ ਮਜ਼ੇ ਲਈ ਇੱਥੇ ਆਇਆ ਹੈ।'

ਅਦਾਲਤ ਨੇ ਸੁਣਿਆ ਕਿ ਹਮਲੇ ਦੌਰਾਨ ਐਸ਼ਬੀ ਨੇ ਪੀੜਤਾ ਨੂੰ ਮੁਸਲਿਮ ਵਿਰੋਧੀ ਮਾੜੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਕਿਉਂਕਿ ਉਸ ਨੂੰ ਲੱਗਾ ਕਿ ਉਹ ਉਸ ਧਰਮ ਨਾਲ ਜੁੜੀ ਹੋਈ ਹੈ।

ਦੋ ਦਿਨ ਬਾਅਦ ਉਸ ਨੂੰ ਬਰਮਿੰਘਮ ਦੇ ਪੈਰੀ ਬਾਰ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਗਿਆ।

ਜੂਰੀ ਨੂੰ ਦੱਸਿਆ ਗਿਆ ਕਿ ਪੁਲਿਸ ਇੰਟਰਵਿਊ ਦੌਰਾਨ, ਜਦੋਂ ਉਸ ਨੂੰ ਪੀੜਤਾ ਦੀ ਤਸਵੀਰ ਦਿਖਾਈ ਗਈ ਅਤੇ ਪੁੱਛਿਆ ਗਿਆ ਕਿ ਕੀ ਉਹ ਉਸ ਨੂੰ ਜਾਣਦਾ ਹੈ, ਤਾਂ ਉਸ ਨੇ ਪੁੱਛਿਆ ਕਿ ਉਹ ਹਿਜਾਬ ਕਿਉਂ ਨਹੀਂ ਪਹਿਨ ਰਹੀ।

ਅਦਾਲਤ ਨੇ ਇਹ ਵੀ ਸੁਣਿਆ ਕਿ ਜਦੋਂ ਉਸ ਨੂੰ ਪੈਰੀ ਬਾਰ ਦੇ ਪੁਲਿਸ ਥਾਣੇ ਵਿੱਚ ਹਿਰਾਸਤ ਵਿੱਚ ਲਿਆਂਦਾ ਗਿਆ, ਤਾਂ ਉਸ ਨੇ ਕਿਹਾ, 'ਹੁਣ ਪੈਰੀ ਬਾਰ ਵਿੱਚ ਕੋਈ ਇੰਗਲਿਸ਼ ਆਦਮੀ ਨਹੀਂ ਨਜ਼ਰ ਆਉਂਦਾ।'

ਔਰਤ ਨਾਲ ਬੀਤੀ ਘਟਨਾ ਬਿਆਨ ਕਰਦੇ ਹੋਏ ਇਸਤਗਾਸਾ ਪੱਖ ਦੇ ਵਕੀਲ ਬ੍ਰੈਡਲੀ ਨੇ ਕਿਹਾ ਸੀ, 'ਉਸ ਦੀਆਂ ਚੀਕਾਂ ਦੇ ਬਾਵਜੂਦ, ਉਸ ਨੇ ਉਸ ਨੂੰ ਕੱਪੜੇ ਉਤਾਰਨ ਲਈ ਕਿਹਾ, ਲੱਕੜੀ ਨਾਲ ਮਾਰਿਆ ਅਤੇ ਉਸ ਦਾ ਗਲ਼ਾ ਘੁੱਟਣ ਲਈ ਆਪਣੇ ਹੱਥਾਂ ਨਾਲ ਉਸ ਦੀ ਧੌਣ ਫੜੀ, ਨਾਲ ਹੀ ਉਸ ਨੂੰ ਬਾਥਟਬ ਵਿੱਚ ਜਾਣ ਲਈ ਮਜਬੂਰ ਕੀਤਾ।'

ਉਸ ਨੇ ਗਰਮ ਪਾਣੀ ਦਾ ਨਲ ਖੋਲ੍ਹਿਆ ਅਤੇ ਔਰਤ ਉੱਤੇ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ, ਨਾਲ ਹੀ ਉਸ ਨੂੰ 'ਹੱਲੇਲੂਯਾਹ' ਕਹਿਣ ਲਈ ਕਿਹਾ।

ਅਦਾਲਤ ਨੇ ਸੁਣਿਆ ਕਿ ਐਸ਼ਬੀ ਨੇ ਔਰਤ ਨੂੰ ਆਪਣਾ ਨਾਮ ਜੌਨ ਦੱਸਿਆ ਸੀ ਅਤੇ ਉਸ ਨੂੰ ਕਿਹਾ ਕਿਹਾ ਉਹ ਉਸ ਦਾ ਮੰਤਰ ਉਹ ਮਾਸਟਰ ਹੈ, ਦੁਹਰਾਵੇ।

ਇਸਤਗਾਸਾ ਪੱਖ ਮੁਤਾਬਕ, ਬਲਾਤਕਾਰ ਕਰਨ ਤੋਂ ਬਾਅਦ ਐਸ਼ਬੀ ਨੇ ਔਰਤ ਨੂੰ ਬੈੱਡਰੂਮ ਵਿੱਚ ਜਾਣ ਅਤੇ ਬਿਸਤਰੇ 'ਤੇ ਲੇਟਣ ਲਈ ਕਿਹਾ ਅਤੇ ਦੁਬਾਰਾ ਕਿਹਾ ਕਿ ਉਹ ਮਜ਼ੇ ਲਈ ਆਇਆ ਹੈ, ਇਸ ਦੌਰਾਨ ਉਸ ਨੇ ਆਪਣੇ ਨਿੱਜੀ ਅੰਗਾਂ ਨੂੰ ਵ੍ਹਾਈਟ ਬ੍ਰਿਟਿਸ਼ ਦੱਸਿਆ।

ਅਦਾਲਤ ਨੂੰ ਦੱਸਿਆ ਗਿਆ ਕਿ ਇਹ ਹਮਲਾ ਉਦੋਂ ਖ਼ਤਮ ਹੋਇਆ ਜਦੋਂ ਐਸ਼ਬੀ ਬਾਹਰ ਦੀ ਕਿਸੇ ਆਵਾਜ਼ ਨਾਲ ਘਬਰਾ ਕੇ ਮੌਕੇ ਤੋਂ ਭੱਜ ਗਿਆ ਅਤੇ ਔਰਤ ਦੇ ਗਹਿਣੇ ਅਤੇ ਇੱਕ ਮੋਬਾਈਲ ਫ਼ੋਨ ਨਾਲ ਲੈ ਗਿਆ।

ਜੂਰੀ ਨੂੰ ਦੱਸਿਆ ਗਿਆ ਕਿ ਔਰਤ ਨੇ ਤੁਰੰਤ ਸੂਚਨਾ ਦਿੱਤੀ ਅਤੇ ਕੁਝ ਮਿੰਟਾਂ ਵਿੱਚ ਪੁਲਿਸ ਮੌਕੇ 'ਤੇ ਪਹੁੰਚ ਗਈ।

ਅਦਾਲਤ ਨੂੰ ਦੱਸਿਆ ਗਿਆ ਕਿ ਕੁਝ ਦਿਨ ਬਾਅਦ ਪਛਾਣ ਪਰੇਡ ਦੌਰਾਨ ਔਰਤ ਨੇ ਐਸ਼ਬੀ ਨੂੰ ਆਪਣੇ ਹਮਲਾਵਰ ਵਜੋਂ ਪਛਾਣ ਲਿਆ।

ਐਸ਼ਬੀ ਨੇ ਬਲਾਤਕਾਰ, ਲੁੱਟ, ਇਰਾਦਾਤਨ ਗਲ਼ਾ ਘੁੱਟਣ ਅਤੇ ਧਾਰਮਿਕ ਨਫ਼ਰਤ ਨਾਲ ਭੜਕਾਊ ਸ਼ਬਦਾਵਲੀ ਦੇ ਇਲਜ਼ਾਮ ਕਬੂਲ ਕਰ ਲਏ।

ਗਾਲ੍ਹੀ-ਗਲੌਚ

ਅਦਾਲਤ ਵਿੱਚ ਐਸ਼ਬੀ ਅਤੇ ਇੱਕ ਦਰਸ਼ਕ ਵਿਚਕਾਰ ਗਾਲ਼ੀ-ਗਲੋਚ ਦੀ ਘਟਨਾ ਉਸ ਵੇਲੇ ਵਾਪਰੀ ਜਦੋਂ ਐਸ਼ਬੀ ਆਪਣੇ ਆਪ ਵਿੱਚ ਬੁੜਬੜਾ ਕੇ ਗਾਲ੍ਹਾਂ ਕੱਢ ਰਿਹਾ ਸੀ।

ਇੱਕ ਵਿਅਕਤੀ, ਜਿਸ ਨੂੰ ਸਿੱਖ ਭਾਈਚਾਰੇ ਨਾਲ ਸਬੰਧਤ ਅਤੇ ਮਾਮਲੇ ਵਿੱਚ ਦਿਲਚਸਪੀ ਰੱਖਣ ਵਾਲਾ ਮੰਨਿਆ ਜਾਂਦਾ ਹੈ, ਜੋ ਪੀੜਤਾ ਨੂੰ ਨਹੀਂ ਜਾਣਦਾ ਸੀ, ਸ਼ਾਂਤੀ ਨਾਲ ਕਟਹਿਰੇ ਦੇ ਲਗਭਗ ਤਿੰਨ ਫੁੱਟ ਨੇੜੇ ਤੱਕ ਗਿਆ ਅਤੇ ਉਸ ਨੂੰ ਵਾਪਸ ਗਾਲ਼ ਕੱਢੀ।

ਜੱਜ ਜਸਟਿਸ ਪੈਪਰਾਲ ਨੇ ਸਥਿਤੀ ਨੂੰ ਸੰਭਾਲਣ ਦੌਰਾਨ ਸ਼ਾਂਤੀ ਕਾਇਮ ਰੱਖਣ ਲਈ ਅਦਾਲਤੀ ਕਰਮਚਾਰੀ ਦੀ ਪ੍ਰਸ਼ੰਸਾ ਕੀਤੀ।

ਉਨ੍ਹਾਂ ਕਿਹਾ, 'ਮੇਰੇ ਖ਼ਿਆਲ ਵਿੱਚ ਕੋਈ ਅਣਜਾਣ ਵਿਅਕਤੀ ਜੋ ਔਰਤ ਦੇ ਘਰ ਵਿੱਚ ਵੜ੍ਹ ਕੇ ਇਹ ਜੁਰਮ ਕਰਦਾ ਹੈ ਅਤੇ ਉਸ ਦੇ ਮੰਨੇ ਗਏ ਧਰਮ ਦੇ ਆਧਾਰ 'ਤੇ ਉਸ ਨਾਲ ਮਾੜਾ ਵਤੀਰਾ ਕਰਦਾ ਹੈ, ਉਹ ਖ਼ਤਰਨਾਕ ਵਿਅਕਤੀ ਹੈ।'

***

ਵੁੱਡਸਟੌਕ ਵਿੱਚ ਸਿੱਖ ਬਜ਼ੁਰਗ 'ਤੇ ਨਸਲੀ

ਨਸਲਵਾਦ ਜਾਂ ਨਫ਼ਰਤ ਨੂੰ ਸਾਬਤ ਕਰਨਾ ਇੱਕ ਮਾਨਸਿਕ ਬੋਝ ਬਣ ਜਾਂਦਾ ਹੈ। ਵਰਲਡ ਸਿੱਖ ਆਰਗੇਨਾਜੇਸ਼ਨ ਦੇ ਬੀ.ਸੀ. ਖੇਤਰੀ ਅਧਿਕਾਰੀ ਗੁਰਜੀਤ ਸਿੰਘ ਨੇ ਕਿਹਾ ਕਿ ਸਿੱਖ ਕੈਨੇਡਾ ਵਿੱਚ ਇੱਕ ਸਦੀ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਫ਼ਿਰ ਵੀ ਅਜਿਹਾ ਵਿਤਕਰਾ ਹੋਣਾ ਹੈਰਾਨੀਜਨਕ ਹੈ। ਸੰਸਥਾ ਨੇ ਸਰਕਾਰ ਨੂੰ ਹੇਠ ਲਿਖੇ ਕਦਮ ਚੁੱਕਣ ਦੀ ਅਪੀਲ ਕੀਤੀ ਹੈ:

ਕੈਨੇਡਾ ਦੀ ਰਾਸ਼ਟਰੀ ਨਸਲਵਾਦ ਵਿਰੋਧੀ ਰਣਨੀਤੀ ਵਿੱਚ 'ਸਿੱਖ ਵਿਰੋਧੀ ਨਫ਼ਰਤ' ਦੀ ਰਸਮੀ ਪਰਿਭਾਸ਼ਾ ਸ਼ਾਮਲ ਕੀਤੀ ਜਾਵੇ।

ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਵਿੱਚ ਸਿੱਖਾਂ ਲਈ ਇੱਕ ਵੱਖਰੀ ਸ਼੍ਰੇਣੀ ਬਣਾਈ ਜਾਵੇ।

ਪੁਲਿਸ ਅਤੇ ਜਨਤਕ ਸੇਵਕਾਂ ਲਈ ਵਿਸ਼ੇਸ਼ ਸਿਖਲਾਈ ਅਤੇ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ।

ਫ਼ਰੇਜ਼ਰ ਵੈਲੀ ਵਰਗੇ ਇਲਾਕਿਆਂ ਵਿੱਚ, ਜਿੱਥੇ ਸਿੱਖਾਂ ਦੀ ਵੱਡੀ ਆਬਾਦੀ ਹੈ, ਪੁਲਿਸ ਕੋਲ ਦਰਜ ਹੋਣ ਵਾਲੇ ਨਫ਼ਰਤੀ ਅਪਰਾਧਾਂ ਦੀ ਦਰ ਰਾਸ਼ਟਰੀ ਔਸਤ ਨਾਲੋਂ ਵੀ ਉੱਪਰ ਚਲੀ ਗਈ ਹੈ, ਜੋ ਕਿ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

***

ਕੀ ਜੰਗ ਦੇ ਦਲਦਲ 'ਚ ਫਸ ਗਿਆ ਹੈ

ਇਸਲਾਮਾਬਾਦ ਵਾਰਤਾ ਵਿੱਚ ਇਰਾਨੀ ਡੈਲੀਗੇਸ਼ਨ ਨੇ ਅਮਰੀਕਾ ਨਾਲ ਸਿੱਧੀ ਮੇਜ਼ 'ਤੇ ਬੈਠਣ ਤੋਂ ਮਨਾਂ ਕਰ ਦਿੱਤਾ, ਜੋ ਇਹ ਦਰਸਾਉਂਦਾ ਹੈ ਕਿ ਉਹ ਦਬਾਅ ਵਿੱਚ ਆ ਕੇ ਕੋਈ ਸਰੈਂਡਰ ਨਹੀਂ ਕਰਨਾ ਚਾਹੁੰਦੇ। ਹਾਲਾਂਕਿ ਇਰਾਨ ਪੂਰੀ ਤਰ੍ਹਾਂ ਅੜਿਆ ਵੀ ਨਹੀਂ ਹੋਇਆ। ਉਸ ਨੇ ਇੱਕ ਵਿਚਕਾਰਲਾ ਰਾਹ ਪੇਸ਼ ਕੀਤਾ ਹੈ:ਇਰਾਨ ਨੇ ਪੇਸ਼ਕਸ਼ ਕੀਤੀ ਹੈ ਕਿ ਜੇਕਰ ਅਮਰੀਕਾ ਨਾਕਾਬੰਦੀ ਹਟਾਉਂਦਾ ਹੈ, ਤਾਂ ਉਹ 'ਸਟ੍ਰੇਟ ਆਫ ਹਾਰਮੁਜ਼' ਖੋਲ੍ਹ ਦੇਵੇਗਾ। ਪਰ ਸ਼ਰਤ ਇਹ ਹੈ ਕਿ ਪਰਮਾਣੂ ਮੁੱਦੇ 'ਤੇ ਗੱਲਬਾਤ ਫਿਲਹਾਲ ਟਾਲ ਦਿੱਤੀ ਜਾਵੇ। ਇਰਾਨ ਨੇ ਅਮਰੀਕੀ ਕੰਪਨੀਆਂ ਨੂੰ ਇਰਾਨੀ ਤੇਲ ਅਤੇ ਗੈਸ ਖੇਤਰਾਂ ਵਿੱਚ ਨਿਵੇਸ਼ ਕਰਨ ਦਾ ਸੱਦਾ ਵੀ ਦਿੱਤਾ ਹੈ ਤਾਂ ਜੋ ਟਰੰਪ ਨੂੰ ਆਰਥਿਕ ਫਾਇਦੇ ਦਾ ਲਾਲਚ ਦੇ ਕੇ ਨਰਮ ਕੀਤਾ ਜਾ ਸਕੇ।

ਇਰਾਨ ਦੇ ਅੰਦਰ ਵੀ ਦੋ ਵਿਚਾਰਧਾਰਾਵਾਂ ਚੱਲ ਰਹੀਆਂ ਹਨ। ਕੱਟੜਪੰਥੀ ਚਾਹੁੰਦੇ ਹਨ ਕਿ ਜੰਗ ਜਾਰੀ ਰਹੇ ਅਤੇ ਅਮਰੀਕੀ ਬੇਸਾਂ ਨੂੰ ਹੋਰ ਨੁਕਸਾਨ ਪਹੁੰਚਾਇਆ ਜਾਵੇ। ਉਦਾਰਵਾਦੀ (ਰਾਸ਼ਟਰਪਤੀ ਪੇਜ਼ੇਸ਼ਕੀਅਨ) ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਪਾਬੰਦੀਆਂ ਹਟ ਜਾਣ ਤਾਂ ਜੋ ਦੇਸ਼ ਦੀ ਆਰਥਿਕਤਾ ਸੰਭਲ ਸਕੇ। ਪਰ ਉਹਨਾਂ ਨੇ ਵੀ ਸਾਫ਼ ਕਿਹਾ ਹੈ ਕਿ ਧਮਕੀਆਂ ਦੇ ਪਰਛਾਵੇਂ ਹੇਠ ਗੱਲਬਾਤ ਨਹੀਂ ਹੋਵੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਪੂਰੀ ਤਰ੍ਹਾਂ ਨਹੀਂ ਝੁਕੇਗਾ, ਪਰ ਉਹ ਇੱਕ ਲਿਮਟਿਡ ਡੀਲ ਕਰ ਸਕਦਾ ਹੈ। ਉਹ ਯੂਰੇਨੀਅਮ ਸੰਵਰਧਨ ਨੂੰ ਕੁਝ ਸਾਲਾਂ (3 ਤੋਂ 5 ਸਾਲ) ਲਈ ਰੋਕਣ ਲਈ ਤਿਆਰ ਹੋ ਸਕਦਾ ਹੈ, ਪਰ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਅਮਰੀਕੀ ਸ਼ਰਤ ਨੂੰ ਸ਼ਾਇਦ ਕਦੇ ਨਹੀਂ ਮੰਨੇਗਾ। ਇਰਾਨ ਦੀ ਕੋਸ਼ਿਸ਼ ਇਹ ਹੈ ਕਿ ਜੰਗ ਰੁਕ ਜਾਵੇ ਅਤੇ ਸਟ੍ਰੇਟ ਆਫ ਹਾਰਮੁਜ਼ 'ਤੇ ਉਸ ਦਾ ਕੰਟਰੋਲ ਬਣਿਆ ਰਹੇ।

ਇਰਾਨ ਸਨਮਾਨਜਨਕ ਸਮਝੌਤੇ ਦੀ ਤਲਾਸ਼ ਵਿੱਚ ਹੈ, ਨਾ ਕਿ ਸਰੈਂਡਰ ਦੀ। ਜੇਕਰ ਟਰੰਪ ਆਪਣੀ ਜ਼ੀਰੋ ਐਨਰਿਚਮੈਂਟ ਦੀ ਜ਼ਿੱਦ 'ਤੇ ਅੜੇ ਰਹੇ, ਤਾਂ ਇਰਾਨ ਦਬਾਅ ਮੰਨਣ ਦੀ ਬਜਾਏ ਟਕਰਾਅ ਨੂੰ ਹੋਰ ਵਧਾ ਸਕਦਾ ਹੈ।

***

ਹਨ੍ਹੇਰਾ ਹੋ ਗਿਆ ਤਾਂ ਖ਼ੌਫ਼ ਕਾਹਦਾ,

ਇਸ ਉਪਰੰਤ ਕਲਾਲ ਵਾਲਾ ਪਿੰਡ ਦੇ ਜੰਮ ਪਲ਼ ਜਸਵਿੰਦਰ ਨੇ ਵਿਪਸਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪੌਲੀਟੈਕਨਿਕ ਕਾਲਜ ਮੋਗਾ ਦੀ ਪੜ੍ਹਾਈ ਦੌਰਾਨ ਖੱਬੇ ਪੱਖੀ ਲਹਿਰ ਨਾਲ਼ ਜੁੜ ਗਿਆ। ਉਸ ਲਹਿਰ ਦੇ ਸ਼ਾਇਰਾਂ ਸੰਤ ਰਾਮ ਉਦਾਸੀ, ਜੈਮਲ ਪੱਡਾ, ਓਮ ਪ੍ਰਕਾਸ਼ ਸ਼ਰਮਾ, ਮਹਿੰਦਰ ਸਾਥੀ ਆਦਿ ਨਾਲ ਉਸ ਦਾ ਮੇਲ ਹੋਇਆ। ਸੰਤ ਰਾਮ ਉਦਾਸੀ ਦੇ ਗੀਤਾਂ ਤੋਂ ਪ੍ਰਭਾਵਿਤ ਉਹ ਅਚਾਨਕ ਗ਼ਜ਼ਲ ਨਾਲ਼ ਜੁੜ ਗਿਆ ਜੋ ਉਸ ਦੇ ਅਵਚੇਤਨ ਵਿੱਚ ਪਈ ਸੀ। ਉਹ ਦੀ ਪਹਿਲੀ ਤੇ ਦੂਜੀ ਕਿਤਾਬ ਨੂੰ ਪਛਾਣ ਮਿਲੀ। ਸ਼ਿਅਰ ਉਹ ਹੁੰਦਾ ਹੈ ਜੋ ਰੂਹ 'ਤੇ ਤੀਰ ਵਾਂਗ ਵੱਜੇ।

ਚੰਗਾ ਸ਼ਿਅਰ ਲਿਖਣ ਲਈ ਛੋਟੇ ਸ਼ਬਦਾਂ ਵਿੱਚ ਵੱਡੇ ਅਰਥ ਭਰਨੇ ਪੈਂਦੇ ਹਨ ਅਤੇ ਸ਼ਬਦ ਦੇ ਪਾਰ ਜਾ ਕੇ ਦੇਖਣਾ ਪੈਂਦਾ ਹੈ। ਉਸ ਦੀ ਸਰਕਾਰੇ ਦਰਬਾਰੇ ਕੋਈ ਪਹੁੰਚ ਨਾ ਹੋਣ ਦੇ ਬਾਵਜੂਦ ਉਸ ਦੀਆਂ ਕਿਤਾਬਾਂ ਨੂੰ ਭਾਰਤੀ ਸਾਹਿਤ ਅਕਾਦਮੀ ਅਤੇ ਭਾਸ਼ਾ ਵਿਭਾਗ ਵੱਲੋਂ ਇਨਾਮ ਮਿਲੇ। ਰੋਪੜ ਥਰਮਲ ਪਲਾਂਟ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ 2015 ਵਿੱਚ ਉਹ ਕੈਨੇਡਾ ਆ ਗਿਆ ਜਿੱਥੇ ਉਸ ਦੀਆਂ ਦੋਵੇਂ ਬੇਟੀਆਂ ਆਪਣੇ ਘਰਾਂ ਵਿੱਚ ਖ਼ੁਸ਼ਹਾਲ ਹਨ।

ਇਸ ਉਪਰੰਤ ਡਾ. ਸੋਹੀ ਅਤੇ ਮੈਡਮ ਸੋਹੀ ਨੇ ਵਿਪਸਾ ਅਤੇ ਜਸਵਿੰਦਰ ਨੂੰ ਸਮਾਗਮ ਦੀ ਵਧਾਈ ਦਿੰਦੇ ਹੋਏ ਕਿਹਾ ਕਿ 'ਗ਼ਜ਼ਲ ਮੰਚ ਸਰੀ' ਇੱਕ ਅਜਿਹੀ ਸੰਸਥਾ ਹੈ ਜਿੱਥੇ ਜਸਵਿੰਦਰ ਦੇ ਨਾਲ਼ ਦਵਿੰਦਰ ਗੌਤਮ, ਰਾਜਵੰਤ ਰਾਜ, ਹਰਦਮ ਮਾਨ ਅਤੇ ਪ੍ਰੀਤ ਮਨਪ੍ਰੀਤ ਵਰਗੇ ਸ਼ਾਇਰ ਮਿਆਰੀ ਸਾਹਿਤ ਸਿਰਜਦੇ ਅਤੇ ਉੱਚ ਕੋਟੀ ਦੇ ਗ਼ਜ਼ਲ ਦਰਬਾਰ ਕਰਵਾਉਂਦੇ ਹਨ। ਡਾ. ਸੋਹੀ ਨੇ ਆਪਣੀ ਜਾਣ ਪਛਾਣ ਵਿੱਚ ਦੱਸਿਆ ਕਿ ਉਹ ਦੋਵੇਂ ਜੀਅ ਇੰਡੀਆ ਤੋਂ ਸੇਵਾ ਮੁਕਤ ਹੋਣ ਉਪਰੰਤ ਕੈਨੇਡਾ ਰਹੇ ਅਤੇ ਹੁਣ ਅਮਰੀਕਾ ਆ ਕੇ ਆਪਣੀਆਂ ਦੋਵੇਂ ਬੇਟੀਆਂ ਦੇ ਨੇੜੇ ਆਪਣਾ ਰੈਣ ਬਸੇਰਾ ਬਣਾਇਆ ਹੈ। ਡਾ. ਸੋਹੀ ਜਲੰਧਰ ਦੂਰਦਰਸ਼ਨ ਤੋਂ 'ਖ਼ਾਸ ਖ਼ਬਰ ਇੱਕ ਨਜ਼ਰ ਪ੍ਰੋਗਰਾਮ ਕਰਦੇ ਰਹੇ ਅਤੇ ਕੈਨੇਡਾ ਵੀ ਰੇਡੀਓ ਹੋਸਟ ਰਹੇ। ਮੈਡਮ ਸੋਹੀ ਨੇ ਵੀ ਵਿਪਸਾ ਦਾ ਇਸ ਵਧੀਆ ਸਮਾਗਮ ਲਈ ਧੰਨਵਾਦ ਕਰਦੇ ਹੋਏ ਦੱਸਿਆ ਕਿ ਉਸ ਨੇ 'ਹੌਲਾ ਫ਼ੁੱਲ' ਕਹਾਣੀ ਸੰਗ੍ਰਿਹ ਅਤੇ ਸਭਿਆਚਾਰਕ ਪੁਸਤਕ 'ਪੰਜਾਬੀ ਸਾਹਿਤ ਵਿੱਚ ਰਿਸ਼ਤਿਆਂ ਦਾ ਤਾਣਾ ਬਾਣਾ' ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਜਗਜੀਤ ਨੌਸ਼ਹਿਰਵੀ ਅਤੇ

ਕੁਲਵਿੰਦਰ ਦੇ ਸੋਹੀ ਜੋੜੇ ਨੂੰ ਕੈਲੀਫ਼ੋਰਨੀਆ ਦੇ ਸਾਹਿਤਕ ਭਾਈਚਾਰੇ ਵਿੱਚ ਸ਼ਾਮਲ ਹੋਣ 'ਤੇ ਜੀ ਆਇਆ ਕਿਹਾ ਅਤੇ ਇਸ ਨੂੰ ਵਿਪਸਾ ਲਈ ਇੱਕ ਗੁਣਾਤਮਕ ਵਾਧਾ ਦੱਸਿਆ।

ਦੂਜੇ ਸੈਸ਼ਨ ਵਿੱਚ ਅਕਾਦਮੀ ਦੇ ਸ਼ਾਇਰ ਮੁਕੇਸ਼ ਸ਼ਰਮਾ, ਸੰਤੋਖ ਸਿੰਘ ਮਿਨਹਾਸ, ਅਮਰ ਸੂਫ਼ੀ, ਗੁਰੂਤੇਜ ਪਾਰਸਾ, ਕਾਕਾ ਕਲੇਰ, ਅਵਤਾਰ ਗੋਂਦਾਰਾ ਆਦਿ ਨੇ ਹਿੱਸਾ ਲਿਆ। ਸੁਖਦੇਵ ਸਾਹਿਲ ਨੇ ਜਸਵਿੰਦਰ ਅਤੇ ਕੁਲਵਿੰਦਰ ਦੀਆਂ ਗ਼ਜ਼ਲਾਂ ਅਤੇ ਕੰਗ ਦੇ ਗੀਤ ਗਾ ਕੇ ਸ਼ਾਮ ਸੁਰਮਈ ਕਰ ਦਿੱਤੀ। ਵਿਪਸਾ ਵੱਲੋਂ ਜਸਵਿੰਦਰ ਅਤੇ ਸੋਹੀ ਜੋੜੇ ਦਾ ਸ਼ਾਲਾਂ ਨਾਲ਼ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਹੋਰਾਂ ਤੋਂ ਇਲਾਵਾ ਜਸਵੰਤ ਸਿੰਘ ਖੰਨਾ, ਪ੍ਰੋ.ਬਲਜਿੰਦਰ ਸਿੰਘ ਸਵੈਚ, ਪੰਕਜ ਆਂਸਲ, ਅਵਤਾਰ ਲਾਖਾ, ਸੋਨੂੰ ਸਾਹਿਲ, ਲਖਬੀਰ ਸਿੰਘ, ਕਾਕਾ ਕਲੇਰ, ਅਜ਼ੀਮ ਤਤਲਾ, ਜਸਵੀਰ ਭੰਮਰਾ, ਜੋਤੀ, ਮਨਮੋਹਨ ਸ਼ਰਮਾ, ਰਵਿੰਦਰ ਕੌਰ, ਮਨਜੀਤ ਪਲਾਹੀ ਅਤੇ ਅਭੀਤਾਬ ਸੈਣੀ ਆਦਿ ਹਾਜ਼ਰ ਸਨ।

***

ਕੀ ਕੇਜਰੀਵਾਲ ਨੇ ਜਸਟਿਸ ਸ਼ਰਮਾ 'ਤੇ ਸਵਾਲ ਉਠਾਕੇ

ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ, ਭਾਰਤੀ ਨਿਆਂਪਾਲਿਕਾ ਵਿੱਚ ਸਿਰਫ਼ 'ਸ਼ੱਕ' ਦੇ ਆਧਾਰ 'ਤੇ ਜੱਜ ਬਦਲਣ ਦੀ ਇਜਾਜ਼ਤ ਘੱਟ ਹੀ ਮਿਲਦੀ ਹੈ, ਜਦੋਂ ਤੱਕ ਕੋਈ ਪੁਖ਼ਤਾ ਸਬੂਤ ਨਾ ਹੋਵੇ ਕਿ ਜੱਜ ਨੇ ਪੱਖਪਾਤ ਕੀਤਾ ਹੈ। ਵਿਰੋਧੀ ਧਿਰ (ਜਿਵੇਂ ਭਾਜਪਾ ਆਗੂ ਅਨਿਲ ਸਰੀਨ) ਇਸ ਨੂੰ ਕੇਸ ਲਟਕਾਉਣ ਅਤੇ ਜਨਤਾ ਦੀ ਹਮਦਰਦੀ ਲੈਣ ਦਾ ਇੱਕ ਜ਼ਰੀਆ ਮੰਨਦੀ ਹੈ।

ਅਦਾਲਤੀ ਕਾਰਵਾਈ ਵਿੱਚ ਜਦੋਂ ਕੋਈ ਮੁਲਜ਼ਮ ਜੱਜ 'ਤੇ ਸਵਾਲ ਚੁੱਕਦਾ ਹੈ, ਤਾਂ ਮਾਮਲਾ ਲੰਬਾ ਖਿੱਚਿਆ ਜਾਂਦਾ ਹੈ ਕਿਉਂਕਿ ਹੁਣ ਉੱਪਰਲੀ ਅਦਾਲਤ (ਸੁਪਰੀਮ ਕੋਰਟ) ਨੂੰ ਇਹ ਤੈਅ ਕਰਨਾ ਪਵੇਗਾ ਕਿ ਉਹੀ ਜੱਜ ਸੁਣਵਾਈ ਕਰੇਗਾ ਜਾਂ ਨਹੀਂ। ਕਈ ਮਾਹਿਰ ਮੰਨਦੇ ਹਨ ਕਿ ਜੱਜਾਂ ਦੇ ਪਿਛੋਕੜ ਜਾਂ ਪਰਿਵਾਰ 'ਤੇ ਸਵਾਲ ਚੁੱਕਣਾ ਨਿਆਂਪਾਲਿਕਾ 'ਤੇ ਮਾਨਸਿਕ ਦਬਾਅ ਬਣਾਉਣ ਦੀ ਕੋਸ਼ਿਸ਼ ਹੋ ਸਕਦੀ ਹੈ, ਤਾਂ ਜੋ ਅਗਲੀ ਵਾਰ ਫੈਸਲਾ ਸੁਣਾਉਂਦੇ ਸਮੇਂ ਜੱਜ ਵਧੇਰੇ ਸਾਵਧਾਨ (ਜਾਂ ਨਰਮ) ਰਹੇ।

***

ਕੀ ਭਾਰਤ ਇੱਕ 'ਪੁਲਿਸ ਸਟੇਟ' ਬਣ ਰਿਹਾ ਹੈ ?

ਨਕਸਲ' ਵਰਗੇ ਸ਼ਬਦਾਂ ਦੀ ਵਰਤੋਂ ਕਰ ਰਿਹਾ ਹੈ। ਉਮਰ ਖਾਲਿਦ ਵਰਗੇ ਨੌਜਵਾਨਾਂ ਨੂੰ ਸਾਲਾਂ ਬੱਧੀ ਜ਼ਮਾਨਤ ਨਾ ਮਿਲਣਾ ਅਤੇ ਦੂਜੇ ਪਾਸੇ ਸਜ਼ਾਯਾਫ਼ਤਾ ਅਪਰਾਧੀਆਂ ਜਾਂ ਸਿਆਸੀ ਪ੍ਰਭਾਵ ਵਾਲੇ ਲੋਕਾਂ (ਜਿਵੇਂ ਸੌਦਾ ਸਾਧ,ਆਸਾਰਾਮ ਬਾਪੂ ਨੂੰ ਵਾਰ-ਵਾਰ ਪੈਰੋਲ ਜਾਂ ਰਾਹਤ ਮਿਲਣਾ ਨਿਆਂ ਪ੍ਰਣਾਲੀ ਦੀ ਪਾਰਦਰਸ਼ਤਾ 'ਤੇ ਵੱਡਾ ਸਵਾਲ ਹੈ।

ਉਮਰ ਖਾਲਿਦ ਵਰਗੇ ਨੌਜਵਾਨਾਂ ਨੂੰ ਯੂਏਪੀਏ ਵਰਗੇ ਸਖ਼ਤ ਕਾਨੂੰਨਾਂ ਵਿੱਚ ਜ਼ਮਾਨਤ ਮਿਲਣੀ ਬਹੁਤ ਮੁਸ਼ਕਲ ਹੁੰਦੀ ਹੈ, ਜਿਸ ਦਾ ਫ਼ਾਇਦਾ ਜਾਂਚ ਏਜੰਸੀਆਂ ਬਿਨਾਂ ਦੋਸ਼ ਸਾਬਤ ਕੀਤੇ ਕਿਸੇ ਨੂੰ ਜੇਲ੍ਹ ਵਿੱਚ ਰੱਖਣ ਲਈ ਉਠਾਉਂਦੀਆਂ ਹਨ। ਜਦੋਂ ਲੋਕਤੰਤਰ ਦੀਆਂ ਸੁਤੰਤਰ ਸੰਸਥਾਵਾਂ 'ਤੇ ਸਿਆਸੀ ਪ੍ਰਭਾਵ ਵਧਦਾ ਹੈ, ਤਾਂ ਫੈਸਲੇ ਕਾਨੂੰਨ ਦੀ ਬਜਾਏ ਸੁਵਿਧਾ ਅਨੁਸਾਰ ਹੋਣ ਲੱਗਦੇ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ਅਜੋਕੇ ਦਮਨਕਾਰੀ ਰਾਜ ਲਈ ਸਭ ਤੋਂ ਵੱਡਾ ਚੈਲਿੰਜ ਪੜ੍ਹੇ-ਲਿਖੇ ਅਤੇ ਬੌਧਿਕ ਲੋਕ ਹੀ ਹਨ। ਹੁਣ ਦੇਸ਼ ਦੇ ਨਾਗਰਿਕਾਂ ਨੂੰ ਇਹ ਸੋਚਣਾ ਪਵੇਗਾ ਕਿ ਉਹ ਆਪਣੇ ਸੰਵਿਧਾਨਕ ਹੱਕਾਂ ਲਈ ਜਾਗਰੂਕ ਹੋਣਗੇ ਜਾਂ ਇਸ ਦਮਨ ਨੂੰ ਚੁੱਪਚਾਪ ਸਵੀਕਾਰ ਕਰ ਲੈਣਗੇ।

****

ਗਾਂਧੀ ਪਰਿਵਾਰ ਦੀ ਚੌਤਰਫਾ ਘੇਰਾਬੰਦੀ:

ਜਾਂਚ ਦੇ ਹੁਕਮ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ, ਪਰ ਇਹ ਮੁੱਦਾ ਅਜੇ ਵੀ ਗਰਮ ਹੈ। ਸੋਨੀਆ ਗਾਂਧੀ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਨਾਗਰਿਕਤਾ ਮਿਲਣ ਤੋਂ ਪਹਿਲਾਂ ਹੀ (1980 ਵਿੱਚ) ਆਪਣਾ ਨਾਮ ਵੋਟਰ ਸੂਚੀ ਵਿੱਚ ਦਰਜ ਕਰਵਾਇਆ ਸੀ।ਮਨੀ ਲਾਂਡਰਿੰਗ ਦੇ ਦੋਸ਼ਾਂ ਤਹਿਤ ਦੋਵਾਂ ਆਗੂਆਂ ਨੂੰ ਲੰਬੀ ਪੁੱਛਗਿੱਛ ਅਤੇ ਅਦਾਲਤੀ ਚੱਕਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਹੁਲ ਗਾਂਧੀ ਦੇਸ਼ ਭਰ ਵਿੱਚ ਦਰਜਨਾਂ ਅਜਿਹੇ ਮਾਮਲਿਆਂ ਵਿੱਚ ਉਲਝੇ ਹੋਏ ਹਨ, ਜਿਸ ਕਾਰਨ ਉਨ੍ਹਾਂ ਨੂੰ ਵਾਰ-ਵਾਰ ਵੱਖ-ਵੱਖ ਰਾਜਾਂ ਦੀਆਂ ਅਦਾਲਤਾਂ ਵਿੱਚ ਪੇਸ਼ ਹੋਣਾ ਪੈਂਦਾ ਹੈ।

ਇਹ ਘੇਰਾਬੰਦੀ ਕਿਉਂ ਹੋਈ ? (ਕਾਰਨ)

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਸਮਝਦੀ ਹੈ ਕਿ ਗਾਂਧੀ ਪਰਿਵਾਰ ਨੂੰ ਕਾਨੂੰਨੀ ਮਾਮਲਿਆਂ ਵਿੱਚ ਉਲਝਾ ਕੇ ਕਾਂਗਰਸ ਦੀ ਸੰਗਠਨਾਤਮਕ ਸ਼ਕਤੀ ਨੂੰ ਕਮਜ਼ੋਰ ਕੀਤਾ ਜਾ ਸਕਦਾ ਹੈ। ਭ੍ਰਿਸ਼ਟਾਚਾਰ ਅਤੇ ਨਾਗਰਿਕਤਾ ਵਰਗੇ ਸੰਵੇਦਨਸ਼ੀਲ ਮੁੱਦੇ ਚੁੱਕ ਕੇ ਜਨਤਾ ਵਿੱਚ ਕਾਂਗਰਸ ਦੀ ਸਾਖ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿਰੋਧੀ ਧਿਰ ਦਾ ਦੋਸ਼ ਹੈ ਕਿ ਸਰਕਾਰ ਅਸਲ ਮੁੱਦਿਆਂ (ਬੇਰੁਜ਼ਗਾਰੀ, ਮਹਿੰਗਾਈ) ਤੋਂ ਧਿਆਨ ਹਟਾਉਣ ਲਈ ਅਜਿਹੇ ਨਿੱਜੀ ਹਮਲੇ ਕਰ ਰਹੀ ਹੈ। ਭਾਵੇਂ ਕਾਂਗਰਸ ਇਸ ਨੂੰ 'ਸਿਆਸੀ ਬਦਲਾਖੋਰੀ' ਕਰਾਰ ਦੇ ਰਹੀ ਹੈ, ਪਰ ਭਾਜਪਾ ਇਸ ਨੂੰ 'ਕਾਨੂੰਨ ਦੀ ਸਰਵਉੱਚਤਾ' ਅਤੇ 'ਪਾਰਦਰਸ਼ਤਾ' ਦਾ ਨਾਂਅ ਦੇ ਰਹੀ ਹੈ। ਅਦਾਲਤੀ ਫੈਸਲੇ ਹੀ ਤੈਅ ਕਰਨਗੇ ਕਿ ਇਹ ਮਾਮਲੇ ਸਿਰਫ਼ ਸਿਆਸੀ ਸਟੰਟ ਹਨ ਜਾਂ ਕੋਈ ਗੰਭੀਰ ਕਾਨੂੰਨੀ ਅਪਰਾਧ।

ਸਿੱਧੂ ਮੂਸੇਵਾਲਾ ਦੇ ਨਵੇਂ ਗੀਤ ਦਾ ਟੀਜ਼ਰ

ਹੁਣ ਉਨ੍ਹਾਂ ਦੀ ਟੀਮ 'ਸਾਈਨਡ ਟੂ ਗੌਡ' ਨਾਮਕ ਵਰਲਡ ਟੂਰ ਦੀ ਤਿਆਰੀ ਕਰ ਰਹੀ ਹੈ। ਇਸ ਟੂਰ ਵਿੱਚ ਹੋਲੋਗ੍ਰਾਮ (34 ਪ੍ਰੋਜੈਕਸ਼ਨ) ਤਕਨੀਕ ਦੀ ਵਰਤੋਂ ਕੀਤੀ ਜਾਵੇਗੀ, ਜਿਸ ਰਾਹੀਂ ਸਿੱਧੂ ਦੇ ਪ੍ਰਸ਼ੰਸਕਾਂ ਨੂੰ ਸਟੇਜ 'ਤੇ ਉਨ੍ਹਾਂ ਦੀ ਮੌਜੂਦਗੀ ਦਾ ਅਹਿਸਾਸ ਹੋਵੇਗਾ। ਇਹ ਟੂਰ ਭਾਰਤ ਸਮੇਤ ਅੱਠ ਦੇਸ਼ਾਂ ਪਾਕਿਸਤਾਨ, ਅਮਰੀਕਾ, ਕੈਨੇਡਾ, ਯੂ.ਕੇ., ਯੂ.ਏ.ਈ., ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਾਨਸਾ ਦੇ ਪਿੰਡ ਜਵਾਹਰਕੇ ਵਿੱਚ ਸਿੱਧੂ ਮੂਸੇਵਾਲਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਭਾਵੇਂ ਉਹ ਸਰੀਰਕ ਤੌਰ 'ਤੇ ਮੌਜੂਦ ਨਹੀਂ ਹਨ, ਪਰ ਉਨ੍ਹਾਂ ਦੀ ਸੰਗੀਤਕ ਵਿਰਾਸਤ ਅੱਜ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੀ ਹੈ।

***

ਹੱਡੀਆਂ ਦੀ ਮਜ਼ਬੂਤੀ ਲਈ ਰੱਖੋ

ਜਿਸ ਨਾਲ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ। ਇਸ ਲਈ ਆਪਣੀ ਖੁਰਾਕ ਵਿੱਚ ਦਾਲਾਂ, ਪਨੀਰ, ਸੋਇਆ, ਅੰਡੇ ਅਤੇ ਲੀਨ ਮੀਟ ਵਰਗੇ ਪ੍ਰੋਟੀਨ ਭਰਪੂਰ ਭੋਜਨ ਸ਼ਾਮਲ ਕਰੋ।

ਇਨ੍ਹਾਂ ਆਦਤਾਂ ਤੋਂ ਬਚੋ

ਕੁਝ ਆਦਤਾਂ ਅਜਿਹੀਆਂ ਹੁੰਦੀਆਂ ਹਨ ਜੋ ਤੁਹਾਡੇ ਸਰੀਰ ਵਿੱਚੋਂ ਕੈਲਸ਼ੀਅਮ ਨੂੰ ਬਾਹਰ ਕੱਢ ਦਿੰਦੀਆਂ ਹਨ, ਜਿਵੇਂ:

ਜ਼ਿਆਦਾ ਨਮਕ: ਜ਼ਿਆਦਾ ਨਮਕ ਪਿਸ਼ਾਬ ਰਾਹੀਂ ਕੈਲਸ਼ੀਅਮ ਨੂੰ ਸਰੀਰ ਵਿੱਚੋਂ ਬਾਹਰ ਕੱਢ ਦਿੰਦਾ ਹੈ।

ਕੈਫੀਨ: ਬਹੁਤ ਜ਼ਿਆਦਾ ਚਾਹ, ਕੌਫੀ ਜਾਂ ਕੋਲਡ ਡਰਿੰਕ ਹੱਡੀਆਂ ਦੀ ਘਣਤਾ ਨੂੰ ਘਟਾ ਸਕਦੇ ਹਨ।

***

ਭਾਈ ਨੰਦ ਲਾਲ ਗੋਯਾ

ਮਾਤਾ ਗੁਜਰੀ ਜੀ ਅਤੇ ਛੋਟੇ ਦੋ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ ਪਹੁੰਚ ਗਏ। ਗੁਰੂ ਸਾਹਿਬ ਦੇ ਮਹਿਲ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਛੇਤੀ ਹੀ ਗੋਯਾ ਉਹਨਾਂ ਨਾਲ ਮਿਲ ਗਿਆ। ਸੰਨ 1707 ਵਿੱਚ ਔਰੰਗਜੇਬ ਦੀ ਮੌਤ ਤੋਂ ਬਾਅਦ ਗੋਯਾ ਬਾਦਸ਼ਾਹ ਬਹਾਦਰਸ਼ਾਹ ਅਤੇ ਗੁਰੂ ਸਾਹਿਬ ਵਿਚਕਾਰ ਵਿਚੋਲੇ ਸਨ। ਗੋਯਾ 1707-1712 ਤੱਕ ਬਹਾਦਰ ਸ਼ਾਹ ਦੇ ਡੇਰੇ ਰਿਹਾ। ਸਕੱਤਰ ਵਜੋਂ ਕੰਮ ਕੀਤਾ। ਗੋਯਾ 1710 ਵਿੱਚ ਬੰਦਾ ਬਹਾਦਰ ਵਿਰੁੱਧ ਬਾਦਸ਼ਾਹ ਦੀ ਲੋਹਗੜ੍ਹ ਮੁਹਿੰਮ ਵਿੱਚ ਹਾਜ਼ਰ ਸੀ। ਉਹ ਬਾਦਸ਼ਾਹ ਨਾਲ ਲਾਹੌਰ ਗਿਆ। ਤਦ 1712 ਵਿਚ ਲਾਹੌਰ ਵਿਖੇ ਬਹਾਦਰ ਸ਼ਾਹ ਦੀ ਮੌਤ ਹੋਣ 'ਤੇ ਬਹਾਦਰ ਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਨਾਲ ਮਿਲ ਕੇ ਦਿੱਲੀ ਆ ਗਿਆ। ਫਿਰ 1713 ਵਿੱਚ ਗੋਯਾ ਦਿੱਲੀ ਤੋਂ ਭੱਜ ਕੇ ਮੁਲਤਾਨ ਚਲਾ ਗਿਆ। ਉਥੇ ਉਸ ਨੇ ਫ਼ਾਰਸੀ ਅਤੇ ਅਰਬੀ ਦੀ ਸਿੱਖਿਆ ਲਈ ਉੱਚ ਸਕੂਲ ਖੋਲ੍ਹਿਆ। 1715 ਵਿੱਚ ਗੋਯਾ ਦੀ ਮੁਲਤਾਨ ਵਿਖੇ ਮੌਤ ਹੋ ਗਈ। ਸੰਨ 1849 ਵਿੱਚ ਪੰਜਾਬ ਦੇ ਕਬਜ਼ੇ ਵਿੱਚ ਅੰਗਰੇਜ਼ਾਂ ਨੇ ਇਸ ਸਕੂਲ ਨੂੰ ਗੋਯਾ ਦੇ ਵੰਸ਼ਜਾਂ ਦੀ ਸਰਪ੍ਰਸਤੀ ਹੇਠ ਕੰਮ ਕਰਦੇ ਪਾਇਆ।

ਉਸ ਦੇ ਦੋ ਪੁੱਤਰਾਂ ਵਿਚੋਂ ਦੀਵਾਨ ਲਖਪਤ ਰਾਏ ਬਔਲਾਦ ਹੀ ਮਰ ਗਿਆ। ਜਦਕਿ ਦੀਵਾਨ ਲੀਲਾ ਰਾਮ ਦੇ ਵੰਸ਼ਜ ਆਗਾਪੁਰਾ ਵਿੱਚ ਰਹਿੰਦੇ ਸਨ। ਜੋ ਬਹਾਵਲਪੁਰ ਰਾਜ ਦੀਆਂ ਸਰਕਾਰੀ ਨੌਕਰੀਆਂ 'ਤੇ ਸਨ।

'ਗੋਯਾ' ਤਖ਼ਲਸ ਦਾ ਮਤਲਬ ਹੈ ਬੁਲਾਰਾ। ਉਸ ਕਿਹਾ ਕਿ ਜਿਵੇਂ ਪਰਮਾਤਮਾ ਮੈਨੂੰ ਬੋਲਾਂਦਾ ਹੈ, ਮੈਂ ਬੋਲਦਾ ਹਾਂ। ਮੈਂ ਇਸ ਵਿੱਚ ਕੁਝ ਨਹੀਂ ਕੀਤਾ। ਉਸ ਦੀਆਂ ਰਚਨਾਵਾਂ ਵਿਚੋਂ:

ਅੰਤਿਕਾ : ਬਰ ਦੋ ਆਲਮ ਦਸਤਿ ਗੁਰੂ ਗੋਬਿੰਦ ਸਿੰਘ,

ਜਮਲਾ ਉਲਵੀ ਪਸਤਿ ਗੁਰੂ ਗੋਬਿੰਦ ਸਿੰਘ ਦੋਹਾਂ ਜਹਾਂ ਉੱਤੇ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਦਾ ਹੱਥ ਹੈ। ਸਾਰੇ ਫਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਜੀ ਸਾਹਮਣੇ ਝੁੱਕ ਹਨ।

ਸੰਸਾਰ ਵਿੱਚ ਜਦ ਖੁਦਾ ਦੇ ਭਗਤ ਆਉਂਦੇ ਹਨ, ਉਹ ਭੁੱਲੜਾ ਨੂੰ ਰਾਹ ਦੱਸਣ ਆਉਂਦੇ ਹਨ, ਗੋਯਾ ਜੇ ਕਰ ਤੇਰੀ ਅੱਖ ਰੱਬ ਦੀ ਤਾਂਘ ਵਾਲੀ ਹੋਵੇ

ਤਾਂ ਸਮਝ ਕਿ ਰੱਬ ਦੇ ਭਗਤ ਰੱਬ ਨੂੰ ਵਿਖਾਉਣ ਆਉਂਦੇ ਹਨ।

ਬਾਦ ਜਾਨਸ ਫਿਦਾਇ ਗੁਰੂ ਗੋਬਿੰਦ ਸਿੰਘ ਫਰਕਿ ਉ ਬਰ ਪਾਇ ਗੁਰੂ ਗੋਬਿੰਦ ਸਿੰਘ ਰੱਬ ਕਰੇ ਇਸ ਨੰਦ ਲਾਲ ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਟਿਕਿਆ ਰਹੇ।

***

ਵਿਸ਼ਵ 'ਤੇ ਅਨੇਕਾਂ ਜੰਗਾਂ ਥੋਪ

20 ਸਾਲ ਤੋਂ ਉੱਪਰ ਚੱਲੀ ਇਸ ਜੰਗ ਵਿੱਚ 46000 ਤੋਂ ਵੱਧ ਮੌਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ, ਪਰ ਕਈ ਮਾਹਿਰਾਂ ਮੁਤਾਬਕ ਅਸਲ ਗਿਣਤੀ ਕਿਤੇ ਜ਼ਿਆਦਾ ਹੈ। ਲੜਾਕਿਆਂ ਸਮੇਤ ਇਹ ਗਿਣਤੀ 1 ਲੱਖ 70000 ਤੋਂ ਵੀ ਟੱਪ ਜਾਂਦੀ ਹੈ। ਇੱਕ ਰਿਪੋਰਟ ਮੁਤਾਬਕ 2021 ਤੱਕ ਦੇਸ਼ ਦੇ ਸ਼ਰਨਾਰਥੀਆਂ ਦੀ ਗਿਣਤੀ ਲਗਭਗ 26 ਲੱਖ ਸੀ ਜਦਕਿ 40 ਲੱਖ ਤੋਂ ਵੱਧ ਲੋਕਾਂ ਨੂੰ ਦੇਸ਼ ਦੇ ਅੰਦਰ ਹੀ ਆਪਣਾ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਅਮਰੀਕੀ ਸਾਮਰਾਜੀਆਂ ਅਤੇ ਇਸ ਦੇ ਭਾਈਵਾਲਾਂ ਦੇ ਕੁਕਰਮਾਂ ਤੋਂ ਤੰਗ ਆਏ ਲੋਕਾਂ ਨੇ ਸੰਘਰਸ਼ ਲੜਿਆ ਅਤੇ 2021 ਵਿੱਚ ਅਮਰੀਕਾ ਨੂੰ ਅਫ਼ਗਾਨਿਸਤਾਨ ਵਿੱਚੋਂ ਭੱਜਣ ਲਈ ਮਜਬੂਰ ਹੋਣਾ ਪਿਆ।

ਇਹ ਅਮਰੀਕੀ ਸਾਮਰਾਜ ਅਤੇ ਇਸ ਦੇ ਭਾਈਵਾਲਾਂ ਵੱਲੋਂ ਦੂਜੇ ਮੁਲਕਾਂ 'ਤੇ ਥੋਪੀਆਂ ਜੰਗਾਂ ਦੀਆਂ ਕੁਝ ਉਦਾਹਰਨਾਂ ਹਨ ਜਿਨ੍ਹਾਂ ਵਿੱਚ ਲੱਖਾਂ ਲੋਕਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ ਹਨ। ਇਸ ਤੋਂ ਬਿਨਾਂ ਲੀਬੀਆ, ਪਨਾਮਾ, ਚਿੱਲੀ, ਯਮਨ, ਗੁਆਟੇਮਾਲਾ, ਕਿਊਬਾ, ਸੀਰੀਆ ਆਦਿ ਸਮੇਤ ਅਮਰੀਕੀ ਸਾਮਰਾਜੀਆਂ ਦੇ ਕੁਕਰਮਾਂ ਦਾ ਲੰਮਾ ਇਤਿਹਾਸ ਹੈ। 1950 ਤੋਂ ਬਾਅਦ ਆਰਥਿਕ ਮੁਨਾਫਿਆਂ ਅਤੇ ਸਿਆਸੀ ਚੌਧਰ ਦੀ ਸਥਾਪਤੀ ਲਈ ਅਮਰੀਕੀ ਸਾਮਰਾਜ 200 ਤੋਂ ਵੱਧ ਜੰਗਾਂ ਜਾਂ ਹਮਲਿਆਂ, ਹਵਾਈ ਹਮਲਿਆਂ, ਤਖ਼ਤਾਪਲਟ, ਫੌਜੀ ਘੇਰਾਬੰਦੀ ਕਰਨ ਆਦਿ ਦਾ ਹਿੱਸੇਦਾਰ ਰਿਹਾ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਦੁਨੀਆ ਦਾ ਚੌਧਰੀ ਬਣ ਕੇ ਉੱਭਰਿਆ ਅਮਰੀਕੀ ਸਾਮਰਾਜ ਦੁਨੀਆ ਦੇ ਅੱਡੋ-ਅੱਡ ਖਿੱਤਿਆਂ 'ਤੇ ਕਬਜ਼ਿਆਂ, ਜ਼ਮੀਨੀ ਵੰਡ, ਕੁਦਰਤੀ ਸਰੋਤਾਂ ਨੂੰ ਹੜੱਪਣ ਲਈ ਉਨ੍ਹਾਂ ਨੂੰ ਲਗਾਤਾਰ ਜੰਗਾਂ ਜਾਂ ਜੰਗੀ ਮਾਹੌਲ ਵਿੱਚ ਝੋਕ ਰਿਹਾ ਹੈ।

***

ਕੀ ਹੈ 'ਵੱਡਾ ਬਾਜ਼ਾਰ'

ਹੁਣ ਵਿਕਾਸ ਦਾ ਮਤਲਬ ਸਿਰਫ਼ ਜ਼ਿਆਦਾ ਖ਼ਰੀਦਣਾ ਅਤੇ ਵੇਚਣਾ ਨਹੀਂ ਹੈ। ਇਸ ਦਾ ਮਤਲਬ ਹੈ ਆਪਣੇ ਦੇਸ਼ ਨੂੰ ਹਰ ਤਰ੍ਹਾਂ ਦੇ ਸੰਕਟ ਲਈ ਤਿਆਰ ਕਰਨਾ। ਊਰਜਾ ਹੋਵੇ, ਡਾਟਾ ਜਾਂ ਸਿਹਤ ਸੇਵਾਵਾਂ ਹੋਣ, ਹਰ ਖੇਤਰ ਵਿੱਚ ਸਾਨੂੰ ਮਜ਼ਬੂਤ ਬਣਨਾ ਪਵੇਗਾ। ਭਾਰਤ ਲਈ ਸਹੀ ਰਸਤਾ ਉਹੀ ਹੈ ਜਿਸ ਵਿੱਚ ਬਾਜ਼ਾਰ ਦੀ ਤਾਕਤ ਵੀ ਹੋਵੇ ਅਤੇ ਰਾਜ ਦੀ ਸਮਝ ਵੀ। ਜਿੱਥੇ ਨਿੱਜੀ ਖੇਤਰ ਅੱਗੇ ਵਧੇ ਪਰ ਰਾਸ਼ਟਰ ਦੇ ਹਿੱਤ ਵੀ ਪਿੱਛੇ ਨਾ ਛੁੱਟਣ। ਦੁਨੀਆ ਨਾਲ ਵੀ ਜੁੜੇ ਰਹੀਏ ਪਰ ਸਵੈ-ਨਿਰਭਰਤਾ ਵੀ ਬਣੀ ਰਹੇ। ਜੇਕਰ ਅਸੀਂ ਇਹ ਸੰਤੁਲਨ ਬਣਾ ਸਕੇ ਤਾਂ ਭਾਰਤ ਸਿਰਫ਼ ਇੱਕ ਵੱਡਾ ਬਾਜ਼ਾਰ ਨਹੀਂ ਰਹੇਗਾ, ਸਗੋਂ ਇੱਕ ਮਜ਼ਬੂਤ ਤੇ ਸਵੈ-ਭਰੋਸੇ ਨਾਲ ਭਰਪੂਰ ਰਾਸ਼ਟਰ ਬਣ ਕੇ ਵੀ ਉੱਭਰੇਗਾ।

***

ਗੰਭੀਰ ਹੋ ਰਹੀ ਹੈ

ਜਦਕਿ ਸਾਡੇ ਲੱਖਾਂ ਮਾਹਿਰ ਇੰਜੀਨੀਅਰ ਅਮਰੀਕਾ-ਕੈਨੇਡਾ ਵਰਗੇ ਦੇਸ਼ਾਂ ਵਿੱਚ ਕਾਰਜਸ਼ੀਲ ਹਨ।

ਪੰਜਾਬ ਵਿੱਚ ਸਮੇਂ-ਸਮੇਂ 'ਤੇ ਸਰਕਾਰਾਂ ਨੇ ਬੇਰੁਜ਼ਗਾਰ ਨੌਜਵਾਨਾਂ ਵਾਸਤੇ ਭੱਤੇ ਦੇ ਐਲਾਨ ਕੀਤੇ, ਜਿਨ੍ਹਾਂ ਵਿੱਚ ਇਹ ਭੱਤਾ 2500 ਤੱਕ ਦੇਣ ਦਾ ਵਾਅਦਾ ਕੀਤਾ ਜਾਂਦਾ ਰਿਹਾ। ਸਾਲ 2025 ਵਿੱਚ ਜਾਰੀ ਹੋਏ ਅੰਕੜਿਆਂ ਅਨੁਸਾਰ ਇਹ ਖ਼ਬਰ ਸੁਣ ਕੇ ਸਾਰੇ ਹੈਰਾਨ ਹੋ ਗਏ ਕਿ ਪੂਰੇ ਪੰਜਾਬ ਵਿੱਚ ਸਿਰਫ਼ ਇੱਕ ਨੌਜਵਾਨ ਬੇਕਾਰੀ ਭੱਤਾ ਲੈ ਰਿਹਾ ਹੈ। ਜਦਕਿ ਸਵਾ ਲੱਖ ਨੌਜਵਾਨ ਇਸ ਬੇਰੁਜ਼ਗਾਰੀ ਭੱਤੇ ਦਾ ਲਾਭ ਲੈਣ ਦੇ ਯੋਗ ਹੀ ਨਹੀਂ।

ਭੱਤੇ ਦੀ ਅਯੋਗਤਾ ਦਾ ਕਾਰਨ ਇਹ ਹੈ ਕਿ 1979 ਵਿੱਚ ਬਣਾਏ ਗਏ ਨਿਯਮਾਂ ਅਨੁਸਾਰ ਤਿੰਨ ਸਾਲ ਤੱਕ ਬੇਰੁਜ਼ਗਾਰ ਦਾ ਰੁਜ਼ਗਾਰ ਦਫ਼ਤਰ ਵਿੱਚ ਨਾਂਅ ਰਜਿਸਟਰ ਰਹਿਣ ਤੋਂ ਬਾਅਦ ਹੀ ਉਹ ਇਸ ਦੇ ਯੋਗ ਹੁੰਦਾ ਹੈ। ਜਿਸ ਦੇ ਪਰਿਵਾਰ ਦੀ ਪ੍ਰਤੀ ਦਿਨ ਆਮਦਨ 33 ਰੁਪਏ ਤੋਂ ਘੱਟ ਹੋਵੇ ਉਹ ਇਸ ਨੂੰ ਪ੍ਰਾਪਤ ਕਰ ਸਕਦਾ ਹੈ। 1979 ਵਿੱਚ ਬਣਾਏ ਗਏ ਇਹ ਨਿਯਮ ਅੱਜ ਵੀ ਉਸੇ ਤਰ੍ਹਾਂ ਲਾਗੂ ਹਨ। ਕਿਸੇ ਸਰਕਾਰ ਨੇ ਇਨ੍ਹਾਂ ਵਿੱਚ ਸੋਧ ਕਰਨ ਦੀ ਖੇਚਲ ਹੀ ਨਹੀਂ ਕੀਤੀ। ਤੁਸੀਂ ਖ਼ੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਅੱਜ ਦੇ ਮਹਿੰਗਾਈ ਦੇ ਜ਼ਮਾਨੇ ਵਿੱਚ ਇਹ ਲਾਭ ਕੌਣ ਲੈ ਸਕਦਾ ਹੈ।

ਪੰਜਾਬ ਦਾ ਇਕਲੌਤਾ ਬੇਰੁਜ਼ਗਾਰੀ ਲਾਭਪਾਤਰੀ ਅੰਮ੍ਰਿਤਸਰ ਦਾ ਲਾਲ ਬਹਾਦਰ ਸ਼ਾਸਤਰੀ ਹੈ ਜਿਸ ਨੂੰ 150 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਮਿਲ ਰਿਹਾ ਹੈ। ਇਸ ਤੋਂ ਪਹਿਲਾਂ ਮੋਗਾ ਜ਼ਿਲ੍ਹੇ ਦਾ ਸੰਦੀਪ ਸਿੰਘ ਭੱਤਾ ਲੈ ਰਿਹਾ ਸੀ ਜੋ ਕੁਝ ਸਾਲ ਪਹਿਲਾਂ ਨਿਯਮਾਂ ਦੀ ਪੂਰਤੀ ਨਾ ਹੋਣ ਕਾਰਨ ਬੰਦ ਕਰ ਦਿੱਤਾ ਗਿਆ।

ਪੰਜਾਬ ਸਰਕਾਰ ਦੇ ਪੋਰਟਲ ਅਨੁਸਾਰ ਰੁਜ਼ਗਾਰ ਲੈਣ ਵਾਲਿਆਂ ਦੀ ਲਾਈਨ ਵਿੱਚ 22.12 ਲੱਖ ਨੌਜਵਾਨ ਦਰਜ ਹਨ। ਦੇਸ਼ ਦੇ ਨੌਜਵਾਨ ਬੇਰੁਜ਼ਗਾਰਾਂ ਵੱਲੋਂ ਨਿੱਤ ਸਰਕਾਰੇ-ਦਰਬਾਰੇ ਹੁੰਦੇ ਮੁਜ਼ਾਹਰੇ ਅਤੇ ਹੜਤਾਲਾਂ ਦੱਸ ਰਹੇ ਹਨ ਕਿ ਉਨ੍ਹਾਂ ਦੀ ਹਾਲਤ ਕਿੰਨੀ ਤਰਸਯੋਗ ਹੈ। ਸਰਕਾਰਾਂ ਨੂੰ ਉਨ੍ਹਾਂ 'ਤੇ ਰੱਤੀ ਵੀ ਤਰਸ ਨਹੀਂ ਆਉਂਦਾ ਕਿ ਪੜ੍ਹੀ-ਲਿਖੀ ਜਨਤਾ ਨੂੰ ਰੁਜ਼ਗਾਰ ਦੇਈਏ ਅਤੇ ਉਨ੍ਹਾਂ ਦਾ ਸਵੈਮਾਣ ਕਾਇਮ ਕਰੀਏ।

ਬੇਰੁਜ਼ਗਾਰੀ ਦੇ ਆਲਮ ਕਾਰਨ ਹੀ ਪਿਛਲੇ ਸਾਲਾਂ ਵਿੱਚ ਦੇਸ਼ ਵਿੱਚੋਂ ਲੱਖਾਂ ਨੌਜਵਾਨ ਸਿੱਧੇ ਅਤੇ ਅਸਿੱਧੇ ਢੰਗ ਨਾਲ ਵਿਦੇਸ਼ੀ ਧਰਤੀਆਂ 'ਤੇ ਵੀ ਪੁੱਜੇ, ਜਿਨ੍ਹਾਂ ਦੀ ਹਾਲਤ ਬਾਰੇ ਅਸੀਂ ਸਾਰੇ ਜਾਣਦੇ ਹਾਂ। ਦੇਸ਼ ਦੀ ਜਵਾਨੀ ਅਤੇ ਲਿਆਕਤ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਜੇਕਰ ਅਸੀਂ ਉਨ੍ਹਾਂ ਦੀਆਂ ਯੋਗਤਾਵਾਂ ਅਤੇ ਕਲਾਵਾਂ ਨੂੰ ਸਹੀ ਦਿਸ਼ਾ ਦਾ ਮੋੜਾ ਨਹੀਂ ਦਿੰਦੇ ਤਾਂ ਉਸ ਦਾ ਦੇਸ਼-ਦੁਨੀਆ ਲਈ ਨੁਕਸਾਨ ਹੀ ਨੁਕਸਾਨ ਹੈ।

ਉੱਚੀ ਤੇ ਸੁੱਚੀ ਸੋਚ ਦੇ ਮਾਲਕ ਇਹ ਨੌਜਵਾਨ ਸਮਾਜ ਨੂੰ ਬਿਹਤਰ ਲੀਹਾਂ ਪ੍ਰਦਾਨ ਕਰਨ ਦੀ ਯੋਗਤਾ ਰੱਖਦੇ ਹਨ ਪਰ ਸਰਕਾਰਾਂ ਕੋਲ ਉਨ੍ਹਾਂ ਦੀ ਯੋਗਤਾ ਨੂੰ ਸਹੀ ਢੰਗ ਨਾਲ ਵਰਤਣ ਦੀਆਂ ਯੋਜਨਾਵਾਂ ਦੀ ਕਮੀ ਹੈ। ਸਰਕਾਰੀ ਨੀਤੀਆਂ ਸਪੱਸ਼ਟ ਕਰਦੀਆਂ ਹਨ ਕਿ ਉਹ ਆਦਰਸ਼ ਨਾਗਰਿਕ ਸਿਰਜਣ ਦੀ ਬਜਾਏ ਸਿਰਫ਼ ਮੂਰਖ ਵੋਟਰ ਤਿਆਰ ਕਰ ਰਹੀਆਂ ਹਨ, ਜਿਨ੍ਹਾਂ ਤੋਂ ਉਹ ਆਪਣੀ ਮਰਜ਼ੀ ਅਨੁਸਾਰ ਵੋਟ ਪਵਾ ਸਕਣ।

****

ਬੇਅਦਬੀ ਵਿਰੋਧੀ ਕਾਨੂੰਨ ਬਣਨ ਤੋਂ

ਪੇਸ਼ੇ ਤੋਂ ਡੇਅਰੀ ਮਾਲਕ ਅਤੇ ਕਿਸਾਨ ਖ਼ਾਲਸਾ ਨੇ ਦੱਸਿਆ ਕਿ ਸੂਬੇ ਵਿੱਚ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਨੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ ਸੀ, ਜਿਸ ਕਾਰਨ ਉਨ੍ਹਾਂ ਨੇ ਘਰ-ਬਾਰ ਛੱਡ ਕੇ ਸੰਘਰਸ਼ ਦਾ ਰਾਹ ਚੁਣਿਆ। ਹੁਣ ਸਮਾਣਾ ਟਾਵਰ ਮੋਰਚਾ ਦੇ ਮੈਂਬਰਾਂ ਵੱਲੋਂ ਪ੍ਰਦਰਸ਼ਨ ਵਾਲੀ ਥਾਂ 'ਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਤੋਂ ਬਾਅਦ ਇਹ ਧਰਨਾ ਅਧਿਕਾਰਤ ਤੌਰ 'ਤੇ ਸਮਾਪਤ ਹੋ ਗਿਆ।

***

ਅਮਰੀਕਾ ਦੀ ਤਰੱਕੀ ਵਿੱਚ ਪ੍ਰਵਾਸੀਆਂ ਦਾ ਵੱਡਾ

ਸਗੋਂ ਆਪਣੀ ਸੇਵਾ ਅਤੇ ਨਵੀਨਤਾ ਰਾਹੀਂ ਉਸ ਨੂੰ ਮਜ਼ਬੂਤ ਬਣਾਉਂਦੇ ਹਨ।

ਇਲੀਨੌਏ ਤੋਂ ਡੈਮੋਕ੍ਰੇਟ ਸੰਸਦ ਮੈਂਬਰ ਰਾਜਾ ਕ੍ਰਿਸ਼ਨਮੂਰਤੀ ਨੇ ਇਸ ਨੂੰ ਖੁੱਲ੍ਹੇਆਮ ਨਸਲਵਾਦੀ ਬਕਵਾਸ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਲੱਖਾਂ ਭਾਰਤੀ-ਅਮਰੀਕੀਆਂ ਅਤੇ ਭਾਰਤ ਵਰਗੇ ਮਜ਼ਬੂਤ ਸਾਂਝੇਦਾਰ ਦਾ ਅਪਮਾਨ ਹਨ।

ਡੈਮੋਕ੍ਰੇਟ ਨੈਸ਼ਨਲ ਕਮੇਟੀ ਦੇ ਅਜੇ ਭੁਟੋਰੀਆ ਨੇ ਇਸ ਬਿਆਨ ਨੂੰ ਹਕੀਕਤ ਤੋਂ ਕੋਹਾਂ ਦੂਰ ਦੱਸਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਲੈਪਟਾਪ ਵਾਰੀਅਰਜ਼ ਕਿਹਾ ਜਾ ਰਿਹਾ ਹੈ, ਉਹ ਅਸਲ ਵਿੱਚ ਅਲਫਾਬੇਟ, ਮਾਈਕ੍ਰੋਸਾਫਟ ਅਤੇ ਅਡੋਬ ਵਰਗੀਆਂ ਵੱਡੀਆਂ ਕੰਪਨੀਆਂ ਦੇ 35® ਹਨ। ਅਮਰੀਕਾ ਦੇ 10% ਤੋਂ ਵੱਧ ਯੂਨੀਕੋਰਨ ਸਟਾਰਟਅੱਪ ਭਾਰਤੀ ਮੂਲ ਦੇ ਉੱਦਮੀਆਂ ਨੇ ਸ਼ੁਰੂ ਕੀਤੇ ਹਨ।

1.5% ਆਬਾਦੀ ਹੋਣ ਦੇ ਬਾਵਜੂਦ ਇਨਕਮ ਟੈਕਸ 'ਚ 6% ਦਾ ਯੋਗਦਾਨ

ਕੁੱਲ ਆਬਾਦੀ ਵਿੱਚ ਸਿਰਫ਼ 1.5% ਹੋਣ ਦੇ ਬਾਵਜੂਦ, ਇਹ ਭਾਈਚਾਰਾ ਦੇਸ਼ ਦੇ ਕੁੱਲ ਇਨਕਮ ਟੈਕਸ ਵਿੱਚ 6% ਦਾ ਯੋਗਦਾਨ ਪਾਉਂਦਾ ਹੈ। ਭੁਟੋਰੀਆ ਨੇ ਕਿਹਾ ਕਿ ਇਹ ਲੋਕ ਨੌਕਰੀਆਂ ਪੈਦਾ ਕਰਦੇ ਹਨ ਅਤੇ ਅਰਥਵਿਵਸਥਾ ਨੂੰ ਗਤੀ ਦਿੰਦੇ ਹਨ, ਜੋ ਕਿ ਹਿੰਸਾ ਫੈਲਾਉਣ ਵਾਲਿਆਂ ਨਾਲੋਂ ਕਿਤੇ ਬਿਹਤਰ ਹਨ।

ਅਮਰੀਕਾ ਵਿੱਚ ਹਿੰਦੂਆਂ ਦੀ ਸਭ ਤੋਂ ਵੱਡੀ ਸੰਸਥਾ ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਇਸ ਬਿਆਨ ਨੂੰ ਨਫ਼ਰਤ ਭਰਿਆ ਅਤੇ ਨਸਲਵਾਦੀ ਕਰਾਰ ਦਿੱਤਾ ਹੈ। ਸੰਸਥਾ ਨੇ ਕਿਹਾ ਕਿ ਟਰੰਪ ਨੂੰ ਇਹ ਪੋਸਟ ਤੁਰੰਤ ਹਟਾਉਣੀ ਚਾਹੀਦੀ ਹੈ, ਕਿਉਂਕਿ ਇਸ ਨਾਲ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਖ਼ਤਰਾ ਵੱਧ ਸਕਦਾ ਹੈ।

ਇਰਾਨ ਦੇ ਕੌਂਸਲੇਟ ਦਾ ਤਨਜ

ਮੁੰਬਈ ਸਥਿਤ ਇਰਾਨ ਦੇ ਕੌਂਸਲੇਟ ਨੇ ਸੋਸ਼ਲ ਮੀਡੀਆ 'ਤੇ ਵਿਅੰਗ ਕਰਦਿਆਂ ਲਿਖਿਆ ਕਿ ਟਰੰਪ ਨੂੰ ਭਾਰਤ ਦੀ ਯਾਤਰਾ ਕਰਨੀ ਚਾਹੀਦੀ ਹੈ। ਪੋਸਟ ਵਿੱਚ ਕਿਹਾ ਗਿਆ ਕਿ ਕੋਈ ਟਰੰਪ ਲਈ 'ਕਲਚਰ ਡਿਟੌਕਸ ਟ੍ਰਿਪ' ਬੁੱਕ ਕਰ ਦੇਵੇ, ਜਿਸ ਨਾਲ ਉਨ੍ਹਾਂ ਦੀਆਂ ਬਕਵਾਸ ਗੱਲਾਂ ਘੱਟ ਹੋ ਸਕਦੀਆਂ ਹਨ। ਕਦੇ ਭਾਰਤ ਆ ਕੇ ਦੇਖੋ, ਫਿਰ ਬੋਲਣਾ। ਦੂਤਾਵਾਸ ਨੇ ਮਹਾਰਾਸ਼ਟਰ ਦੀ ਸੱਭਿਆਚਾਰਕ ਵਿਰਾਸਤ ਦੀ ਇੱਕ ਵੀਡੀਓ ਵੀ ਸਾਂਝੀ ਕੀਤੀ।

ਭਾਰਤ ਦਾ ਕਰਾਰਾ ਜਵਾਬ ਅਤੇ ਆਰਥਿਕ ਤਾਕਤ

ਭਾਰਤ ਸਰਕਾਰ ਨੇ ਇਨ੍ਹਾਂ ਟਿੱਪਣੀਆਂ ਨੂੰ ਅਣਜਾਣ, ਅਣਉਚਿਤ ਅਤੇ ਸਵਾਦਹੀਣ ਦੱਸਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਇਹ ਬਿਆਨ ਭਾਰਤ-ਅਮਰੀਕਾ ਸਬੰਧਾਂ ਦੀ ਅਸਲੀਅਤ ਨੂੰ ਨਹੀਂ ਦਰਸਾਉਂਦੇ, ਜੋ ਕਿ ਆਪਸੀ ਸਨਮਾਨ ਅਤੇ ਸਾਂਝੇ ਹਿੱਤਾਂ 'ਤੇ ਟਿਕੇ ਹੋਏ ਹਨ। ਭਾਰਤ ਆਪਣੀ ਆਰਥਿਕ ਤਾਕਤ ਨਾਲ ਦੁਨੀਆ ਵਿੱਚ ਛਾਪ ਛੱਡ ਰਿਹਾ ਹੈ।

ਵਰਤਮਾਨ ਵਿੱਚ ਇਹ ਦੁਨੀਆ ਦੀ ਛੇਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਅਨੁਮਾਨ ਮੁਤਾਬਕ, 2027-28 ਤੱਕ ਭਾਰਤ 5 ਟ੍ਰਿਲੀਅਨ ਡਾਲਰ ਦੀ ਜੀਡੀਪੀ ਦੇ ਨਾਲ ਤੀਜੇ ਸਥਾਨ 'ਤੇ ਪਹੁੰਚ ਸਕਦਾ ਹੈ।

ਦੇਸ਼ ਜੈਨੇਰਿਕ ਦਵਾਈਆਂ ਦਾ ਸਭ ਤੋਂ ਵੱਡਾ ਸਪਲਾਇਰ ਹੈ ਅਤੇ ਵਿਸ਼ਵ ਪੱਧਰ 'ਤੇ 60% ਵੈਕਸੀਨ ਉਤਪਾਦਨ ਇੱਥੇ ਹੀ ਹੁੰਦਾ ਹੈ। 19 ਹੁਨਰ ਵਿੱਚ ਭਾਰਤ ਤੀਜੇ ਸਥਾਨ 'ਤੇ ਹੈ, ਜਦਕਿ ਵਿਸ਼ਵ ਆਰਥਿਕ ਵਿਕਾਸ ਵਿੱਚ ਇਸਦਾ ਯੋਗਦਾਨ ਦੂਜੇ ਨੰਬਰ 'ਤੇ ਹੈ।

***

ਅਗਲੀ ਵਾਰ ਪੰਜਾਬ 'ਚ ਪੰਥਕ ਪਾਰਟੀ

ਰੋਸ਼ਨ ਸਿੰਘ ਸਾਗਰ, ਰਾਜੀਵ ਕੁਮਾਰ ਲਵਲੀ, ਸੰਦੀਪ ਸਿੰਘ ਰੁਪਾਲੋਂ ਅਤੇ ਗੁਰਪ੍ਰੀਤ ਸਿੰਘ ਸੋਨੂੰ ਨੇ ਕਿਹਾ ਕਿ ਅੱਜ ਦਾ ਇਕੱਠ ਸਾਫ਼ ਤੌਰ 'ਤੇ ਦਰਸਾ ਰਿਹਾ ਹੈ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ 'ਚ ਪੰਥਕ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦਾ ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰਤੀ ਲਗਾਤਾਰ ਸਮਰਥਨ ਵਧ ਰਿਹਾ ਹੈ। ਇਸ ਮੌਕੇ ਐਡਵੋਕੇਟ ਇੰਦਰਜੀਤ ਸਿੰਘ, ਜਸਬੀਰ ਸਿੰਘ ਲੁਧਿਆਣਾ, ਸ਼ੁਭਮ ਸ਼ਰਮਾ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਪਰਮਿੰਦਰ ਸਿੰਘ, ਕਮਲਜੀਤ ਸਿੰਘ, ਜੁਗਰਾਜ ਸਿੰਘ, ਨਰਿੰਦਰ ਸਿੰਘ, ਮਨਜਿੰਦਰ ਪਾਲ ਸਿੰਘ, ਗੁਰਲਾਲ ਸਿੰਘ, ਲਖਵਿੰਦਰ ਸਿੰਘ, ਜਗਰੂਪ ਸਿੰਘ, ਕਿਰਪਾਲ ਸਿੰਘ, ਪ੍ਰਗਟ ਸਿੰਘ ਅਤੇ ਅਵਤਾਰ ਸਿੰਘ ਹਾਜ਼ਰ ਸਨ।

***

ਭਾਰਤ 'ਚ ਡਰੈੱਸ ਕੋਡ ਦੇ ਬਹਾਨੇ

ਸਿੱਖਾਂ ਦੇ ਮਾਮਲੇ ਵਿੱਚ, ਭਾਰਤ ਸਰਕਾਰ ਅਕਸਰ ਉਦੋਂ ਹੀ ਹਰਕਤ ਵਿੱਚ ਆਉਂਦੀ ਹੈ ਜਦੋਂ ਸਿੱਖ ਸੰਸਥਾਵਾਂ ਜਾਂ ਸਿਆਸੀ ਦਬਾਅ ਪੈਂਦਾ ਹੈ। ਹੇਠਲੇ ਪੱਧਰ ਦੇ ਅਧਿਕਾਰੀ ਸੰਵਿਧਾਨਕ ਨਿਯਮਾਂ ਤੋਂ ਜਾਣੂ ਨਹੀਂ ਹੁੰਦੇ, ਜਿਸ ਕਾਰਨ ਉਹ ਸੁਰੱਖਿਆ ਦੇ ਨਾਂਅ 'ਤੇ ਸਿੱਖਾਂ ਨੂੰ ਪਰੇਸ਼ਾਨ ਕਰਦੇ ਹਨ। ਭਾਰਤ ਦੇ ਕਈ ਸੂਬਿਆਂ (ਜਿਵੇਂ ਦੱਖਣੀ ਜਾਂ ਪੂਰਬੀ ਭਾਰਤ) ਵਿੱਚ ਸੁਰੱਖਿਆ ਕਰਮਚਾਰੀ ਸਿੱਖ ਰਹਿਤ ਮਰਯਾਦਾ ਅਤੇ ਸੰਵਿਧਾਨ ਦੀ ਧਾਰਾ 25 ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ।

ਇਸ ਬਹਿਸ ਦਾ ਇੱਕ ਹੋਰ ਪਹਿਲੂ ਔਰਤਾਂ 'ਤੇ ਪਾਇਆ ਜਾਣ ਵਾਲਾ ਸਮਾਜਿਕ ਅਤੇ ਪਿਤਰੀ-ਸੱਤਾਵਾਦੀ ਦਬਾਅ ਹੈ।

***

ਬੰਗਾਲ ਦੀ ਜੰਗ: ਕੀ ਮੋਦੀ ਦੀ 'ਚਾਣਕਿਆ ਨੀਤੀ'

ਬੰਗਾਲ ਵਿੱਚ ਇਹ ਧਰੁਵੀਕਰਨ ਦੇ ਵਿਰੁੱਧ ਲਾਮਬੰਦੀ ਵੀ ਹੋ ਸਕਦਾ ਹੈ। ਜੇਕਰ ਮਮਤਾ ਬੈਨਰਜੀ 27 ਲੱਖ ਵੋਟਰਾਂ ਦੇ ਗੁੱਸੇ ਅਤੇ ਮਹਿਲਾ ਵੋਟਰਾਂ ਦੇ ਭਰੋਸੇ ਨੂੰ ਵੋਟਾਂ ਵਿੱਚ ਬਦਲਣ ਵਿੱਚ ਸਫਲ ਰਹਿੰਦੀ ਹੈ, ਤਾਂ ਮੋਦੀ ਦੀ ਸਿਆਸੀ ਚਾਲ ਫੇਲ੍ਹ ਹੋ ਸਕਦੀ ਹੈ।

ਪਰ ਜੇਕਰ ਭਾਜਪਾ ਦਾ ਚੁੱਪ ਵੋਟਰ ਅਤੇ ਸੱਤਾ ਵਿਰੋਧੀ ਲਹਿਰ ਅੰਦਰਖਾਤੇ ਕੰਮ ਕਰ ਰਹੀ ਹੈ, ਤਾਂ ਨਤੀਜੇ ਹੈਰਾਨੀਜਨਕ ਹੋ ਸਕਦੇ ਹਨ। ਫਿਲਹਾਲ, ਬੰਗਾਲ ਦਾ ਕਿਲ੍ਹਾ ਮਮਤਾ ਲਈ ਸੁਰੱਖਿਅਤ ਜਾਪਦਾ ਹੈ, ਪਰ ਭਾਜਪਾ ਨੇ ਜਿਸ ਤਰ੍ਹਾਂ ਦੀ ਘੇਰਾਬੰਦੀ ਕੀਤੀ ਹੈ, ਉਹ ਚੌਥੀ ਵਾਰ ਸੱਤਾ 'ਤੇ ਕਾਬਜ਼ ਹੋਣ ਦੇ ਰਾਹ ਵਿੱਚ ਵੱਡੀ ਚੁਣੌਤੀ ਹੈ।

ਬੰਗਾਲ ਦੀਆਂ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਅਤੇ ਖੱਬੇ ਪੱਖੀਆਂ ਦੀ ਸਥਿਤੀ ਕਾਫ਼ੀ ਬਦਲ ਚੁੱਕੀ ਹੈ। ਇਸ ਵਾਰ ਸਭ ਤੋਂ ਵੱਡੀ ਖ਼ਬਰ ਇਹ ਹੈ ਕਿ ਦੋਵਾਂ ਪਾਰਟੀਆਂ ਵਿਚਕਾਰ ਪਿਛਲਾ ਗਠਜੋੜ ਟੁੱਟ ਚੁੱਕਾ ਹੈ ਅਤੇ ਉਹ ਸੁਤੰਤਰ ਤੌਰ 'ਤੇ ਚੋਣਾਂ ਲੜ ਰਹੇ ਹਨ। ਕਾਂਗਰਸ ਨੇ ਇਸ ਵਾਰ ਖੱਬੇ ਪੱਖੀਆਂ ਨਾਲ ਗਠਜੋੜ ਨਾ ਕਰਨ ਦਾ ਫੈਸਲਾ ਕੀਤਾ ਹੈ ਅਤੇ ਸਾਰੀਆਂ 294 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਹਨ। ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮੁੜ ਸੁਰਜੀਤ ਕਰਨਾ ਅਤੇ ਟੀ.ਐਮ.ਸੀ. ਤੇ ਭਾਜਪਾ ਤੋਂ ਨਾਰਾਜ਼ ਵੋਟਰਾਂ ਨੂੰ ਆਪਣੇ ਵੱਲ ਖਿੱਚਣਾ। ਬੰਗਾਲ ਵਿੱਚ ਸਿਆਸਤ ਪੂਰੀ ਤਰ੍ਹਾਂ 'ਦੋ-ਧਰੁਵੀ' ਹੋ ਚੁੱਕੀ ਹੈ (ਟੀ.ਐਮ.ਸੀ. ਬਨਾਮ ਭਾਜਪਾ)। ਅਜਿਹੇ ਵਿੱਚ ਕਾਂਗਰਸ ਲਈ ਆਪਣੀ ਹੋਂਦ ਬਚਾਉਣਾ ਅਤੇ ਵੋਟ ਬੈਂਕ ਨੂੰ ਖਿੰਡਣ ਤੋਂ ਰੋਕਣਾ ਇੱਕ ਵੱਡੀ ਚੁਣੌਤੀ ਹੈ।

***

ਨੇਪਾਲ ਦੇ ਪ੍ਰਧਾਨ ਮੰਤਰੀ ਵੱਲੋਂ

ਉਨ੍ਹਾਂ ਨੂੰ ਸਿੱਧੀ ਫਾਂਸੀ ਦਿੱਤੀ ਜਾਵੇਗੀ। ਪੁਲਿਸ ਜਿਸ ਨੂੰ ਰਿਸ਼ਵਤ ਲੈਂਦੇ ਹੋਏ ਫੜੇਗੀ ਉਸ ਨੂੰ ਜ਼ਿੰਦਗੀ ਭਰ ਲਈ ਮੁਅੱਤਲ ਕਰ ਦਿੱਤਾ ਜਾਵੇਗਾ। ਕੋਈ ਵੀ ਸਰਕਾਰੀ ਕੰਮ ਆਨਲਾਈਨ ਹੋਵੇਗਾ ਅਤੇ ਸਾਰਾ ਕੰਮ 12 ਘੰਟਿਆਂ ਦੇ ਅੰਦਰ ਪੂਰਾ ਕੀਤਾ ਜਾਵੇਗਾ। ਸਾਰੇ ਮੰਦਰਾਂ ਵਿੱਚ ਵੀ.ਆਈ.ਪੀ. ਕਲਚਰ ਖ਼ਤਮ ਕਰ ਦਿੱਤਾ ਜਾਵੇਗਾ, ਨਿਯਮ ਸਭ ਲਈ ਇੱਕੋ ਜਿਹੇ ਹੋਣਗੇ, ਚਾਹੇ ਗਰੀਬ ਹੋਵੇ ਜਾਂ ਅਮੀਰ। ਸਾਰੇ ਹਸਪਤਾਲਾਂ ਵਿੱਚ 20% ਗਰੀਬਾਂ ਲਈ ਬੈੱਡ ਰਾਖਵੇਂ ਹੋਣਗੇ। ਕਿਸੇ ਵੀ ਨੇਤਾ ਦੀ ਮੀਟਿੰਗ ਲਈ ਕੋਈ ਰਸਤਾ ਬੰਦ ਨਹੀਂ ਕੀਤਾ ਜਾਵੇਗਾ। ਕਿਸੇ ਵੀ ਸਰਕਾਰੀ ਦਫ਼ਤਰ ਵਿੱਚ ਕਿਸੇ ਨੇਤਾ ਦੀ ਫੋਟੋ ਨਹੀਂ ਰੱਖੀ ਜਾਵੇਗੀ, ਸਿਰਫ਼ ਨੇਪਾਲ ਦਾ ਝੰਡਾ ਰੱਖਿਆ ਜਾਵੇਗਾ।

***

ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਨਵੇਂ ਮੈਨੇਜਰ

ਲੱਖਾਂ ਸੰਗਤਾਂ ਦੀ ਸਹੂਲਤ ਲਈ ਪ੍ਰਬੰਧਾਂ ਨੂੰ ਹੋਰ ਪਾਰਦਰਸ਼ੀ ਅਤੇ ਸੁਚਾਰੂ ਬਣਾਉਣਗੇ।

ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਨਿਮਰਤਾ ਅਤੇ ਇਮਾਨਦਾਰੀ ਨਾਲ ਨਿਭਾਉਣਗੇ। ਕਾਰਜਭਾਰ ਸੰਭਾਲਣ ਵੇਲੇ ਕਈ ਉੱਚ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

RAISING VOICE FOR TRUTH
ਹੋਕਾ TV

HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ
https://hokatv.com/guest/home